# ਬਾਰਹਮਾਹਾ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

## ਭਾਦੁਇ

*ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ॥*
*ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ॥*
*ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ॥*
*ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ॥*
*ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ॥*
*ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ॥*
*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥*
*ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ॥*
*ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ॥*

*ਅੰਗ - 134*

ਮੌਸਮ ਦਾ ਧਿਆਨ ਨਾ ਕਰਦੇ ਹੋਏ, ਆਪ ਦੂਰ ਦਰਾਜ ਤੋਂ ਭਾਦੋਂ ਦੀ ਸੰਗਰਾਂਦ ਦਾ ਦਿਹਾੜਾ ਮਨਾਉਣ ਵਾਸਤੇ, ਗੁਰੂ ਮਹਾਰਾਜ ਦਾ ਉਪਦੇਸ਼ ਸੁਣ ਕੇ ਆਪਣੇ ਜੀਵਨ ਨੂੰ ਸੇਧ ਦੇਣ ਵਾਸਤੇ ਪਹੁੰਚੇ ਓਂ। ਇਹ ਆਪ ਦੇ ਪਰਮ ਉਤਮ ਭਾਗ ਹਨ ਜਦੋਂ ਅਸੀਂ ਬਾਣੀ ਦੀ ਵਿਚਾਰ ਸਰਵਣ ਕਰੀਏ। ਸਤਿਸੰਗਤ ਓਹੀ ਹੁੰਦੀ ਹੈ ਜਿਥੇ ਨਾਮ ਦੀ ਵਿਚਾਰ ਹੁੰਦੀ ਹੈ।

*ਸਤਸੰਗਤਿ ਕੈਸੀ ਜਾਣੀਐ॥*
*ਜਿਥੈ ਏਕੋ ਨਾਮੁ ਵਖਾਣੀਐ॥* *ਅੰਗ - 72*

ਜਿਥੇ ਕੇਵਲ ਨਾਮ ਦੀ ਗੱਲ ਚਲਦੀ ਹੋਵੇ ਉਹਦਾ ਫਲ ਇਹ ਹੁੰਦਾ ਹੈ ਕਿ –

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥*

*ਅੰਗ - 546*

ਕਈ ਕਰੋੜ ਜਗਾਂ ਦਾ ਫਲ ਮਿਲ ਜਾਂਦਾ ਹੈ। ਸੰਸਾਰ ਸਾਗਰ ਦੇ ਵਿਚ ਅਸੀਂ ਡੁਬਕੀਆਂ ਮਾਰ ਰਹੇ ਹਾਂ ਕੋਈ ਕਿਨਾਰਾ ਨਹੀਂ ਮਿਲ ਰਿਹਾ। ਡੁੱਬ ਜਾਂਦੇ ਹਾਂ, ਫੇਰ ਨਵਾਂ ਸਰੀਰ ਮਿਲ ਜਾਂਦਾ ਹੈ, ਡੁੱਬ ਜਾਂਦੇ ਹਾਂ ਫੇਰ ਨਵਾਂ ਸਰੀਰ ਮਿਲ ਜਾਂਦਾ ਹੈ।

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥* *ਅੰਗ - 176*

ਬਾਣੀ ਨੂੰ ਸੁਣ ਕੇ ਵੱਡੇ ਤੋਂ ਵੱਡਾ ਜਿਹੜਾ ਮਹਾਂਪਾਪੀ ਹੈ ਉਹਦਾ ਵੀ ਉਧਾਰ ਹੋ ਜਾਂਦਾ ਹੈ। ਦੁਖ ਦੂਰ ਕਰਦੀ ਹੈ, ਵਿਘਨਾਂ ਦਾ ਨਾਸ਼ ਕਰਦੀ ਹੈ, ਜੋ ਇਛਿਆ ਹੋਵੇ ਉਹਨੂੰ ਪੂਰਾ ਕਰਦੀ ਹੈ, ਜਮਾਂ ਤੋਂ ਰੱਖਿਆ ਕਰਦੀ ਹੈ, ਨਾਮ ਇਹਦੇ ਵਿਚੋਂ ਪੈਦਾ ਹੁੰਦਾ ਹੈ –

*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ॥* *ਅੰਗ - 797*

ਬਾਣੀ ਸਾਨੂੰ ਰਾਹ ਪਾ ਦਿੰਦੀ ਹੈ। ਵੱਡੇ-ਵੱਡੇ ਠੱਗਾਂ ਨੂੰ, ਚੋਰਾਂ ਨੂੰ, ਪਰਮ ਪਵਿੱਤਰ ਹੋ ਜਾਂਦੇ ਨੇ ਸੁਣਨ ਵਾਲੇ। ਭਾਦੁਇ ਦੇ ਮਹੀਨੇ ਵਿਚ ਕੀ ਉਪਦੇਸ਼ ਦਿੰਦੇ ਨੇ ਗੁਰੂ ਸਾਹਿਬ ਉਹਦੇ ਵਾਸਤੇ ਆਪਾਂ ਇਥੇ ਪਹੁੰਚੇ ਹਾਂ। ਕਹਿੰਦੇ –

*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥*

*ਅੰਗ - 1377*

ਗੁਰੂ ਮਹਾਰਾਜ ਦੇ ਹਜ਼ੂਰ ਦੂਰ ਦਰਾਜ਼ ਤੋਂ ਸੰਗਤਾਂ ਆਉਂਦੀਆਂ ਨੇ। ਬਹੁਤ ਸਮਾਂ ਲਗਦਾ ਸੀ ਦੂਰ ਦਰਾਜ਼ ਤੋਂ ਆਉਣ ਨੂੰ। ਬਹੁਤਿਆਂ ਵਿਚ ਤਾਂ ਇਹ ਗੱਲ ਸੀ ਕਿ ਜਿਥੋਂ ਗੁਰੂ ਦਾ ਮੰਦਰ ਦਿਸ ਪੈਣਾ, ਉਥੋਂ ਆਪਣੇ ਸਾਥੀਆਂ ਨੂੰ ਕਪੜੇ ਫੜਾ ਕੇ, ਉਸ ਵੇਲੇ ਲੰਮੇ ਪੈ ਪੈ ਬੰਦਨਾ ਕਰਨੀ। ਪੈਦਲ ਤੁਰਨਾ ਨਹੀਂ ਹੈ, ਬੰਦਨਾ ਕਰਨੀ। ਸੋ ਇਸ ਤਰ੍ਹਾਂ ਦਾ ਰਿਵਾਜ ਹੋਇਆ ਕਰਦਾ ਸੀ ਉਨ੍ਹਾਂ ਦਿਨਾਂ 'ਚ। ਸੋ ਇਸ ਤਰ੍ਹਾਂ ਦੇ ਨਾਲ ਸੰਗਤ ਕਿਸੇ ਪਿੰਡ ਤੋਂ ਤੁਰੀ। ਉਨ੍ਹਾਂ ਦੇ ਵਿਚ ਕੋਈ ਐਸਾ ਪ੍ਰੇਮੀ ਰਲ ਗਿਆ ਜਿਹਦਾ ਗੁਰੂ ਨਾਲ ਤਾਂ ਕੋਈ ਪਿਆਰ ਨਹੀਂ ਸੀ। ਉਹ ਕਿਰਤ ਕਰਦਾ ਸੀ ਗਹਿਣੇ ਬਣਾਉਣ ਦੀ। ਗੱਲਾਂਬਾਤਾਂ ਦਾ ਬਹੁਤ ਹੁਸ਼ਿਆਰ ਸੀ। ਚਾਹੇ ਆਪਣਾ ਕੋਈ ਸਕਾ ਹੀ ਹੋਵੇ ਉਹਦੇ ਵੀ ਗਹਿਣੇ ਵਿਚ ਖੋਟ ਪਾ ਦਿਆ ਕਰਦਾ ਸੀ। ਆਪ ਉਹਨੇ ਬਹੁਤ ਸੋਹਣਾ ਘਰ ਪਾ ਲਿਆ, ਪਸ਼ੂ ਉਹਦੇ ਕੋਲ ਬਹੁਤ ਸੋਹਣੇ ਸੀ, ਸਹੂਲਤਾਂ ਸਾਰੀਆਂ ਸੀ। ਸੋ ਉਸ ਦਾ ਇਸ ਤਰ੍ਹਾਂ ਦਾ ਕਿੱਤਾ ਹੋਣ ਕਰਕੇ ਮਨ ਬਹੁਤ ਮੈਲਾ ਹੋ ਚੁੱਕਿਆ ਸੀ। ਉਹਦੇ ਮਨ ਵਿਚ ਆਇਆ ਕਿ ਸਿੱਖ ਜਿਹੜੇ ਨੇ ਬੜੇ ਸਿੱਧੇ ਸਾਧੇ ਤੇ ਭੋਲੇ ਨੇ। ਜੇ ਮੈਂ ਇਨ੍ਹਾਂ ਦੇ ਵਿਚ ਰਹਾਂ, ਇਨ੍ਹਾਂ ਦੇ ਗੁਰੂ ਦੇ ਕਰਾਂ ਦਰਸ਼ਨ ਤਾਂ ਮੇਰਾ ਕੰਮ ਹੋਰ ਚੱਲ ਸਕਦਾ ਹੈ।

ਐਸੀ ਸੋਚ ਵਾਲਾ ਇਕ ਗੁਰਮੁਖ ਪਿਆਰ ਜਿਹਦਾ ਨਾਮ ਭਾਈ ਬੋਹੜੂ ਸੀ। ਸੋਨੇ ਦਾ ਕੰਮ ਕਰਦਾ ਸੀ। ਉਹ ਗੁਰੂ ਮਹਾਰਾਜ ਦੇ ਹਜ਼ੂਰ ਪਹੁੰਚਦਾ ਹੈ ਗੁਰੂ ਪੰਜਵੇਂ ਪਾਤਸ਼ਾਹ

ਜੀ ਦੇ। ਜਿਸ ਵਕਤ ਉਥੇ ਜਾਂਦੇ ਨੇ ਉਥੇ ਸਮਾਗਮ ਹੈ, ਜਿਵੇਂ ਭਾਦੋਂ ਦੀ ਸੰਗਰਾਂਦ ਹੈ, ਉਪਦੇਸ਼ ਤਾਂ ਬਾਣੀ ਕੋਈ ਪੜ੍ਹ ਲਓ ਉਹਦੇ ਵਿਚੋਂ ਹੀ ਆ ਜਾਂਦਾ ਹੈ। ਉਸ ਵੇਲੇ ਬਚਨ ਹੋ ਰਹੇ ਸੀ ਕਿ ਪਿਆਰਿਓ ਇਹ ਜਿਹੜਾ ਜੀਵ ਹੈ ਸੰਸਾਰ ਤੇ ਆਉਂਦਾ ਹੈ। ਇਹਨੂੰ ਇਹ ਪਤਾ ਨਹੀਂ ਹੈ ਕਿ ਮੈਂ ਕੌਣ ਹਾਂ? ਇਹ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਕਹੀ ਜਾਂਦਾ ਹੈ। ਇਸ ਭਰਮ ਦੇ ਵਿਚ ਸਾਰਾ ਸੰਸਾਰ ਭੁੱਲਿਆ ਪਿਆ ਹੈ। ਇਹਦੇ ਨਾਲ ਹੁੰਦਾ ਕੀ ਹੈ? ਅਸਲ ਤਾਂ ਵਾਹਿਗੁਰੂ, ਸਤਿ। ਇਕ ਉਹ ਚੀਜ਼ ਹੈ ਜਿਹੜੀ ਪੈਦਾ ਹੁੰਦੀ ਹੈ, ਬਦਲ ਜਾਂਦੀ ਹੈ, ਬਚਪਨ ਆਉਂਦਾ ਹੈ, ਜਵਾਨੀ ਆਉਂਦੀ ਹੈ, ਬੁਢਾਪਾ ਆ ਜਾਂਦਾ ਹੈ ਫੇਰ ਮਰ ਜਾਂਦਾ ਹੈ ਫੇਰ ਵਿਛੜ ਜਾਂਦਾ ਹੈ। ਹੁਣ ਹੋਇਆ ਕੀ? ਜਿਹੜਾ ਤਾਂ ਮਿੱਤਰ ਹੈ –

*ਸੰਗਿ ਸਹਾਈ ਸੁ ਆਵੈ ਨ ਚੀਤਿ॥*
*ਜੋ ਬੈਰਾਈ ਤਾ ਸਿਉ ਪ੍ਰੀਤਿ॥* *ਅੰਗ - 267*

ਜਿਹੜਾ ਹਰ ਵਕਤ ਨਾਲ ਰਹਿਣ ਵਾਲਾ ਹੈ, ਕੋਈ ਵੀ ਜੂਨ ਮਿਲ ਜਾਵੇ, ਉਹਦੇ ਵਿਚ ਉਹਨੇ ਸਾਡੇ ਨਾਲ ਰਹਿਣਾ ਹੈ, ਉਹਦੇ ਨਾਲ ਤਾਂ ਸਾਡਾ ਪਿਆਰ ਨਹੀਂ ਪੈਂਦਾ। ਜਿਨ੍ਹਾਂ ਨੂੰ ਛੱਡ ਜਾਣਾ ਹੈ, ਉਨ੍ਹਾਂ ਨਾਲ ਸਾਡਾ ਪਿਆਰ ਹੈ। ਦਿਨ ਰਾਤ ਅਸੀਂ ਫਿਕਰ 'ਚ ਰਹਿੰਦੇ ਹਾਂ, ਕਦੇ ਬੱਚਿਆਂ ਦਾ ਫਿਕਰ ਹੈ, ਕਦੇ ਬਜ਼ੁਰਗ ਦਾ ਫਿਕਰ ਹੈ। ਫਿਕਰ ਹਟਦਾ ਹੀ ਨਹੀਂ। ਸੋ ਮਹਾਰਾਜ ਕਹਿੰਦੇ ਪਿਆਰਿਆ ਤੂੰ ਭੁੱਲ ਗਿਆ ਭਰਮ 'ਚ ਪੈ ਕੇ ਤੇ ਤੇਰਾ ਪਿਆਰ ਲੱਗ ਗਿਆ ਉਨ੍ਹਾਂ ਚੀਜ਼ਾਂ ਨਾਲ ਜਿਨ੍ਹਾਂ ਨੇ ਤੇਰੀ ਸਹਾਇਤਾ ਨਹੀਂ ਕਰਨੀ। ਤੂੰ ਦੇਹ ਨੂੰ ਸ਼ਿੰਗਾਰਦਾ ਹੈਂ ਅਨੇਕਾਂ ਤਰੀਕਿਆਂ ਨਾਲ। ਦੱਸ ਤਾਂ ਦੇਹ ਇਹ ਕਿਸ ਕੰਮ ਆਉਣਗੇ, ਜਦੋਂ ਤੂੰ ਛੱਡ ਹੀ ਜਾਣੀ ਹੈ ਇਹ ਦੇਹ? ਕੋਈ ਫਾਇਦਾ ਨਹੀਂ ਹੈ ਜੇ ਤੂੰ ਸ਼ਿੰਗਾਰ ਲਾਉਣਾ ਹੈ ਤਾਂ ਤੂੰ ਆਪਣੇ ਆਪ ਨੂੰ ਲਾ। ਆਪਣੇ ਆਪ ਨੂੰ ਪਛਾਣ। –

*ਭੈ ਕੀਆ ਦੇਹਿ ਸਲਾਈਆ*
*ਨੈਣੀ ਭਾਵ ਕਾ ਕਰਿ ਸੀਗਾਰੋ॥* *ਅੰਗ - 722*

ਪਿਆਰ ਦਾ ਸ਼ਿੰਗਾਰ ਲਾ, ਅਦਬ ਦੀਆਂ ਸਲਾਈਆਂ ਦੇਹ, ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਜਾਣ। ਇਸ ਤੋਂ ਵੱਡਾ ਸ਼ਿੰਗਾਰ ਨਹੀਂ ਹੈ ਕੋਈ।

ਮਹਾਰਾਜ ਕਹਿੰਦੇ ਪਿਆਰਿਆ! ਤੂੰ ਭੁੱਲ ਗਿਆ ਤੈਨੂੰ ਮਨੁੱਖ ਦਾ ਜਨਮ ਮਿਲਿਆ ਸੀ।

*ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ॥*
*ਅੰਗ - 134*

ਆਇਆ ਤਾਂ ਤੂੰ ਸੀ ਪ੍ਰਮੇਸ਼ਰ ਦਾ ਨਾਮ ਜਪਣ ਵਾਸਤੇ।

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥* *ਅੰਗ - 176*

ਬੜੀ ਦੇਰ ਤੋਂ ਬਾਅਦ ਤੈਨੂੰ ਮਨੁੱਖ ਦਾ ਜਾਮਾ ਮਿਲਿਆ ਸੀ, ਤੂੰ ਨਾਮ ਜਪਣਾ ਸੀ, ਬੰਦਗੀ ਕਰਨੀ ਸੀ, ਨੇਕ ਕੰਮ ਕਰਨੇ ਸੀ, ਸੋਚਦਾ ਸੀ ਕਿ ਜੰਮਣ ਮਰਨ ਦਾ ਚੱਕਰ ਮੇਰੇ ਗਲ 'ਚੋਂ ਕਿਵੇਂ ਲਹੇ। ਕੋਈ ਪਰਵਾਹ ਨਹੀਂ ਕਰਦਾ ਗੁਰੂ ਦੀ। ਮੱਥੇ ਟਿਕਾ ਲਓ ਜਿੰਨੇ ਟਿਕਾਉਣੇ ਨੇ, ਗੱਲ ਨਹੀਂ ਮੰਨਣੀ ਕੋਈ ਵੀ। ਮਹਾਰਾਜ ਕਹਿੰਦੇ ਭਟਕ ਗਿਆ ਤੂੰ, ਦੂਜੇ ਹੇਤ ਲਗ ਗਿਆ। ਪ੍ਰਮੇਸ਼ਰ ਨੂੰ ਛੱਡ ਦਿਤਾ। ਬਾਕੀ ਪਿਆਰ ਤਾਂ ਤੇਰੇ ਨਿਭਣੇ ਹਨ, ਇਹ ਤਾਂ ਜਿੰਨਾ ਚਿਰ ਤੱਕ ਤੇਰਾ ਸਰੀਰ ਹੈ ਓਨਾ ਕੁ ਚਿਰ ਤਕ ਨਿਭਦਾ ਹੈ। ਪਰ ਓਨਾ ਚਿਰ ਵੀ ਨਹੀਂ ਨਿਭਦਾ, ਜਦੋਂ ਤੂੰ ਹੋ ਗਿਆ ਨਾ 60 ਸਾਲ ਤੋਂ ਉਤੇ, ਫੇਰ ਤੇਰਾ ਜ਼ੋਰ ਘਟ ਜਾਣਾ ਹੈ। ਬੱਚੇ ਅੱਡ-ਅੱਡ ਹੋ ਗਏ ਤੇ ਬਿਮਾਰ ਹੋ ਜਾਂਦਾ ਹੈ ਬਜ਼ੁਰਗ। 70 ਸਾਲ ਦਾ ਹੋ ਗਿਆ ਕੋਈ ਵੀ ਲਾਗੂ ਨਹੀਂ ਬਣਦਾ। ਉਹ ਕਹਿੰਦਾ ਹੈ ਤੂੰ ਰੱਖ, ਉਹ ਕਹਿੰਦਾ ਹੈ ਤੂੰ ਰੱਖ। ਨੂੰਹਾਂ ਜਿਹੜੀਆਂ ਦੂਜੀਆਂ ਆਉਂਦੀਆਂ ਨੇ ਜ਼ਿੰਮੇਵਾਰੀ ਲੈਣ ਲਈ ਤਿਆਰ ਹੀ ਨਹੀਂ ਹੁੰਦੀਆਂ। ਉਹ ਦੁਖੀ ਹੁੰਦਾ ਹੈ ਕਿ ਸਾਰੀ ਜ਼ਿੰਦਗੀ ਇਨ੍ਹਾਂ ਤੇ ਲਾ ਦਿਤੀ, ਜਾਇਦਾਦ ਬਣਾ ਦਿਤੀ। ਵਾਹਵਾ-ਵਾਹਵਾ ਕਰਾ ਲਈ ਲੋਕਾਂ ਤੋਂ, ਬੜੀ ਜਾਇਦਾਦ ਬਣਾ ਲਈ, ਹੁਣ ਦੱਸ ਕਿਸ ਕੰਮ ਆਈ? ਇਹ ਤਾਂ ਪੁਛਦੇ ਤਕ ਨਹੀਂ। ਪਾਣੀ ਦੇਣ ਨੂੰ ਤਿਆਰ ਨਹੀਂ, ਬਿਮਾਰ ਹੋਏ ਹੋਏ ਨੂੰ। ਫੇਰ ਕਹਿੰਦੇ ਜਨਮ ਗਵਾ ਲਿਆ –

*ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ॥*
*ਅੰਗ - 134*

ਸ਼ਿੰਗਾਰ ਲਾਉਂਦਾ ਸੀ। ਹੁਣ ਸ਼ਿੰਗਾਰ ਲਾਏ ਹੋਏ ਵੀ ਸਜਦੇ ਨਹੀਂ ਹਨ।

*ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ॥*
*ਅੰਗ - 134*

ਉਸੇ ਵੇਲੇ ਹੀ ਤੂੰ ਪ੍ਰੇਤ ਬਣ ਜਾਏਗਾ।

ਜਿਹਦੇ ਨਾਲ ਸਭ ਤੋਂ ਜ਼ਿਆਦਾ ਪਿਆਰ ਸੀ, ਉਹ

ਵੀ ਪ੍ਰੇਤ ਕਹਿਣ ਲਗ ਗਈ। ਡਰਦੀ ਹੈ ਕਿ ਰਾਤ ਸੁਪਨੇ 'ਚ ਆਇਆ ਸੀ। ਖੁਸ਼ ਨਹੀਂ ਹੁੰਦੇ, ਔਖੇ ਹੁੰਦੇ ਨੇ। ਮਹਾਰਾਜ ਕਹਿੰਦੇ ਫੇਰ –

*ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ॥*
*ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ॥*

*ਅੰਗ - 134*

ਉਹ ਛੱਡ ਕੇ ਪਾਸੇ ਹੋ ਗਏ ਜਿਨ੍ਹਾਂ ਨਾਲ ਪਿਆਰ ਪਾਇਆ ਸੀ।

ਮਹਾਰਾਜ ਕਹਿੰਦੇ ਇਹ ਗੱਲਾਂ ਨੇ ਨਾ ਜੋ ਸਾਰੀਆਂ ਇਨ੍ਹਾਂ ਨੂੰ ਸਮਝ ਤੂੰ। ਹੁਣ ਤੈਨੂੰ ਤਾਂ ਬੰਨ੍ਹ ਰਹੇ ਨੇ ਜਮ ਤੇ ਹੰਟਰ ਤੇ ਹੰਟਰ ਪੈ ਰਿਹਾ ਹੈ।

*ਕਬੀਰ ਜਮ ਕਾ ਠੇਂਗਾ ਬੁਰਾ ਹੈ ਓਹੁ ਨਹੀ ਸਹਿਆ ਜਾਇ॥*
*ਏਕੁ ਜੁ ਸਾਧੂ ਮੋੁਹਿ ਮਿਲਿਓ ਤਿਨਿ ਲੀਆ ਅੰਚਲਿ ਲਾਇ॥*

*ਅੰਗ - 168*

ਚਾਰ ਸੌ ਤਲਵਾਰ ਇਕ ਥਾਉਂ ਲੱਗੇ ਜਿੰਨਾ ਦੁਖ ਹੁੰਦਾ ਹੈ, ਓਨਾਂ ਹੀ ਜਮਾਂ ਦੇ ਇਕ ਹੰਟਰ ਦਾ ਦੁਖ ਹੁੰਦਾ ਹੈ। ਹਜ਼ਾਰ ਬਿੱਛੂ ਜੇ ਟੰਗ ਮਾਰੇ ਇਕੱਠਾ, ਜਿੰਨਾ ਦੁਖ ਹੁੰਦਾ ਹੈ, ਓਨਾ ਹੀ ਦੁੱਖ ਜਮਦੂਤਾਂ ਦੇ ਇਕ ਹੰਟਰ ਦਾ ਦੁਖ ਹੁੰਦਾ ਹੈ। ਪਰ ਮੈਨੂੰ ਇਕ ਸਾਧੂ ਮਿਲ ਗਿਆ ਓਹਨੇ ਮੇਰਾ ਬਚਾਓ ਕਰ ਦਿਤਾ। ਨਹੀਂ ਮੇਰੇ ਤੋਂ ਤਾਂ ਸਹਿ ਨਹੀਂ ਸੀ ਹੋਣਾ।

*ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ॥*
*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥ ਅੰਗ-134*

ਕੋਈ ਵਸ ਚਲਦਾ ਨਹੀਂ ਹੈ। ਨਾ ਪਰਿਵਾਰ ਦਾ ਕੋਈ ਵਸ ਚਲਦਾ ਹੈ, ਨਾ ਜਿੰਨਾ ਨੂੰ ਪਿਆਰ ਕਰਦਾ ਹੈ ਉਨ੍ਹਾਂ ਦਾ ਵਸ ਚਲਦਾ ਹੈ। ਹੁਣ ਰਹਿ ਕੀ ਗਿਆ? ਪੱਲੇ ਰੋਣਾ ਰਹਿ ਗਿਆ। ਕੁਛ ਬਣ ਨਹੀਂ ਰਿਹਾ ਕਿਉਂਕਿ ਜਦੋਂ ਨਾਮ ਜਪਣ ਦੀ ਵੇਲਾ ਸੀ –

*ਬੁਰੇ ਕਾਮ ਕਉ ਊਠਿ ਖਲੋਇਆ॥*
*ਨਾਮ ਕੀ ਬੇਲਾ ਪੈ ਪੈ ਸੋਇਆ॥ ਅੰਗ - 738*

ਮਾੜੇ ਕੰਮ ਕਰਨ ਵਾਸਤੇ –

*ਚੰਗਿਆਈ ਆਲਖ ਕਰੇ ਬੁਰਿਆਈ ਹੋਇ ਸੇਰ॥*

ਫੇਰ ਕੀ ਹੁੰਦਾ ਹੈ ਰੋਣਾ ਪੈਂਦਾ ਹੈ ਕਿਉਂਕਿ ਉਹ ਕੰਮ ਕਰਿਆ ਨਾ ਜੋ ਕਰਨ ਵਾਸਤੇ ਆਇਆ ਸੀ ਸੰਸਾਰ। ਧਰਮਰਾਇ ਫੇਰ ਬੜਾ ਕਰੜਾ ਹੋ ਕੇ ਲੇਖਾ ਲੈਂਦਾ ਹੈ –

*ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ॥*
*ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ॥*

*ਅੰਗ - 38*

ਜਿਨ੍ਹਾਂ ਨੇ ਜੀਉਂਦੇ-ਜੀਉਂਦੇ ਗੁਰੂ ਨਹੀਂ ਧਾਰਨ ਕਰਿਆ। ਗੁਰੂ ਦੇ ਬਚਨਾਂ ਦੀ ਕਮਾਈ ਨਹੀਂ ਕਰੀ। ਬੰਦਗੀ ਨਹੀਂ ਕਰੀ, ਨਿਤਨੇਮ ਨਹੀਂ ਕਰੇ, ਸੇਵਾ ਨਹੀਂ ਕਰੀ, ਦਾਨ ਨਹੀਂ ਕਰਿਆ। ਉਹ ਤੇਰੇ ਕੋਲ ਆਉਣਗੇ ਸਾਰੇ, ਤੈਨੂੰ ਜਮਾਂ ਨੂੰ ਸੰਭਾਲੇ ਨੇ। ਧਰਮਰਾਜ ਦੇ ਜਾਂਦਾ ਕੌਣ ਹੈ? ਜਿਹੜੇ ਗਲਤ ਕੰਮ ਕਰਦੇ ਨੇ। ਧਰਮਰਾਜ ਨੂੰ ਹੁਕਮ ਹੈ ਕਿ ਤੇਰੇ ਕੋਲ ਆਉਣਗੇ ਦੂਜੇ ਭਾਉ ਵਾਲੇ, ਜਿਹੜੇ ਬੇਮੁਖ, ਮਨਮੁਖ, ਪਤਿਤ ਹੋਏ ਹੋਏ ਨੇ। ਜਿਨ੍ਹਾਂ ਨੇ ਆਪਣੇ ਮਨ ਦੀਆਂ ਮਰਜ਼ੀਆਂ ਕਰੀਆਂ ਨੇ। ਉਹ ਦਰਗਾਹ ਵਿਚ ਜਾ ਕੇ ਔਖੇ ਹੁੰਦੇ ਨੇ।

ਜਿਹੜੇ ਨਾਮ ਜਪਦੇ ਨੇ ਪਿਆਰਿਆ! ਦੇਖੀਂ ਕਦੇ ਉਨ੍ਹਾਂ ਕੋਲ ਨਾ ਚਲਿਆ ਜਾਈਂ। ਧਰਮਰਾਜ ਕਹਿੰਦਾ ਹੈ ਜਮਦੂਤਾਂ ਨੂੰ ਜਿਥੇ ਭਜਨ ਹੋ ਰਿਹਾ ਹੈ ਹਰੀ ਦਾ, ਉਹਦੇ ਨੇੜੇ ਵੀ ਨਾ ਲੰਘੀਂ। ਜੇ ਕਿਤੇ ਲੰਘ ਗਏ ਮੈਂ ਵੀ ਫਸ ਜਾਣਾ ਹੈ, ਤੂੰ ਵੀ ਫਸ ਜਾਣਾ ਹੈ। ਸਖਤ ਦੰਡ ਮਿਲੇਗਾ ਪ੍ਰਮੇਸ਼ਰ ਵਲੋਂ। ਕਿਉਂਕਿ ਉਹਦਾ ਹੁਕਮ ਹੈ ਜਿਹੜੇ ਨਾਮ ਜਪਦੇ ਨੇ, ਸਤਿਸੰਗ ਕਰਦੇ ਨੇ, ਬਾਣੀ ਪੜ੍ਹਦੇ ਨੇ, ਜਿਨ੍ਹਾਂ ਦੇ ਖਿਆਲ ਚੰਗੇ ਨੇ, ਜੀਵਨ ਅੱਛਾ ਹੈ, ਉਹ ਅਧਿਆਤਮੀ ਕਰਮ ਕਰਦੇ ਨੇ। ਅਧਿਆਤਮੀ ਕਰਮ ਕੀ ਹੁੰਦੇ ਨੇ? **ਅੰਮ੍ਰਿਤ ਵੇਲੇ ਉਠਣਾ, ਇਸ਼ਨਾਨ ਕਰਨਾ, ਉਸ ਤੋਂ ਬਾਅਦ ਜਪੁਜੀ ਸਾਹਿਬ ਦਾ ਪਾਠ ਕਰਨਾ, ਫੇਰ ਉਸ ਤੋਂ ਬਾਅਦ ਸਿਮਰਨ ਕਰਨਾ, ਢਾਈ ਘੰਟੇ ਦਾ ਸਿਮਰਨ ਦਾ ਵਿਧਾਨ ਹੈ ਜੇ ਐਨਾ ਨਹੀਂ ਹੁੰਦਾ ਤਾਂ ਘੱਟ ਤੋਂ ਘੱਟ ਸਵਾ ਘੰਟਾ ਹੀ ਕਰ ਲਓ। ਬੈਠੋ ਜ਼ਰੂਰ ਚੌਂਕੜਾ ਮਾਰ ਕੇ। ਆਸਣ ਬਣਾ ਲਓ, ਮੰਜੇ ਬੈਠਿਆਂ ਢਿੱਡ ਇਕੱਠਾ ਹੋ ਜਾਂਦਾ ਹੈ, ਨੀਂਦ ਦਾ ਉਥੇ ਪ੍ਰਮਾਣੂ ਹੁੰਦੇ ਨੇ, ਨੀਂਦ ਆਉਣੀ ਸ਼ੁਰੂ ਹੋ ਜਾਂਦੀ ਹੈ। ਧਰਤੀ ਤੇ ਸਵੱਛ ਥਾਂ ਤੇ ਬਣਾ ਲਓ, ਕੋਈ ਚੌਂਕੀ ਬਣਾ ਲਓ। ਉਥੇ ਸੁੱਚ ਰੱਖੋ। ਉਥੇ ਜਦੋਂ ਨਾਮ ਜਪੋਂਗੇ ਬੈਠ ਕੇ ਉਹ ਜਿਹੜੀ ਧਰਤੀ ਹੈ ਨਾ, ਉਹ ਪਵਿੱਤਰ ਹੋਣੀ ਸ਼ੁਰੂ ਹੋ ਜਾਵੇਗੀ। ਧਰਤੀ ਨਾਮ ਜਪਣ ਨਾਲ ਪਵਿੱਤਰ ਹੁੰਦੀ ਹੈ। ਜੇ ਨਿਗੁਰਾ ਬਹਿ ਜਾਵੇ ਤਾਂ ਸਵਾ ਗਜ਼ ਗਹਿਰੀ ਧਰਤੀ ਭਰਿਸ਼ਟ ਹੋ ਜਾਂਦੀ ਹੈ। ਉਥੇ ਨਾਮ ਵਿਚ ਚਿੱਤ ਨਹੀਂ ਲੱਗਿਆ ਕਰਦਾ। ਨਾਮ ਜਪਣ ਵਾਸਤੇ ਚਿੱਤ ਉਥੇ ਲਗਦਾ ਹੈ, ਜਿਥੇ ਜਾਂ ਤਾਂ ਆਪ ਰੋਜ਼ ਨਾਮ ਜਪੇ ਜਾਂ ਸੰਗਤ ਇਕੱਠੀ ਹੋ ਕੇ ਨਾਮ ਜਪਦੀ ਹੋਵੇ। ਫੇਰ ਬਾਣੀ ਪੜ੍ਹੇ, ਗੁਰੂ ਘਰ 'ਚ ਆਵੇ, ਨਮਸਕਾਰ ਕਰੇ, ਹੋਰ ਨੇਕ ਕੰਮ ਕਰੇ। ਇਹ ਜਿਹੜੇ ਕਰਮ ਕਰਨੇ ਨੇ ਇਨ੍ਹਾਂ ਨੂੰ ਅਧਿਆਤਮੀ ਕਰਮ ਕਹਿੰਦੇ ਨੇ।**

ਜਿਹੜੇ ਪੁਰਸ਼ ਅਧਿਆਤਮੀ ਹਨ, ਹਰੀ ਦਾ ਜਸ ਕਰਦੇ ਨੇ, ਗੁਣ ਗਾਉਂਦੇ ਨੇ, ਅਧਿਆਤਮੀ ਕਰਮ ਬੈਠ ਕੇ

ਢਾਈ ਘੰਟੇ ਨਾਮ ਜਪਦੇ ਨੇ। ਪਹਿਲਾਂ-ਪਹਿਲਾਂ ਨਾਮ ਮਾਲਾ ਨਾਲ ਜਪਿਆ ਜਾਂਦਾ ਹੈ। ਆਪੇ ਨਾ ਕਰੇ ਕਿ ਮੈਂ ਹੁਣ ਰਸਨਾ ਤੇ ਲੈ ਆਵਾਂ। ਕਿਉਂਕਿ ਸੁਣ ਕੇ ਆਦਮੀ ਦਾ ਜੀਅ ਕਰਦਾ ਹੈ ਕਿ ਮੈਂ ਜਮਾਤ ਪਾਸ ਕਰ ਲਵਾਂ। ਉਹ ਕੱਚੀ ਰਹਿ ਜਾਂਦੀ ਹੈ ਫੇਰ ਅੱਗੇ ਦੀ ਪੜ੍ਹਾਈ ਸਾਰੀ ਕੱਚੀ। ਇਹ ਆਪੇ ਹੀ ਹੋ ਜਾਂਦਾ ਹੈ, ਜਦੋਂ ਮਾਲਾ ਦੇ ਨਾਲ ਨਾਮ ਜਪਦੇ ਹਾਂ। ਇਹ ਨਹੀਂ ਹੈ ਕਿ ਢਾਈ ਘੰਟੇ ਹੀ ਜਪਣਾ ਹੈ। ਇਹ ਸ਼ਬਦ ਦੇ ਵਿਚ ਤਾਕਤ ਹੈ, ਤੁਸੀਂ ਢਾਈ ਘੰਟੇ ਬਹਿ ਜਾਓ, ਪੰਜ ਚਾਰ ਮਹੀਨੇ ਲਾ ਦਿਓ, ਫੇਰ ਕੀ ਹੋਏਗਾ? ਉਹ ਨਾਮ ਫੇਰ ਉਠਣ ਨਹੀਂ ਦਿੰਦਾ ਢਾਈ ਘੰਟੇ। ਤਿੰਨ ਸਹੀ, ਚਾਰ ਸਹੀ, ਪੰਜ ਸਹੀ, ਛੇ ਸਹੀ। ਫੇਰ ਨਾਮ ਜਪਣਾ ਅੰਦਰ ਆ ਜਾਂਦਾ ਹੈ। ਮਾਲਾ ਹੱਥ 'ਚੋਂ ਛੁਟ ਜਾਂਦੀ ਹੈ। ਜੀਭ ਵਾਹਿਗੁਰੂ-ਵਾਹਿਗੁਰੂ ਕਰਦੀ ਰਹਿੰਦੀ ਹੈ। ਇਹਦਾ ਫਲ ਦੱਸ ਗੁਣਾਂ ਵਧ ਜਾਂਦਾ ਹੈ। ਫੇਰ ਜੀਭ ਵੀ ਬੰਦ ਹੋ ਜਾਂਦੀ ਹੈ ਅਤੇ ਬੁੱਲ੍ਹ ਵੀ ਬੰਦ ਹੋ ਜਾਂਦੇ ਨੇ, ਲੇਕਿਨ ਵਾਹਿਗੁਰੂ ਆਹ ਗਲ ਹੈ ਨਾ ਜਿਥੇ, ਕੰਠ ਜੀਭ ਦੇ ਉਤੇ ਹੀ ਜਪਿਆ ਜਾਂਦਾ ਹੈ। ਇਹਦਾ ਫਲ ਸੌ ਗੁਣਾਂ ਵਧ ਜਾਂਦਾ ਹੈ। ਪਹਿਲਾਂ ਮਾਲਾ ਦੇ ਨਾਲ ਸੌ ਵਾਰੀ ਵਾਹਿਗੁਰੂ, ਇਹਦੇ ਨਾਲ ਇਕ ਵਾਰੀ ਵਾਹਿਗੁਰੂ। ਇਸ ਤੋਂ ਬਾਅਦ ਓਹੀ ਵਾਹਿਗੁਰੂ-ਵਾਹਿਗੁਰੂ ਹੋਰ ਗਹਿਰਾ ਹੋ ਜਾਂਦਾ ਹੈ, ਸ੍ਵਾਸ ਨਾਲ ਚੱਲਣ ਲਗ ਜਾਂਦਾ ਹੈ। ਸ੍ਵਾਸ ਤੇ ਚਲਦੇ-ਚਲਦੇ ਜਦੋਂ ਸਾਲ ਦੋ ਸਾਲ ਹੋ ਜਾਣ, ਫੇਰ ਤਿੰਨ ਘੰਟੇ, ਚਾਰ-ਚਾਰ ਘੰਟੇ ਬੈਠਦਾ ਹੈ, ਤੁਰਦਾ ਫਿਰਦਾ ਸ੍ਵਾਸ ਖਾਲੀ ਨਹੀਂ ਜਾਣ ਦਿੰਦਾ। ਹਰ ਵਕਤ ਦੇਖਦਾ ਹੈ ਕਿ ਮੈਂ ਸਾਹ ਵਾਹਿਗੁਰੂ ਕਹਿ ਕੇ ਹੀ ਅੰਦਰ ਜਾਣ ਦੇਣਾ ਹੈ ਖਾਲੀ ਨਹੀਂ ਜਾਣ ਦੇਣਾ। ਕਿਉਂਕਿ ਜਿਹੜਾ ਸ੍ਵਾਸ ਲੰਘ ਗਿਆ ਉਹਨੇ ਮੁੜ ਕੇ ਨਹੀਂ ਆਉਣਾ।

ਐਨੀ ਮਿਹਨਤ ਕਰਨ ਤੋਂ ਬਾਅਦ ਸ੍ਵਾਸ ਤੇ ਨਾਮ ਆਇਆ ਕਰਦਾ ਹੈ। ਕਈ ਕਹਿੰਦੇ ਨੇ ਜੀ ਉਹ ਤਾਂ ਲਗਦੇ ਹੀ ਸ੍ਵਾਸ ਤੇ ਲੱਗ ਗਏ। ਉਨ੍ਹਾਂ ਦੀ ਪਿਛਲੇ ਜਨਮ 'ਚ ਕਮਾਈ ਕੀਤੀ ਹੁੰਦੀ ਹੈ। ਕਾਇਦਾ ਉਹਨੇ ਪੜ੍ਹ ਲਿਆ ਹੁੰਦਾ, ਕਿਤਾਬ ਪੜ੍ਹ ਲਈ ਹੁੰਦੀ ਹੈ, ਮਾਸਟਰ ਫੇਰ ਦੇਖ ਕੇ ਅੱਗੇ ਲਾ ਦਿੰਦਾ ਹੈ। ਐਵੇਂ ਜਿਵੇਂ ਵਾਹਿਗੁਰੂ ਦੇ ਘਰ ਵਿਚ ਹੈ ਨਾਮ ਜਪਦਾ-ਜਪਦਾ ਆਦਮੀ ਚੜ੍ਹਾਈ ਕਰ ਜਾਂਦਾ ਹੈ, ਪਹੁੰਚਿਆ ਹੈ ਨਹੀਂ ਕਿਸੇ ਥਾਉਂ। ਉਹ ਜਦੋਂ ਦੁਬਾਰਾ ਮਨੁੱਖ ਦਾ ਸਰੀਰ ਧਾਰਦਾ ਹੈ, ਇਕੋ ਚੀਜ਼ ਹੈ ਜਿਹੜੀ ਨਾਲ ਜਾਂਦੀ ਹੈ, ਉਹ ਹੈ ਤੁਹਾਡੀ ਕੀਤੀ ਹੋਈ ਕਮਾਈ, ਇਹਨੂੰ ਨਾ ਤਾਂ ਜਮਦੂਤ ਲੁੱਟ ਸਕਦੇ ਨੇ, ਨਾ ਇਹ ਖਰਚ ਹੁੰਦੀ ਹੈ, ਪੂਰੀ ਦੀ ਪੂਰੀ ਦੂਜੇ ਜਨਮ ਵਿਚ ਨਾਲ ਆ ਜਾਂਦੀ ਹੈ। ਜੇ ਕਾਮਨਾ ਸਹਿਤ ਕੀਤੀ ਹੋਵੇ ਫੇਰ ਇਸ ਦਾ ਬਦਲਾ ਸਵਰਗ ਮਿਲ ਜਾਇਆ ਕਰਦਾ ਹੈ। ਫੇਰ ਨਾਮ ਦਾ ਧਨ ਜਿਹੜਾ ਇਛਿਆ ਵਾਸਤੇ ਲਾਇਆ ਹੈ ਉਹ ਫੇਰ ਖਤਮ ਹੋ ਜਾਂਦਾ ਹੈ। ਨਾਮ ਜਿਹੜਾ ਹੈ ਉਹ ਨਾਲ ਆਉਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਅੱਗੇ ਤਰੱਕੀ ਹੋ ਜਾਂਦੀ ਹੈ। ਸ੍ਵਾਸ ਤੋਂ ਪਾਸੇ ਹਟ ਕੇ ਧੁਨ ਦੇ ਵਿਚ ਧਿਆਨ ਆ ਜਾਂਦਾ ਹੈ, ਅਨਹਦ ਸ਼ਬਦ ਜਾਗ ਪੈਂਦਾ ਹੈ, ਲਾਈਟ ਆ ਜਾਂਦੀ ਹੈ, ਆਗਿਆ ਚੱਕਰ 'ਚ ਆਪੇ ਹੀ ਨਾਮ ਸੁਣਦਾ ਹੈ।

ਸਿਰਫ ਧਿਆਨ ਦੇਣ ਦੀ ਲੋੜ ਹੈ, ਜਦੋਂ ਧਿਆਨ ਦਿਤਾ ਫੇਰ ਸਾਰੇ ਸਰੀਰ ਦੇ ਵਿਚੋਂ ਵਾਹਿਗੁਰੂ-ਵਾਹਿਗੁਰੂ ਦੀ ਧੁਨੀ ਆ ਰਹੀ ਹੈ। ਕਿਸੇ ਅੰਗ ਤੇ ਵੀ ਧਿਆਨ ਦੇ ਦਿਤਾ, ਪੈਰ ਤੇ ਧਿਆਨ ਦੇ ਦਿਤਾ, ਉਥੇ ਵੀ ਵਾਹਿਗੁਰੂ-ਵਾਹਿਗੁਰੂ ਸੁਣਾਈ ਦਿੰਦਾ। ਜਿਥੇ ਨੂੰ ਦੇਖਦਾ ਹੈ ਉਥੇ ਵਾਹਿਗੁਰੂ-ਵਾਹਿਗੁਰੂ ਹੀ ਸੁਣਦਾ ਹੈ। ਇਕ ਵਾਰੀ ਐਸਾ ਹੁੰਦਾ ਹੈ ਕਿ ਸਾਢੇ ਤਿੰਨ ਕਰੋੜ ਆਦਮੀ ਦੇ ਸਰੀਰ ਦਾ ਉਹ ਕਿਸੇ ਰੋਮ ਵਲ ਸੂਖਸ਼ਮ ਧਿਆਨ ਚਲਿਆ ਜਾਵੇ, ਉਥੋਂ ਆਵਾਜ਼ ਆਏਗੀ ਵਾਹਿਗੁਰੂ-ਵਾਹਿਗੁਰੂ। ਸੋ ਇਸ ਤਰ੍ਹਾਂ ਦੇ ਨਾਲ ਇਹਨੂੰ ਅਧਿਆਤਮੀ ਕਰਮ ਕਹਿੰਦੇ ਨੇ। ਇਹੋ ਜਿਹੇ ਜਿਹੜੇ ਪ੍ਰੇਮੀ ਹੁੰਦੇ ਨੇ -

*ਅਧਿਆਤਮੀ ਹਰਿ ਗੁਣ ਤਾਸੁ ਮਨਿ ਜਪਹਿ ਏਕੁ ਮੁਰਾਰਿ॥*
*ਤਿਨ ਕੀ ਸੇਵਾ ਧਰਮ ਰਾਇ ਕਰੈ ਧੰਨੁ ਸਵਾਰਣਹਾਰੁ॥*
*ਅੰਗ - 39*

ਉਨ੍ਹਾਂ ਦੀ ਸੇਵਾ ਕਰਦਾ ਹੈ ਧਰਮਰਾਜ ਤੇ ਨਾਲ ਧੰਨ ਧੰਨ ਕਹਿੰਦਾ ਹੈ। ਧੰਨ ਹੋ ਤੁਸੀਂ, ਧੰਨ ਨੇ ਉਹ ਜਿਨ੍ਹਾਂ ਨੇ ਤੁਹਾਨੂੰ ਪ੍ਰਮੇਸ਼ਰ ਦੇ ਨਾਮ ਤੇ ਪਾ ਦਿਤਾ। ਜਿਨ੍ਹਾਂ ਨੇ ਤੁਹਾਨੂੰ ਸੰਵਾਰ ਦਿਤਾ, ਮਾਨਸ ਜਨਮ ਦਾ ਲਾਹਾ ਦੇ ਦਿਤਾ, ਉਹ ਵੀ ਧੰਨ ਨੇ। ਤੁਸੀਂ ਵੀ ਧੰਨ। ਫੇਰ ਜਿਹੜੇ ਉਨ੍ਹਾਂ ਦੀ ਵੀ ਅੱਗੇ ਸੇਵਾ ਕਰਦੇ ਨੇ, ਉਹਦੇ ਬਾਰੇ ਮਹਾਰਾਜ ਕਹਿੰਦੇ ਨੇ-

*ਸਾਧਸੰਗਿ ਧਰਮ ਰਾਇ ਕਰੇ ਸੇਵਾ॥*
*ਸਾਧ ਕੈ ਸੰਗਿ ਸੋਭਾ ਸੁਰਦੇਵਾ॥ ਅੰਗ - 271*

ਤੁਸੀਂ ਇਥੇ ਬੈਠੇ ਓਂ ਗੁਰੂ ਦੇ ਦਰਬਾਰ ਵਿਚ, ਇਕ ਗੱਲ ਯਾਦ ਰੱਖਣਾ, ਇਕੱਲੇ ਇਕੱਲੇ ਦਾ ਹਿਸਾਬ ਕਿਤਾਬ ਉਥੇ ਚਲਦਾ ਹੈ, ਹੁਣ ਉਥੇ ਲਿਖ ਕੀ ਰਹੇ ਨੇ ਉਥੇ ਸੋਭਾ ਹੋ ਰਹੀ ਹੈ, ਸਤਿਸੰਗ 'ਚ ਬੈਠੇ ਨੇ, ਮਨ ਚਿਤ ਲਾ ਕੇ, ਗੁਰੂ ਨਾਨਕ ਦਰਬਾਰ 'ਚ ਜਿਹੜਾ ਸਾਰਿਆਂ ਤੋਂ ਉਚਾ ਦਰਬਾਰ ਹੈ ਉਹਦੇ ਵਿਚ ਬੈਠੇ ਲਾਹਾ ਖੱਟ ਰਹੇ ਨੇ। ਹੁਣ ਉਥੇ ਸੋਭਾ ਹੋਣੀ ਸ਼ੁਰੂ ਹੋਈ ਹੋਈ ਹੈ। ਸੋ ਸਾਨੂੰ ਤਾਂ ਪਤਾ ਨਹੀਂ ਹੈ ਮਹਾਂਪੁਰਸ਼ ਜਾਣਦੇ ਨੇ ਪਿਆਰਿਓ! ਉਥੇ ਸੋਭਾ ਹੋ ਰਹੀ ਹੈ। ਫਿਟਕਾਰ-ਫਿਟਕਾਰ ਵੀ ਉਥੇ ਹੁੰਦੀ ਹੈ, ਸੋਭਾ ਵੀ ਹੁੰਦੀ ਹੈ।

*ਧੰਨਿ ਧੰਨਿ ਕਹੈ ਸਭਿ ਕੋਇ॥*
*ਮੁਖ ਊਜਲ ਹਰਿ ਦਰਗਹ ਸੋਇ॥* *ਅੰਗ - 283*

ਬੇਅੰਤ ਸਾਖੀਆਂ ਨੇ, ਬਹੁਤ ਵਾਰੀ ਮੈਂ ਸੁਣਾਈਆਂ ਨੇ।

ਇਥੋਂ ਚਲੇ ਜਾਂਦੇ ਨੇ। ਭਾਗ ਸਿੰਘ ਦੀ ਮਾਤਾ ਚਲੀ ਗਈ, ਗਲਤੀ ਦੇ ਨਾਲ ਉਹਨੂੰ ਲੈ ਗਏ। ਉਹਦੀ ਬੜੀ ਸੇਵਾ ਕਰੀ, ਉਹ ਕਹਿੰਦੇ ਇਹ ਬੀਬੀ ਨਹੀਂ ਸੀ ਇਥੇ ਲਿਆਉਣੀ, ਇਹ ਤਾਂ ਗੁਰੂ ਦੀ ਦਰਗਾਹ ਵਿਚ ਜਾਣੀ ਸੀ। ਧਰਮਰਾਇ ਦੇ ਨਹੀਂ ਜਾਂਦੇ, ਅਸੀਂ ਲੋਕ ਆਪਣੇ ਗੁਰੂ ਨਾਨਕ ਸਾਹਿਬ ਦੀ ਦਰਗਾਹ ਵਿਚ ਜਾਂਦੇ ਹਾਂ। ਜੇ ਤਾਂ ਉਜਲਾ ਮੁੱਖ ਦਿਖਾਉਣਾ ਹੈ ਉਥੇ ਤਾਂ ਤਾਂ ਭਜਨ ਕਰੋ। ਜੇ ਨੀਵੀਂ ਪਾ ਕੇ ਖੜ੍ਹਨਾ ਹੈ ਉਥੇ ਜਾ ਕੇ ਫੇਰ ਲਾਹਨਤਾਂ ਪੈਂਦੀਆਂ ਨੇ। ਬਾਕੀ ਇਹ ਹੈ ਜਿਹੜਾ ਪ੍ਰਮੇਸ਼ਰ ਵਲ ਪਿੱਠ ਦਿੰਦਾ ਹੈ, ਏਸ ਸ਼ਬਦ ਦਾ ਜੋ ਭਾਵ ਹੈ ਉਹ ਇਹ ਹੈ ਕਿ ਪਿਆਰਿਓ, ਜੇ ਪ੍ਰਮੇਸ਼ਰ ਦਾ ਨਾਮ ਨਹੀਂ ਜਪਿਆ, ਤਾਂ ਫੇਰ ਜਿਹੋ ਜਿਹਾ ਬੀਜੇਂਗਾ, ਉਹੋ ਜਿਹਾ ਫਲ ਵੀ ਤੈਨੂੰ ਮਿਲਣਾ ਹੈ। ਜਿਹੋ ਜਿਹੇ ਕਰਮ ਕਰੇਂਗਾ ਉਹੋ ਜਿਹਾ ਫਲ ਤੈਨੂੰ ਪ੍ਰਾਪਤ ਹੋਏਗਾ।

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥*
*ਅੰਗ - 315*

ਮਹਾਰਾਜ ਕਹਿੰਦੇ ਤਿਲ ਪੀੜਦੇ ਦੇਖੇ ਨੇ ਕਦੇ। ਘਾਣੀ ਵਿਚ ਕਿਵੇਂ ਪੀੜ ਹੁੰਦੇ ਨੇ। ਤੇਲ ਇਕ ਪਾਸੇ ਨਿਕਲਦਾ ਹੈ, ਫੋਕਟ ਇਕ ਪਾਸੇ।

*ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ॥*
*ਅੰਗ - 473*

ਸਰ੍ਹੋਂ ਪੀੜਦੀ ਦੇਖੀ ਹੈ ਕਦੇ? ਜਦੋਂ ਖਲ੍ਹ ਬਨਦੀ ਹੈ। ਕਹਿੰਦੇ ਐਵੇਂ ਪਿਆਰਿਆ –

*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥*
*ਅੰਗ - 315*

ਐਉਂ ਪੀੜ ਦੇਣਗੇ, ਸਮਝ ਜਾਹ ਸਾਡੀ ਗੱਲ। ਮਹਾਰਾਜ ਕਹਿੰਦੇ ਇਹ ਤਾਂ ਲੇਖੇ ਦੇਣੇ ਪੈਣੇ ਨੇ ਕਰਮ ਬੀਜੇ ਦੇ।

ਹੁਣ ਇਹ ਸਾਰੇ ਬਚਨ ਸੁਣ ਕੇ ਮਹਾਰਾਜ ਨੇ ਕਿਹਾ ਪਿਆਰਿਓ, ਜੇ ਤੁਸੀਂ ਗੁਰੂ ਦੇ ਚਰਨਾਂ ਦਾ ਆਸਰਾ ਲੈ ਲਵੋਂ ਨਾ, ਚਾਹੇ ਕਿੱਡਾ ਹੀ ਪਾਪੀ ਕਿਉਂ ਨਾ ਹੋਵੇ, ਉਹ ਬਿਖੜਾ ਜਿਹੜਾ ਭਵਜਲ ਹੈ ਉਹ ਤਰ ਜਾਏਗਾ। ਗੁਰੂ ਦੇ ਚਰਨਾਂ ਦਾ ਆਸਰਾ ਲੈ ਲਓ।

*ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ॥*
*ਅੰਗ - 134*

ਜਹਾਜ਼ ਹੈ ਗੁਰੂ ਦੇ ਚਰਨ ਜਿਹੜੇ ਨੇ। ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਜਿਸਨੂੰ ਇਸ ਨਾਮ ਦਾ ਆਸਰਾ ਮਿਲ ਗਿਆ ਫੇਰ –

*ਸੇ ਭਾਦੁਇ ਨਰਕਿ ਨ ਪਾਈਅਹਿ*
*ਗੁਰੁ ਰਖਣ ਵਾਲਾ ਹੇਤੁ॥* *ਅੰਗ - 134*

ਗੁਰੂ ਦਾ ਪਿਆਰ ਜਿਹੜਾ ਹੈ ਉਹ ਡੁਬਦਿਆਂ ਨੂੰ ਬਚਾ ਲਏਗਾ।

ਸੋ ਇਹ ਸਾਰੇ ਬਚਨ ਜਿੰਨੇ ਵੀ ਹੋਏ ਭਾਦੁਇ ਦੇ ਇਹ ਬੋਹੜੂ ਉਤੇ ਨੇ। ਉਹਨੇ ਕਿਹਾ ਕਿ ਪਾਪ ਮੈਂ ਕਰਦਾ ਹਾਂ, ਲੋਕਾਂ ਦੇ ਖਰੇ ਸੋਨੇ ਵਿਚ ਖੋਟ ਮੈਂ ਪਾਉਂਦਾ ਹਾਂ, ਝੂਠ ਮੈਂ ਬੋਲਦਾ ਹਾਂ। ਕਿਸੇ ਨੂੰ ਮੈਂ ਛੱਡਦਾ ਨਹੀਂ।

ਇਕ ਵਾਰੀ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਨੇ ਮਾਤਾ ਜੀ ਵਾਸਤੇ ਗਹਿਣੇ ਬਣਾਏ। ਮਹਾਰਾਜ ਨੇ ਸੁਨਿਆਰ ਬੁਲਾਇਆ, ਕਹਿੰਦੇ ਨੇ ਕਿਹਾ ਕਿ ਲੈ ਸਿੰਘਾ, ਲੈ ਇਮਾਨਦਾਰੀ ਨਾਲ ਬਣਾਈ। ਮਹਾਰਾਜ ਨੇ ਇਕ ਚੀਜ਼ ਦਿਖਾਉਣੀ ਸੀ। ਜਦੋਂ ਗਹਿਣੇ ਬਣਾਏ, ਮਾਤਾ ਜੀ ਨੇ ਕਿਹਾ ਕਿ ਬਹੁਤ ਸੋਹਣੇ ਬਣਾਏ ਨੇ, ਬੜੀ ਕ੍ਰਿਪਾ ਹੈ। ਮਹਾਰਾਜ ਕਹਿੰਦੇ, ਖੋਟ ਬੜੀ ਪਾਈ ਇਹਨੇ ਵਿਚ। ਬੁਲਾਓ। ਕਹਿੰਦੇ ਲੈ ਬਈ ਸਿੱਖਾ, ਸਹੀ-ਸਹੀ ਗੱਲ ਕਰੀਂ। ਖੋਟ ਕਿੰਨੀ ਕੁ ਪਾਈ ਹੈ। ਕਹਿਣ ਲੱਗਾ ਮਹਾਰਾਜ ਖੋਟ ਤਾਂ ਮੇਰੇ ਤੋਂ ਕੁਛ ਜ਼ਿਆਦਾ ਹੀ ਪੈ ਗਈ। ਮਹਾਰਾਜ ਕਹਿੰਦੇ, ਤੂੰ ਤਾਂ ਕਹਿੰਦਾ ਸੀ ਕਿ ਮੈਂ ਖੋਟ ਨਹੀਂ ਪਾਵਾਂਗਾ।

ਹੱਥ ਦੀ ਕਮਾਈ ਨੂੰ ਮਹਾਰਾਜ ਨੇ ਪ੍ਰੋੜਤਾ ਦਿਤੀ ਹੈ –

*ਘਾਲਿ ਖਾਇ ਕਿਛੁ ਹਥਹੁ ਦੇਇ॥*
*ਨਾਨਕ ਰਾਹੁ ਪਛਾਣਹਿ ਸੇਇ॥* *ਅੰਗ - 1245*

ਬੋਹੜੂ ਨੇ ਕਿਹਾ ਕਿ ਇਹ ਤਾਂ ਸਾਰੇ ਬਚਨ ਮੇਰੇ ਤੇ ਹੀ ਆ ਗਏ। ਮੈਂ ਝੂਠ ਬੋਲਦਾ ਹਾਂ, ਠੱਗੀਆਂ ਕਰਦਾ ਹਾਂ, ਦੂਜਿਆਂ ਦੀ ਜੇਬ ਕੁਤਰਦਾ ਹਾਂ ਮੇਰਾ ਹਾਲ ਕੀ ਹੋਏਗਾ? ਉਸ ਵੇਲੇ ਅੱਖਾਂ 'ਚੋਂ ਐਨਾ ਜਲ ਜਾ ਰਿਹਾ ਹੈ, ਆਪਣੇ ਆਪ ਹੀ ਅੱਖਾਂ 'ਚੋਂ ਰੁਮਾਲ ਕੱਢਦਾ ਹੈ, ਪੂੰਝਦਾ ਹੈ। ਬਾਣੀ ਤਾਂ ਫੇਰ ਉਹਨੂੰ ਤੀਰ ਹੋ ਲਗਦੀ ਹੈ।

*ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥*
*ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥*
*ਅੰਗ - 1374*

ਛੇਕ ਪਾ ਦਿਤਾ। ਇਹਨੇ ਕਿਹਾ ਆਹ ਮੇਰਾ ਹਾਲ ਹੋਏਗਾ, ਘਾਣੀ 'ਚ ਮੈਂ ਪੀੜਾਂਗਾ। ਸਾਮ੍ਹਣੇ ਨਜ਼ਰ ਆ ਰਿਹਾ ਹੈ ਕਿ ਬੋਹੜੂ ਪੀੜਿਆ ਜਾ ਰਿਹਾ ਹੈ। ਉਹ ਬਾਹਰ ਨਿਕਲਣ ਦੀ ਕੋਸ਼ਿਸ਼ ਕਰਦਾ ਹੈ, ਪਰ ਉਹ ਚੁੱਕ ਕੇ ਫੇਰ ਸੁੱਟ ਦਿੰਦੇ ਨੇ। ਦੇਖਿਆ –

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥*
*ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ॥*
*ਅੰਗ - 1425*

ਦੇਖਿਆ ਕਿ ਮਧਾਣੀਆਂ ਦੇ ਵਿਚ ਰਿੜਕੀ ਜਾ ਰਹੀ ਹੈ ਮੇਰੀ ਜਿੰਦ। ਦੇਖਿਆ ਕਿ ਮੈਂ ਰੋ ਰਿਹਾ ਹਾਂ। ਪ੍ਰਤੱਖ ਹੋ ਗਿਆ। ਧਿਰਕਾਰ ਹੈ ਇਹੋ ਜਿਹੇ ਜੀਵਨ ਨੂੰ। ਐਨੇ ਧੋਖੇ, ਐਨੇ ਵਲ-ਛਲ, ਤੂੰ ਤਾਂ ਭੁੱਲ ਕੇ ਵੀ ਪ੍ਰਮੇਸ਼ਰ ਦਾ ਨਾਮ ਨਹੀਂ ਸੀ ਲੈਂਦਾ ਪਿਆਰਿਆ। ਮੈਂ ਤਾਂ ਆਇਆ ਹੀ ਵਲ ਛਲ ਕਰਨ ਸੀ। ਰੋਈ ਜਾਂਦਾ ਹੈ। ਦੀਵਾਨ ਦੀ ਸਮਾਪਤੀ ਹੋ ਗਈ। ਮਹਾਰਾਜ ਕਹਿੰਦੇ ਆਹ ਪ੍ਰੇਮੀ ਨੂੰ ਲਿਆਓ, ਕੀ ਗੱਲ ਐਨਾ ਵੈਰਾਗ ਕਰ ਰਿਹਾ ਹੈ। ਮਹਾਰਾਜ ਜੀ ਦੇ ਚਰਨਾਂ ਤੇ ਆ ਕੇ ਇਸਨੇ ਨਮਸਕਾਰ ਕਰੀ। ਹੱਥ ਬੰਨ੍ਹੀਂ ਖੜ੍ਹਾ ਹੈ, ਕਹਿੰਦੇ ਕੀ ਗੱਲ ਪ੍ਰੇਮੀਆਂ! ਐਨੀ ਕਿਹੜੀ ਗੱਲ ਹੋ ਗਈ, ਤੇਰੇ ਅੰਦਰ ਇਕ ਦਮ ਐਨਾ ਵੈਰਾਗ ਉਠ ਖੜ੍ਹਿਆ। ਕਹਿੰਦਾ ਸੱਚੇ ਪਾਤਸ਼ਾਹ! ਮੈਂ ਤਾਂ ਪ੍ਰੇਮੀ ਨਹੀਂ, ਮੈਂ ਤਾਂ ਠੱਗ ਹਾਂ। ਮੈਂ ਤੇਰਾ ਸ਼ਰਧਾਲੂ ਹੋਣ ਵਾਸਤੇ ਨਹੀਂ ਸੀ ਆਇਆ, ਮੈਂ ਤਾਂ ਠੱਗੀਆਂ ਮਾਰਨ ਵਾਸਤੇ ਆਇਆ ਸੀ। ਮੈਂ ਗਹਿਣੇ ਬਣਾਉਂਦਾ ਹਾਂ। ਮੈਂ ਕਿਸੇ ਨੂੰ ਨਹੀਂ ਛੱਡਦਾ, ਹਰੇਕ ਦੇ ਗਹਿਣੇ ਵਿਚੋਂ ਸੋਨਾ ਕੱਢ ਕੇ, ਖੋਟ ਰਲਾ ਦਿੰਦਾ ਹਾਂ। ਮੇਰੇ ਕੋਲ ਬਹੁਤ ਸੋਹਣੇ ਮਹੱਲ ਬਣ ਗਏ। ਮੈਨੂੰ ਤਾਂ ਅੱਜ ਦੁਨੀਆਂ 'ਚ ਆ ਕੇ ਪਹਿਲੀ ਵਾਰ ਪਤਾ ਲੱਗਿਆ ਹੈ ਕਿ ਆਹ ਹਾਲ ਹੋਏਗਾ ਪ੍ਰਮੇਸ਼ਰ ਨੂੰ ਭੁੱਲ ਕੇ।

ਐਨਾ ਔਖਾ ਹੋਵੇਂਗਾ? ਤੁਸੀਂ ਬਚਨ ਕਰੇ ਨੇ, ਪਰ ਮੈਨੂੰ ਆਪਣਾ ਆਪ ਪ੍ਰਤੱਖ ਰੂਪ ਵਿਚ ਦਿਖਾਈ ਦੇ ਰਿਹਾ ਹੈ ਕਿ ਆਹ ਹਾਲ ਹੋਣਾ ਹੈ ਤੇਰਾ ਪਿਆਰਿਆ। ਪਾਤਸ਼ਾਹ! ਹੁਣ ਮੈਨੂੰ ਰੱਖ ਲਓ। ਮਹਾਰਾਜ ਕਹਿੰਦੇ ਪਿਆਰਿਆ! ਸੋਨੇ ਦੇ ਗਹਿਣੇ ਬਣਾਉਂਦਾ ਹੈਂ, ਲਾਹਾ ਲੈਣ ਵਾਸਤੇ। ਕਹਿੰਦੇ ਤੈਨੂੰ ਨਹੀਂ ਪਤਾ ਕਿ ਇਹ ਜੀਵ ਜਿਹੜਾ ਹੈ ਇਹ ਕੀ ਕੰਮ ਕਰਨ ਵਾਸਤੇ ਆਇਆ ਹੈ, ਤੂੰ ਲਾਹਾ ਲੈਂਦਾ ਹੈਂ ਬੇਈਮਾਨੀਆਂ ਕਰਕੇ, ਅਸੀਂ ਜਿਹੜਾ ਲਾਹਾ ਲੈਂਦੇ ਹਾਂ ਉਹ ਸਤਿ ਦਾ ਲਾਹਾ ਹੁੰਦਾ ਹੈ।

*ਪ੍ਰਾਣੀ ਤੂੰ ਆਇਆ ਲਾਹਾ ਲੈਣਿ॥*
*ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥*
*ਅੰਗ - 43*

ਲਾਹਾ ਲੈਣਾ ਸੀ ਨਾਮ ਦਾ, ਕਿਰਤ ਵੀ ਕਰਨੀ ਸੀ, ਬੱਚੇ ਵੀ ਪਾਲਣੇ ਸੀ, ਕਾਰੋਬਾਰ ਵੀ ਕਰਨੇ ਸੀ। ਅੰਮ੍ਰਿਤ ਵੇਲੇ ਉਠਣਾ ਸੀ, ਨਾਮ ਜਪਣਾ ਸੀ, ਗੁਰੂ ਵਾਲਾ ਬਣਨਾ ਸੀ ਕਿੱਡਾ ਵੱਡਾ ਲਾਹਾ ਤੂੰ ਲੈ ਜਾਣਾ ਸੀ। ਐਧਰੋਂ ਤੂੰ ਧਨੀ ਹੋ ਕੇ ਜਾਣਾ ਸੀ ਤੇ ਤੈਨੂੰ ਦਰਗਾਹ ਦੇ ਵਿਚ -

*ਧੰਨਿ ਧੰਨਿ ਕਹੈ ਸਭਿ ਕੋਇ॥*
*ਮੁਖ ਊਜਲ ਹਰਿ ਦਰਗਹ ਸੋਇ॥ ਅੰਗ - 283*

ਤੇਰਾ ਮੁਖ ਉਜਲਾ ਹੋਣਾ ਸੀ। ਮਹਾਰਾਜ ਕਹਿੰਦੇ ਕਰੀਏ ਕੀ ਵਪਾਰੀ ਥੋੜ੍ਹੇ ਹੀ ਨੇ। ਜਿਨ੍ਹਾਂ ਨੇ ਇਥੇ ਆ ਕੇ ਨਾਮ ਜਪਿਆ, ਰਹਿਤਨਾਮੇ ਦੇ ਮੁਤਾਬਿਕ ਜੀਵਨ ਬਤੀਤ ਕੀਤਾ ਹੈ। ਕੀ ਹੈ ਰਹਿਤਨਾਮਾ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖਪਾਪ ਦੋਖ ਲਹਿ ਜਾਵੈ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ॥ ਅੰਗ - 306*

ਇਹ ਰਹਿਤਨਾਮਾ ਹੈ ਸਾਡਾ, ਜਿਨ੍ਹਾਂ ਨੇ ਇਸ ਰਹਿਤ ਉਪਰ ਚੱਲ ਕੇ ਆਪਣਾ ਜੀਵਨ ਬਤੀਤ ਕਰਿਆ ਮਹਾਰਾਜ ਕਹਿੰਦੇ ਉਨ੍ਹਾਂ ਦੀ ਦਰਗਾਹ ਵਿਚ ਧੰਨ-ਧੰਨ ਹੋਵੇਗੀ। ਜਦੋਂ ਉਹ ਦੂਜੇ ਮੰਡਲਾਂ ਵਿਚੋਂ ਲੰਘਦੇ ਨੇ, ਉਸ ਥਾਂ ਦੇ ਉਤੇ ਫੁੱਲ ਸੁੱਟੇ ਜਾ ਰਹੇ ਹੁੰਦੇ ਨੇ। ਜੈ-ਜੈਕਾਰ ਦੀ ਧੁਨ ਉਠਦੀ ਹੈ। ਨਰਸਿੰਘੇ ਵਜਦੇ ਨੇ, ਸੰਖ ਵਜਦੇ ਨੇ, ਨਗਾਰੇ ਵਜਦੇ ਨੇ ਕਿ ਆ ਰਿਹਾ ਹੈ ਕੋਈ ਖੱਟ ਕੇ, ਵਪਾਰੀ ਜਾ ਰਿਹਾ ਹੈ।

ਮਹਾਰਾਜ ਕਹਿੰਦੇ -

*ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ॥॥*
*ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ॥॥*
*ਅੰਗ - 1380*

ਚਿੱਤ ਲਾਉਣਾ ਹੈ ਤਾਂ ਉਹਦੇ ਨਾਲ ਲਾ ਜਿਹੜਾ ਤੇਰੇ ਨਾਲ ਜਾਂਦਾ ਹੈ -

*ਜਹ ਮਾਤ ਪਿਤਾ ਸੁਤ ਮੀਤ ਨ ਭਾਈ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥*
*ਜਹ ਮਹਾ ਭਇਆਨ ਦੂਤ ਜਮ ਦਲੈ॥*
*ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥*
*ਜਹ ਮੁਸਕਲ ਹੋਵੈ ਅਤਿ ਭਾਰੀ॥*
*ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥ ਅੰਗ - 264*

ਵਪਾਰੀ ਬਣ ਜਾ ਨਾਮ ਦਾ। ਅੰਮ੍ਰਿਤ ਵੇਲੇ ਦੁਕਾਨ ਖੁਲ੍ਹਦੀ ਹੈ, ਬੀਜ ਲੈ ਜਿੰਨਾ ਬੀਜਣਾ ਹੈ। ਮੁਕਦਾ ਹੀ ਨਹੀਂ, ਕਿੰਨਾ ਹੀ ਖਰਚ ਲੈ। ਦੁਨੀਆਂ ਦੇ ਸਾਰੇ ਸੁਖ ਆ ਜਾਣ, ਰਿਧੀਆਂ ਸਿੱਧੀਆਂ, ਸਾਰੇ ਸੁਖ ਆ ਜਾਣਗੇ, ਸਾਰੇ ਵਿਘਨ ਦੂਰ ਹੋ ਜਾਣਗੇ। ਕਲੇਸ਼ ਦੂਰ ਹੋ ਜਾਣਗੇ -

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥*
*ਕਲਿ ਕਲੇਸ ਤਨ ਮਾਹਿ ਮਿਟਾਵਉ॥ ਅੰਗ - 262*

ਇਸ ਤਰ੍ਹਾਂ ਗੁਰੂ ਮਹਾਰਾਜ ਨੂੰ ਨਾਲੇ ਦੱਸ ਰਿਹਾ ਹੈ, ਨਾਲੇ ਰੋ ਰਿਹਾ ਹੈ ਕਿ ਪਾਤਸ਼ਾਹ, ਮੈਂ ਕੀ ਕਰਾਂ? ਮੇਰੀ ਕਿਰਤ ਬੜੀ ਮਾੜੀ ਸੀ, ਮੈਂ ਤਾਂ ਧੋਖੇਬਾਜ਼ ਹਾਂ। ਮੈਂ ਇਥੇ ਤੇਰੇ ਪਿਆਰ ਕਰਕੇ ਨਹੀਂ ਸੀ ਆਇਆ, ਨਾ ਸਤਿਸੰਗ ਸੁਣਨ ਵਾਸਤੇ ਆਇਆ ਸੀ। ਹੁਣ ਪਾਤਸ਼ਾਹ! ਤੇਰੇ ਕੋਲੋਂ ਕਿਹੜੀ ਲੁਕਾ, ਤੂੰ ਤਾਂ ਸਾਰੇ ਹੀ ਬਾਣ ਮੇਰੇ ਹੀ ਮਾਰੇ। ਜਿੰਨੇ ਤੂੰ ਬਚਨ ਕੀਤੇ ਨੇ -

*ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ॥*
*ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ॥*
*ਅੰਗ - 134*

ਇਹ ਤਾਂ ਸਾਰੇ ਮੇਰੇ ਵਾਸਤੇ ਕੀਤੇ ਨੇ। ਕ੍ਰਿਪਾ ਕਰ। ਹੁਣ ਮੇਰੇ ਤੇ ਕ੍ਰਿਪਾ ਕਰ। ਜਿਹੜੀ ਮੇਰੀ ਬਾਕੀ ਉਮਰ ਰਹਿ ਗਈ ਉਹਨੂੰ ਲੇਖੇ 'ਚ ਲਾ ਲੈ। ਵੈਰਾਗ ਤੋਂ ਬਗੈਰ ਮਾਇਆ ਨਹੀਂ ਛੁਟਦੀ। ਵੈਰਾਗ ਤੋਂ ਬਗੈਰ ਜੀਵਨ ਵਿਚ ਪਰਿਵਰਤਨ ਨਹੀਂ ਆਇਆ ਕਰਦਾ। ਉਸ ਵੇਲੇ ਮਹਾਰਾਜ ਨੇ ਉਤਮ ਅਧਿਕਾਰੀ ਦੇਖ ਕੇ ਨਾਮ ਸਿਮਰਨ ਦੀ ਦਾਤ ਦਿਤੀ। ਉਨ੍ਹਾਂ ਨੇ ਕਿਹਾ ਕਿ ਬੋਹੜੂ, ਆਹ ਤਾਂ ਤੂੰ ਵਾਹਿਗੁਰੂ-ਵਾਹਿਗੁਰੂ ਜਪੀਂ। **ਸੇਵਾ ਚਲ ਰਹੀ ਹੈ, ਟੋਕਰੀ ਲੈ ਲਈਂ, ਸਵੇਰ ਤੋਂ ਲਗ ਜਾਈਂ, ਦਿਨ ਰਾਤ ਸੇਵਾ ਕਰੀਂ। ਮਿੱਠਾ ਬੋਲੀਂ, ਠੱਗੀ ਨਾ ਕਰੀਂ, ਧੋਖਾ ਨਾ ਕਿਸੇ ਨੂੰ ਦੇਵੀਂ, ਫਰੇਬ ਨਾ ਕਰੀਂ, ਅਤਿਥੀ ਨੂੰ ਪ੍ਰਸ਼ਾਦਾ ਛਕਾਈਂ। ਗੁਰਭਾਈ ਨੂੰ ਆਪਣਾ ਸਕਾ ਭਾਈ ਜਾਣ ਕੇ ਪਿਆਰ ਕਰੀਂ। ਸਤਿਸੰਗ ਕਰੀਂ, ਨਾਮ ਜਪੀਂ, ਅੰਮ੍ਰਿਤ ਵੇਲੇ ਜਾਗੀ। ਸਾਰੀਆਂ ਰਹਿਤਾਂ ਦੱਸ ਦਿਤੀਆਂ।**

ਉਸ ਵੇਲੇ ਭਾਈ ਬੋਹੜੂ ਜਦੋਂ ਸੰਗਤ ਵਾਪਸ ਤੁਰਿਆ, ਜੱਥਾ, ਸਾਰੇ ਹੈਰਾਨ ਸੀ ਕਿ ਗੁਰੂ ਮਹਾਰਾਜ ਨੇ ਕ੍ਰਿਪਾ ਕਰ ਦਿਤੀ, ਪਤਾ ਨਹੀਂ ਕੀ ਗੱਲਬਾਤ ਇਹਦੀ ਹੋਈ ਹੈ। ਬੋਹੜੂ ਤਾਂ ਇਕ ਦਮ ਬਦਲ ਗਿਆ, ਉਹ ਬੋਹੜੂ ਤਾਂ ਰਿਹਾ ਹੀ ਨਹੀਂ ਜਿਹੜਾ ਪਹਿਲਾਂ ਸੀ। ਪਹਿਲਾਂ ਬੜਾ ਚਲਾਕ ਬੋਹੜੂ ਸੀ, ਗੱਲਬਾਤ ਬੜੀ ਚਲਾਕੀ ਨਾਲ ਕਰਦਾ ਸੀ, ਹਰ ਵਕਤ ਬੋਲਦਾ ਰਹਿੰਦਾ ਸੀ। ਇਹਦਾ ਬੋਲ ਕਿਥੇ ਚਲਿਆ ਗਿਆ? ਇਹਦੀ ਅੱਖਾਂ ਦੀ ਜਿਹੜੀ ਕਟੂਤ ਸੀ ਕਿਥੇ ਚਲੀ ਗਈ? ਅੰਮ੍ਰਿਤ ਝਰਦਾ ਹੈ ਇਹਦੇ ਨੈਣਾਂ 'ਚੋਂ। ਬਦਲ ਗਿਆ ਇਹ, ਉਹ ਕਹਿਣ ਲੱਗਿਆ, ਪ੍ਰੇਮੀਓ! ਜਾਓ, ਮੈਂ ਨਹੀਂ ਹੁਣ ਜਾਂਦਾ। ਮੈਂ ਜਿਥੇ ਆਉਣਾ ਸੀ ਆ ਗਿਆ। ਕਹਿੰਦੇ ਬੋਹੜੂ ਤੇਰੀ ਦੁਕਾਨ। ਕਹਿੰਦਾ ਜੇ ਤੁਸੀਂ ਕੁਛ ਕਰ ਸਕਦੇ ਹੋ ਨਾ ਤਾਂ ਦੁਕਾਨ ਵਿਚ ਗਹਿਣੇ ਪਏ ਨੇ, ਜਿਨ੍ਹਾਂ ਨੇ ਮੈਨੂੰ ਬਣਾਉਣ ਵਾਸਤੇ ਦਿਤੇ, ਹਰੇਕ ਦੇ ਉਤੇ ਪਰਚੀ ਲੱਗੀ ਹੋਈ ਹੈ, ਉਹ ਤੁਸੀਂ ਦੇ ਦਿਓ, ਘਾਟੇ ਵਾਧੇ ਮੈਂ ਆ ਕੇ ਆਪੇ ਪੂਰੇ ਕਰ ਲਵਾਂਗਾ। ਪਰ ਮੈਂ ਹਾਲੇ ਨਹੀਂ ਆਉਣਾ। ਹੈਰਾਨ ਹੋ ਗਿਆ ਜੱਥਾ ਕਿ ਹੈਂ, ਇਹਨੂੰ ਖਬਰੇ ਕੀ ਹੋਇਆ ਹੈ, ਕਿਹੜਾ ਵੈਰਾਗ ਲੱਗਿਆ ਹੈ ਜਿਹਦੇ ਕਰਕੇ ਇਹ ਐਨਾ ਬਦਲ ਗਿਆ।

ਜੱਥਾ ਚਲਿਆ ਜਾਂਦਾ ਹੈ, ਮਦਦ ਕਰੀ ਇਸਦੀ, ਗਹਿਣੇ ਮੋੜ ਦਿਤੇ, ਆਪਣੇ ਆਪਣੇ ਲੈ ਲਏ ਸਾਰਿਆਂ, ਦੁਕਾਨ ਨੂੰ ਤਾਲਾ ਲਾ ਦਿਤਾ। ਘਰ ਵਾਲਿਆਂ ਨੂੰ ਦੱਸ ਦਿਤਾ ਕਿ ਉਹ ਤਾਂ ਗੁਰੂ ਦੇ ਰਹਿ ਗਿਆ। ਕੋਈ ਸੇਵਾ ਹੋਵੇ ਸਾਨੂੰ ਦੱਸੋ। ਉਨ੍ਹਾਂ ਨੇ ਕਿਹਾ ਕਿ ਇਹਨੇ ਬੜੀ ਕਮਾਈ ਕੀਤੀ ਹੈ, ਕਿੰਨਾ ਹੀ ਵਰਤੀਏ ਤਾਂ ਵੀ ਨਹੀਂ ਮੁਕਣਾ। ਚੰਗਾ ਹੈ ਗੁਰੂ ਦੀ ਸੇਵਾ 'ਚ ਰਹਿ ਪਿਆ। ਉਥੇ ਫੇਰ ਦਿਨ ਰਾਤ ਇਕ ਕਰ ਦਿਤਾ ਉਹਨੇ ਤੇ ਮਹਾਰਾਜ ਜੀ ਨੇ ਜਿਹੜਾ ਨਾਮ ਦਿਤਾ, ਉਹਦਾ ਪ੍ਰਤਾਪ ਇਹ ਹੋ ਗਿਆ ਕਿ ਜਨਮਾਂ-ਜਨਮਾਤਰਾਂ ਦੀ ਜਿਹੜੀ ਮੈਲ ਲੱਗੀ ਹੋਈ ਸੀ, ਉਹ ਮੈਲ ਲਹਿ ਗਈ।

*ਗੁਰਿ ਪੂਰੈ ਮੇਰੀ ਰਾਖਿ ਲਈ॥*
*ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ*
*ਜਨਮ ਜਨਮ ਕੀ ਮੈਲੁ ਗਈ॥* *ਅੰਗ - 823*

ਨਾਮ ਦਾ ਕੰਮ ਹੈ -

*ਭਰੀਐ ਮਤਿ ਪਾਪਾ ਕੈ ਸੰਗਿ॥*
*ਓਹੁ ਧੋਪੈ ਨਾਵੈ ਕੈ ਰੰਗਿ॥* *ਅੰਗ - 4*

ਸੋ ਨਾਮ ਜਪਦੇ-ਜਪਦੇ ਹੌਲੀ ਹੌਲੀ ਸੁਰਤ, ਸਾਰੀਆਂ ਮੰਜ਼ਲਾਂ ਨੂੰ ਤਹਿ ਕਰ ਗਈ। ਇਕ ਤਾਂ ਸ੍ਵਾਸ ਦਾ ਨਾਲ ਚੱਕਰਾਂ ਨੂੰ ਵੇਧਣਾ ਪੈਂਦਾ ਹੈ। ਇਕ ਸੁਰਤ ਦੇ ਨਾਲ ਸਹਿਜ ਨਾਲ ਹੀ ਚੜ੍ਹਾਈ ਹੋ ਜਾਂਦੀ ਹੈ। ਪਹਿਲਾਂ ਮੂਲਧਾਰ ਚੱਕਰ, ਸਵਾਧਿਸ਼ਠਾਨ ਚੱਕਰ, ਮਣੀਪੂਰਕ ਚੱਕਰ, ਅਨਾਹਦ ਚੱਕਰ ਹਿਰਦੇ ਦਾ, ਵਿਸ਼ੁਧ ਚੱਕਰ ਕੰਠ ਦਾ, ਆਗਿਆ ਚੱਕਰ ਦੋਵੇਂ ਅੱਖਾਂ ਤੇ ਨੱਕ ਵਿਚ ਵਿਚਕਾਰ। ਗੀੜ ਦੀ ਹੱਡੀ ਦੇ ਵਿਚ ਹੈ ਸੁਖਮਨਾ ਨਾੜੀ। ਇਹ ਚਲਦੇ ਚਲਦੇ ਤ੍ਰਿਕੁਟੀ ਨੂੰ ਲੰਘ ਕੇ, ਸਹੰਸਰਾਰ ਦਲ ਕਮਲ 'ਚ ਹੁੰਦੇ ਹੋਏ, ਸੁਰਤ ਦਸਵੇਂ ਦੁਆਰ 'ਚ ਪ੍ਰਵੇਸ਼ ਕਰਦੀ ਹੈ। ਯੋਗੀਆਂ ਦੇ ਸ੍ਵਾਸ ਕਰਦੇ ਨੇ, ਸਾਡੀ ਸੁਰਤ ਕਰਦੀ ਹੈ ਤੇ ਨਿਰਮਲ ਹੋ ਗਏ। ਜਿਹੜੇ ਕਪਾਟ ਲੱਗੇ ਹੋਏ ਸੀ ਉਹ ਖੁਲ੍ਹ ਗਏ।

*ਧਾਵਤੁ ਥੰਮਿਆ ਸਤਿਗੁਰਿ ਮਿਲਿਐ*
*ਦਸਵਾ ਦੁਆਰੁ ਪਾਇਆ॥* *ਅੰਗ - 441*

ਕਿਹੜਾ ਸ਼ਬਦ ਉਪਜਦਾ ਹੈ, ਜਿਹੜੇ ਸ਼ਬਦ ਨੇ ਸੰਸਾਰ ਨੂੰ ਬੰਨ੍ਹ ਕੇ ਰੱਖਿਆ ਹੈ। ਜਿਹੜੇ ਸ਼ਬਦ ਦੇ ਨਾਲ ਸੰਸਾਰ ਦੀ ਉਤਪਤੀ ਹੋਈ ਹੈ -

*ਕੀਤਾ ਪਸਾਉ ਏਕੋ ਕਵਾਉ॥*
*ਤਿਸ ਤੇ ਹੋਏ ਲਖ ਦਰੀਆਉ॥* *ਅੰਗ - 3*

ਉਹ ਸ਼ਬਦ ਦੀ ਧੁਨ ਉਥੇ ਸੀ। ਭੋਜਨ ਉਸ ਅਸਥਾਨ ਤੇ ਅੰਮ੍ਰਿਤ ਦਾ ਹੈ। ਸੱਚਾ ਅੰਮ੍ਰਿਤ ਮਿਲ ਜਾਂਦਾ ਹੈ। ਪਹਿਲਾ ਅੰਮ੍ਰਿਤ ਸਾਡਾ ਜੋ ਹੈ ਉਹ ਹੈ ਧਰਮ ਦੇ ਵਿਚ ਪ੍ਰਵੇਸ਼ ਕਰਨਾ ਦਾ, ਜੋ ਪੰਜ ਪਿਆਰੇ ਦਿੰਦੇ ਨੇ। ਇਹਨੂੰ ਨਾਮ ਅੰਮ੍ਰਿਤ ਕਹਿੰਦੇ ਨੇ। ਮੰਤਰ ਅੰਮ੍ਰਿਤ। ਇਸ ਤੋਂ ਪਹਿਲਾਂ ਜਦੋਂ ਪੈਦਾ ਹੋਏ, ਸੁਚੱਜੇ ਮਾਂ-ਬਾਪ ਨੇ ਕਿਸੇ ਚੰਗੇ ਪੁਰਸ਼ ਨੂੰ ਬੁਲਾ ਕੇ ਕਿਹਾ ਕਿ ਭਾਈ ਗੁੜ੍ਹਤੀ ਦੇ ਦੇ। ਉਹਨੇ ਕ੍ਰਿਪਾਨ ਫੇਰੀ, ਜਪੁਜੀ ਸਾਹਿਬ ਦੀਆਂ ਪੰਜ ਪਉੜੀਆਂ ਦਾ ਪਾਠ ਕਰਿਆ, ਇਕ ਕਤਰਾ ਮੂੰਹ ਵਿਚ ਪਾਇਆ। ਉਹਨੂੰ ਜਲ ਸੰਸਕਾਰ

(ਬਾਕੀ ਪੰਨਾ 63 ਤੇ)

# ਸੰਪਾਦਕੀ

'ਆਤਮ ਮਾਰਗ' ਨਾਮ-ਜਪੁ-ਸਿਮਰਨ ਦਾ ਮਾਰਗ ਹੈ। ਗੁਰਬਾਣੀ ਗੁਰੂ ਰੂਪ ਹੈ। ਗੁਰੂ ਜੀ ਨੇ ਬਾਣੀ ਵਿਚ ਬਾਰ-ਬਾਰ ਇਹ ਗੱਲ ਦ੍ਰਿੜ੍ਹ ਕਰਵਾਈ ਹੈ ਕਿ ਨਾਮ-ਵਿਹੂਣਾ ਜੀਵਨ ਪਸ਼ੂ ਜੀਵਨ ਹੈ, ਸ਼ਾਇਦ ਪਸ਼ੂ ਤੋਂ ਵੀ ਬੱਦਤਰ। ਪਸ਼ੂਆਂ ਨੂੰ ਸ਼ਾਬਾਸ਼ ਹੈ, ਘਾਹ ਖਾਂਦੇ ਹਨ ਅਤੇ ਦੁੱਧ ਵਰਗਾ ਅੰਮ੍ਰਿਤ ਪਦਾਰਥ ਦਿੰਦੇ ਹਨ। ਪਰ ਨਾਮ ਤੋਂ ਸੱਖਣੇ ਮਨੁੱਖਾਂ ਦਾ ਜੀਵਨ ਫਿਟਕਾਰਯੋਗ ਹੈ ਕਿਉਂਕਿ ਐਸੇ ਮਨੁੱਖ ਨਾਮ ਨੂੰ ਭੁੱਲ ਕੇ ਵਿਅਰਥ ਕੰਮਾਂ ਵਿਚ ਜੀਵਨ ਬਰਬਾਦ ਕਰ ਰਹੇ ਹਨ। ਪਹਿਲੀ ਪਾਤਸ਼ਾਹੀ ਦਾ ਫੁਰਮਾਨ ਹੈ –

*ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ॥*
*ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ॥*

*ਅੰਗ - 489*

ਤੀਜੀ ਪਾਤਸ਼ਾਹੀ ਨੇ ਇਸ ਦੀ ਪ੍ਰੋੜ੍ਹਤਾ ਕਰਦਿਆਂ ਫੁਰਮਾਇਆ ਹੈ ਕਿ ਐਸਾ ਜੀਵਨ ਧ੍ਰਿਗ ਹੈ ਜਿਸ ਦੇ ਜੀਉਣ ਵਿਚ ਪ੍ਰਮਾਤਮਾ ਦੀ ਯਾਦ ਨਾਂਹ ਹੋਵੇ, ਨਾਮ-ਜਪੁ-ਸਿਮਰਨ ਨਾਂਹ ਹੋਵੇ। ਐਸੇ ਕੰਮ ਵੀ ਫਿਟਕਾਰ-ਯੋਗ ਹਨ ਜਿਨ੍ਹਾਂ ਵਿਚ ਲੱਗਿਆਂ ਪ੍ਰਮਾਤਮਾ ਦਾ ਨਾਮ ਹੀ ਭੁੱਲ ਜਾਵੇ ਅਤੇ ਮਨੁੱਖ ਮਾਇਆ ਦੇ ਮੋਹ ਵਿਚ ਫਸ ਜਾਵੇ –

*ਧ੍ਰਿਗੁ ਇਵੇਹਾ ਜੀਵਣਾ ਜਿਤੁ ਹਰਿ ਪ੍ਰੀਤਿ ਨ ਪਾਇ॥*
*ਜਿਤੁ ਕੰਮਿ ਹਰਿ ਵੀਸਰੈ ਦੂਜੈ ਲਗੈ ਜਾਇ॥*

*ਅੰਗ - 490*

ਚੌਥੇ ਪਾਤਸ਼ਾਹ ਦਾ ਫੁਰਮਾਨ ਹੈ –

*ਮੇਰੇ ਮਨ ਭਜੁ ਰਾਮ ਨਾਮੁ ਸਭਿ ਅਰਥਾ॥*
*ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ*
*ਬਿਨੁ ਨਾਵੈ ਜੀਵਨ ਬਿਰਥਾ॥* *ਅੰਗ - 696*

ਗੁਰੂ ਜੀ ਨੇ ਇਸ ਸੱਚ ਨੂੰ ਅਨੁਭਵ ਵਿਚ ਜੀਵਿਆ ਹੈ, ਮਾਣਿਆ ਹੈ ਅਤੇ ਉਹ ਸਭਨਾਂ ਨੂੰ ਇਸ ਅਨਮੋਲ ਖਜ਼ਾਨੇ ਨਾਲ ਜੋੜਨਾ ਲੋਚਦੇ ਹਨ। ਜੋ ਅਨਜਾਣ ਨਾਮ ਤੋਂ ਖਾਲੀ ਹਨ ਉਨ੍ਹਾਂ ਲਈ ਬੜੀ ਕਰੜੀ ਭਾਸ਼ਾ ਵਰਤਦੇ ਉਪਦੇਸ਼ ਕਰਦੇ ਹਨ –

*ਜਿਨ ਹਰਿ ਹਿਰਦੈ ਨਾਮੁ ਨ ਬਸਿਓ*
*ਤਿਨ ਮਾਤ ਕੀਜੈ ਹਰਿ ਬਾਂਝਾ॥*
*ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ*
*ਓਇ ਖਪਿ ਖਪਿ ਮੁਏ ਕਰਾਂਝਾ॥* *ਅੰਗ - 697*

ਅਰਥਾਤ ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਨਹੀਂ ਵਸਦਾ, ਉਨ੍ਹਾਂ ਦੀਆਂ ਮਾਵਾਂ ਨੂੰ ਪ੍ਰਮਾਤਮਾ ਬਾਂਝ ਹੀ ਕਰ ਦਿਆ ਕਰੇ ਤਾਂ ਚੰਗਾ ਹੋਵੇ ਕਿਉਂਕਿ ਨਾਮ-ਵਿਹੂਣੇ ਮਨੁੱਖ ਦਾ ਸਰੀਰ ਸੁੰਨਾ ਹੀ ਰਹਿੰਦਾ ਹੈ ਅਤੇ ਉਹ ਸਦਾ ਕ੍ਰਿਝ ਕ੍ਰਿਝ ਕੇ ਖੁਆਰ ਹੁੰਦੇ ਰਹਿੰਦੇ ਹਨ ਅਤੇ ਆਤਮਕ ਮੌਤ ਸਹੇੜਦੇ ਰਹਿੰਦੇ ਹਨ।

ਸ਼ੰਕਾ ਉਤਪੰਨ ਹੁੰਦਾ ਹੈ ਕਿ ਇਸ ਵਿਚ ਮਾਂ ਦਾ ਕੀ ਦੋਸ਼ ਹੈ? ਉਤਰ ਇਹ ਹੈ ਕਿ ਮਾਂ ਹੀ ਮਨੁੱਖ ਦੀ ਜਨਨੀ ਹੈ। ਮਾਂ ਦੀ ਕੁੱਖ ਵਿਚ ਬੱਚਾ ਮਾਂ ਦੇ ਸੰਸਕਾਰ ਗ੍ਰਹਿਣ ਕਰਦਾ ਹੈ। ਜੇ ਮਾਂ ਕੁੱਖ ਵਿਚ ਪਲਦੇ ਬੱਚੇ ਨੂੰ ਨਾਮ-ਜਪੁ-ਸਿਮਰਨ ਰਾਹੀਂ ਰੂਹਾਨੀਅਤ ਦੇ ਸੰਦੇਸ਼ ਤੇ ਸੰਕੇਤ ਘਲਦੀ ਹੈ, ਤਾਂ ਬੱਚਾ ਐਸੀਆਂ ਹੀ ਭਾਵਨਾਵਾਂ ਲੈ ਕੇ ਜਨਮਦਾ ਹੈ। ਫੇਰ ਬੱਚੇ ਦੀ ਸਾਰੀ ਪਰਵਰਿਸ਼ ਮਾਂ ਦੀ ਗੋਦ ਵਿਚ ਹੁੰਦੀ ਹੈ। ਨਾਮ ਦੀਆਂ ਲੋਰੀਆਂ ਵਿਚ ਪਲਿਆ ਬੱਚਾ ਗੁਰੂ ਘਰ ਦਾ ਪ੍ਰੇਮੀ ਬਣਦਾ ਹੈ, ਸੱਚ ਨਾਲ ਜੁੜਦਾ ਹੈ। ਮਾਤਾ ਮਹਾਨ ਜਨਨੀ ਹੈ, ਗੁਰੂ ਭਗਤਾਂ, ਸੂਰਮਿਆਂ ਨੂੰ ਜਨਮ ਦਿੰਦੀ ਹੈ। ਗੁਰੂ ਜੀ ਦਾ ਫੁਰਮਾਨ ਹੈ –

*ਜਨਨੀ ਜਨੈ ਤਾਂ ਭਗਤ ਜਨ ਕੈ ਦਾਤਾ ਕੈ ਸੂਰੁ॥*
*ਨਹੀਂ ਤਾਂ ਜਨਨੀ ਬਾਂਝ ਰਹਿ ਕਾਹੇ ਗਵਾਵੈ ਨੂਰ॥*

*ਭਾਈ ਗੁਰਦਾਸ ਜੀ*

ਇਸ ਲਈ ਨਾਮ-ਭਗਤੀ-ਸਿਮਰਨ ਦੀ ਪਹਿਲੀ ਦੀਖਿਆ ਮਾਂ ਤੋਂ ਮਿਲਦੀ ਹੈ। ਇਹ ਪਰਮ ਸਚਾਈ ਹੈ ਕਿ ਮਨੁੱਖ ਲੱਖਾਂ ਸਾਲਾਂ ਦਾ ਬਿਖੜਾ ਪੈਂਡਾ ਤਹਿ ਕਰਕੇ ਮਨੁੱਖ ਜੂਨੀ ਨੂੰ ਪ੍ਰਾਪਤ ਹੁੰਦਾ ਹੈ। ਇਹ ਸਿਲਸਿਲਾ ਸ਼ਾਇਦ ਪੱਥਰ ਚਟਾਨਾਂ ਤੋਂ ਸ਼ੁਰੂ ਹੁੰਦਾ ਹੈ, ਬਨਸਪਤੀ ਜੀਵਨ ਤੋਂ ਹੁੰਦਾ ਹੋਇਆ, ਪਰਿੰਦਿਆਂ, ਪਸ਼ੂਆਂ ਦੀਆਂ ਜੂਨਾਂ ਭੋਗਦਾ ਜੀਵ ਮਨੁੱਖ ਜੂਨੀ ਪ੍ਰਾਪਤ ਕਰਦਾ ਹੈ। ਪੱਥਰ ਚਟਾਨ ਜੜ੍ਹ ਹਨ, ਇਨ੍ਹਾਂ ਵਿਚ ਚੇਤਨਤਾ ਨਹੀਂ, ਬਨਸਪਤੀ ਮੌਲਦੀ ਹੈ, ਇਸ ਵਿਚ ਜੀਵਨ ਹੈ ਪਰ ਵਿਕਾਸਸ਼ੀਲ ਹੋਣ ਦੀ ਸੋਝੀ ਨਹੀਂ, ਇਕ ਥਾਂ ਸਥਿਰ ਹੈ, ਨਾ ਜ਼ੁਬਾਨ ਹੈ, ਨਾ ਬੋਲੀ, ਨਾ ਚਾਲ, ਨਾ ਸਰਵਣ ਸ਼ਕਤੀ। ਪਰਿੰਦਿਆਂ ਪਸ਼ੂਆਂ ਵਿਚ ਚੇਤਨਤਾ ਹੈ, ਸੂਝ ਹੈ, ਭੁੱਖ ਲਗਦੀ ਹੈ, ਚਾਲ ਹੈ, ਜ਼ੁਬਾਨ ਵੀ ਹੈ ਪਰ ਬੋਲ ਨਹੀਂ, ਦਿਮਾਗ ਹੈ ਪਰ ਵਿਕਸਿਤ ਨਹੀਂ। ਕੇਵਲ ਉਦਰ ਪੂਰਤੀ ਦੀ ਅਤੇ ਔਲਾਦ ਪੈਦਾ ਕਰਨ ਦੀ ਸੂਝ ਹੈ, ਸ੍ਵੈ-ਰੱਖਿਆ ਦੀ ਵੀ ਚੇਤਨਤਾ ਹੈ। ਇਸ ਤਰ੍ਹਾਂ 84 ਲੱਖ ਜੂਨਾਂ ਦੇ ਭਰਮਣ ਤੋਂ ਬਾਅਦ ਮਨੁੱਖਾ ਜਨਮ ਪ੍ਰਾਪਤ ਹੁੰਦਾ ਹੈ। ਮਨੁੱਖ ਵਿਚ ਸਾਰੀ ਕਾਇਨਾਤ ਤੋਂ ਵੱਧ ਚੇਤਨਤਾ ਹੈ। ਅਕਲ ਤੇ ਸੂਝ ਬੂਝ ਵੀ ਵਿਕਸਤ ਹੈ, ਤਾਂ ਹੀ ਉਸ ਨੇ ਬਲਵਾਨ ਤੋਂ ਬਲਵਾਨ ਪਸ਼ੂਆਂ, ਹਾਥੀ, ਘੋੜੇ, ਚੀਤੇ, ਸ਼ੇਰ ਨੂੰ ਵੀ ਕਾਬੂ ਕਰ ਲਿਆ ਹੈ। ਪਹਾੜਾਂ, ਦਰਿਆਵਾਂ ਤੇ ਨਿਯੰਤਰਣ ਹਾਸਲ ਕਰ ਲਿਆ ਹੈ। ਪੁਲਾੜਾਂ ਵਿਚ ਉਡਾਰੀਆਂ ਮਾਰ ਕੇ ਕੁਦਰਤ ਦੀਆਂ ਸ਼ਕਤੀਆਂ ਨੂੰ ਜਾਣਨ

ਲਈ ਬਿਹਬਲ ਹੈ। ਇਸ ਪਾਸ ਜ਼ੁਬਾਨ ਹੈ, ਬੋਲੀ ਹੈ, ਅੱਖਰਾਂ ਦਾ ਗਿਆਨ ਹੈ ਜਿਸ ਨਾਲ ਉਸ ਨੇ ਸਾਰੀ ਮਨੁੱਖਤਾ ਨਾਲ ਸਾਂਝ ਪਾ ਲਈ ਹੈ। ਮਨੁੱਖ ਨੂੰ ਸਾਰੀ ਕਾਇਨਾਤ ਦੀ ਸਰਦਾਰੀ ਪ੍ਰਾਪਤ ਹੈ –

*ਅਵਰ ਜੋਨਿ ਤੇਰੀ ਪਨਿਹਾਰੀ॥*
*ਇਸੁ ਧਰਤੀ ਮਹਿ ਤੇਰੀ ਸਿਕਦਾਰੀ॥ ਅੰਗ - 374*

ਇਸ ਲੰਮੇ ਸਫਰ ਦਾ ਜ਼ਿਕਰ ਗੁਰਬਾਣੀ ਵਿਚ ਇਸ ਪ੍ਰਕਾਰ ਆਇਆ ਹੈ –

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥ ਅੰਗ - 176*

ਭਾਵ ਇਹ ਹੈ ਕਿ ਹੁਣ ਇਸ ਮਨੁੱਖਾ ਜਨਮ ਵਿਚ ਨਾਮ-ਜਪੁ-ਸਿਮਰਨ ਰਾਹੀਂ ਮਨੁੱਖ ਤਰੱਕੀ ਕਰਕੇ ਪ੍ਰਭੂ ਦਾ ਰੂਪ ਹੋ ਸਕਦਾ ਹੈ, ਜਗਦੀਸ਼ ਨੂੰ ਮਿਲ ਸਕਦਾ ਹੈ। ਇਹ ਜੀਵਨ ਗੋਬਿੰਦ ਨੂੰ ਮਿਲਣ ਦੀ ਵਾਰੀ ਹੈ –

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ ਅੰਗ - 12*

ਕੇਵਲ ਨਾਮ ਜਪਣ ਦਾ ਹੀ ਸੰਦੇਸ਼ ਹੈ, ਕੇਵਲ ਨਾਮ-ਜਪੁ-ਸਿਮਰਨ ਰਾਹੀਂ ਹੀ ਗੋਬਿੰਦ ਨਾਲ ਮਿਲਾਪ ਸੰਭਵ ਹੈ। ਗੋਬਿੰਦ ਨਾਲ ਮਿਲਾਪ ਹੀ ਜੀਵਨ ਦਾ ਧੇਅ ਹੈ, ਮੰਤਵ ਹੈ, ਆਦਰਸ਼ ਹੈ, ਨਿਸ਼ਾਨਾ ਹੈ। ਇਸ ਲਈ ਗੁਰੂ ਦੀ ਸ਼ਰਨ ਜਾਣਾ ਹੈ। ਸ਼ਬਦ-ਗੁਰੂ ਦੇ ਲੜ ਲਗ ਕੇ ਨਾਮ-ਜਪ-ਸਿਮਰਨ ਰਾਹੀਂ ਅਸੀਂ ਗੋਬਿੰਦ ਰੂਪ ਹੋ ਕੇ ਸਹਿਜ, ਅਨੰਦ, ਵਿਗਾਸ ਮਾਣ ਸਕਦੇ ਹਾਂ, ਹਉਮੈ ਤੋਂ ਮੁਕਤ ਹੋ ਕੇ ਪ੍ਰਭੂ ਸਰੂਪ ਹੋ ਸਕਦੇ ਹਾਂ।

'ਆਤਮ ਮਾਰਗ' ਨਾਮ-ਜਪੁ-ਸਿਮਰਨ ਦੇ ਇਸ ਸੰਦੇਸ਼ ਨੂੰ ਹੀ ਪਿਛਲੇ 10 ਸਾਲ ਤੋਂ ਪ੍ਰਚਾਰਦਾ ਆ ਰਿਹਾ ਹੈ। 'ਆਤਮ ਮਾਰਗ' ਦੇ ਸੰਚਾਲਕ ਸੰਤ ਮਹਾਰਾਜ ਜੀ ਦਾ ਵੀ ਇਹੋ ਧੇਅ ਸੀ। ਗੁਰਬਾਣੀ ਦੇ ਕੀਰਤਨ ਰਾਹੀਂ ਅਤੇ ਪ੍ਰਵਚਨਾਂ ਰਾਹੀਂ ਆਪ ਜੀ ਨੇ ਸਾਰਾ ਜੀਵਨ ਨਾਮ-ਜਪ ਦਾ ਹੀ ਪ੍ਰਚਾਰ ਤੇ ਪਾਸਾਰ ਕੀਤਾ ਹੈ। ਲੱਖਾਂ ਜੀਵਾਂ ਨੂੰ ਗੁਰੂ ਦੇ ਲੜ ਲਾ ਕੇ ਉਨ੍ਹਾਂ ਨੂੰ ਨਵਾਂ-ਜੀਵਨ ਬਖਸ਼ਿਆ ਹੈ।

ਅਗਸਤ ਦੇ ਮਹੀਨੇ ਵਿਚ ਪਰਮ ਸਤਿਕਾਰਯੋਗ ਸੰਤ ਮਹਾਰਾਜ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦਾ 100ਵਾਂ ਜਨਮ ਦਿਵਸ ਬੜੇ ਪਿਆਰ ਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਉਨ੍ਹਾਂ ਦੀਆਂ ਜੀਵਨ ਝਾਕੀਆਂ ਸਬੰਧੀ ਮਹਾਂਪੁਰਸ਼ਾਂ ਦੇ ਮੁੱਖ ਤੋਂ ਉਚਾਰਨ ਹੋਏ ਪ੍ਰਵਚਨ ਆਪ ਜੀ ਦੇ ਗਿਆਤ ਹਿਤ ਇਸ ਅੰਕ ਵਿਚ ਹਾਜ਼ਰ ਹਨ। ਇਸ ਵਿਚ ਆਪ ਜੀ ਮਹਾਂਪੁਰਸ਼ਾਂ ਦੀ ਘੋਰ ਤਪਸਿਆ ਵਿਸਮਾਦੀ ਅਵਸਥਾ, ਪਰਉਪਕਾਰ ਅਤੇ ਸੰਸਾਰ ਦੇ ਉਧਾਰ ਦੀਆਂ ਅਨੇਕਾਂ ਸਾਖੀਆਂ ਤੇ ਪਰਮਾਣ ਪੜ੍ਹ ਕੇ ਉਨ੍ਹਾਂ ਦੀ ਸੰਗਤ ਮਾਨਣ ਦਾ ਸੁਭਾਗ ਪ੍ਰਾਪਤ ਕਰੋਗੇ। ਵੱਡੇ ਮਹਾਂਪੁਰਸ਼ਾਂ ਨੇ ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਨੂੰ ਪਹਿਲੀ ਮਿਲਣੀ ਤੇ ਹੀ ਪਛਾਣ ਲਿਆ ਸੀ ਅਤੇ ਆਪ ਜੀ ਨੇ ਵੀ ਆਪ ਦੇ ਹੁਕਮਾਂ ਦੀ ਸ੍ਵਾਸ-ਸ੍ਵਾਸ ਪਾਲਨਾ ਕੀਤੀ ਤੇ ਸਾਰਾ ਜੀਵਨ ਪਰਉਪਕਾਰਾਂ ਵਿਚ ਲਾ ਦਿਤਾ। ਵੱਡੇ ਮਹਾਰਾਜ ਵਾਂਗ ਆਪ ਜੀ ਦੀ ਨਾਮ-ਜਪੁ-ਸਿਮਰਨ ਦੀ ਸਾਧਨਾ ਦੀ ਸੁਗੰਧੀ ਦੇਸ ਵਿਦੇਸ਼ਾਂ ਵਿਚ ਫੈਲੀ ਹੈ। ਅੱਜ ਵੀ 'ਆਤਮ ਮਾਰਗ' ਅਤੇ ਹੋਰ ਪੁਸਤਕਾਂ ਤੇ ਵੀਡੀਓ, ਆਡੀਓ ਅਤੇ ਸੀਡੀਆਂ ਰਾਹੀਂ ਗੁਰਮਤਿ ਦਾ ਪ੍ਰਚਾਰ ਦੇਸ ਬਦੇਸ ਵਿਚ ਲਗਾਤਾਰ ਹੋ ਰਿਹਾ ਹੈ। ਸਾਡਾ ਵੀ ਇਹ ਫਰਜ਼ੇ-ਅਵਲੀਨ ਹੈ ਕਿ ਗੁਰੂ ਦੇ ਉਪਦੇਸ਼ਾਂ ਨੂੰ ਜੀਵਨ ਵਿਚ ਕਮਾਈਏ ਅਤੇ ਹੋਰਨਾਂ ਸੰਗੀਆਂ ਸਾਥੀਆਂ ਨੂੰ ਪ੍ਰੇਰਿਤ ਕਰੀਏ ਤਾਕਿ ਸਾਡਾ ਸਭ ਦਾ ਜੀਵਨ ਸੁਖੀ ਤੇ ਸੁਹੇਲਾ ਬਣ ਜਾਵੇ।

ਪਰਉਪਕਾਰੀ ਮਹਾਂਪੁਰਸ਼ਾਂ ਨੇ ਕਠਨ ਘਾਲਣਾ ਘਾਲ ਕੇ ਦੇਸ-ਬਦੇਸ ਵਿਚ ਲੱਖਾਂ ਜੀਵਾਂ ਦਾ ਉਧਾਰ ਕੀਤਾ, ਨਾਮ ਬਾਣੀ ਨਾਲ ਜੋੜਿਆ, ਰੂਹਾਨੀਅਤ ਦੀ ਸੋਝੀ ਦਿਤੀ, ਵਿਸ਼ੇ-ਵਿਕਾਰਾਂ ਤੋਂ ਮੁਕਤ ਹੋਣ ਦੇ ਸਾਧਨ ਦੱਸੇ, ਬੜੇ ਲੰਮੇ ਸਫਰ ਪਿਛੋਂ ਪ੍ਰਾਪਤ ਹੋਏ ਮਨੁੱਖਾ ਜੀਵਨ ਨੂੰ ਸਫਲ ਤੇ ਸੁਖੀ ਕਰਨ ਦੀ ਪ੍ਰੇਰਨਾ ਕੀਤੀ, ਮਾਰਗ ਦਰਸ਼ਨ ਕੀਤਾ ਅਤੇ ਆਤਮਕ-ਜੀਵਨ ਦਾ ਅਨੰਦ, ਸਹਜ, ਖੁਸ਼ੀ ਅਤੇ ਵਿਸਮਾਦ ਬਖਸ਼ਿਸ਼ ਕੀਤਾ।

ਇਸ ਦਾ ਸੰਚਾਰ ਉਨ੍ਹਾਂ ਤੋਂ ਵਰੋਸਾਏ ਗੁਰਮੁਖ ਪਿਆਰਿਆਂ ਰਾਹੀਂ ਨਿਰੰਤਰ ਹੋ ਰਿਹਾ ਹੈ। 'ਆਤਮ ਮਾਰਗ' ਮੈਗਜ਼ੀਨ ਵਿਚ ਵਧੇਰੇ ਲੇਖ ਅਨੁਭਵੀ ਮਹਾਂਪੁਰਸ਼ਾਂ ਦੇ ਹੀ ਹੁੰਦੇ ਹਨ ਜੋ ਜੀਵਨ ਸੇਧ ਬਖਸ਼ਦੇ ਹਨ, ਗੁਰੂ ਨਾਲ, ਨਾਮ-ਬਾਣੀ ਨਾਲ ਜੋੜਦੇ ਹਨ। ਮਹਾਂਪੁਰਸ਼ਾਂ ਦੇ ਬਚਨ ਹਨ, ਜਿਸ ਘਰ ਵਿਚ ਆਤਮ ਮਾਰਗ ਪੜ੍ਹਿਆ ਜਾਵੇਗਾ, ਪਿਆਰ ਵਾਲੇ ਗੁਰੂ ਨਾਲ, ਨਾਮ-ਜਪ-ਸਿਮਰਨ ਨਾਲ ਜੁੜਨਗੇ ਅਤੇ ਨਾਮ ਸਦਕਾ ਉਸ ਘਰ ਵਿਚੋਂ ਸਾਰੇ ਦੁਖ ਕਲੇਸ਼ ਦੂਰ ਹੋ ਜਾਣਗੇ। ਆਓ! ਮਹਾਂਪੁਰਸ਼ਾਂ ਦੇ ਬਚਨ ਕਮਾਈਏ ਤੇ ਵੱਧ ਤੋਂ ਵੱਧ ਪ੍ਰੇਮੀਆਂ ਨੂੰ ਆਤਮ-ਮਾਰਗ ਨਾਲ ਜੋੜੀਏ, ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਤੇ ਮਹਾਂਪੁਰਸ਼ਾਂ ਦੀਆਂ ਅਸੀਸਾਂ।

# ਚਉਥੈ ਪਹਰਿ ਸਬਾਹ ਕੈ

## ਸੁਰਤਿਆ ਉਪਜੈ ਚਾਉ

### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

ਸਾਧਸੰਗਤ ਜੀ।

*ਵਾਹਿਗੁਰੂ ਜੀ ਕਾ ਖਾਲਸਾ*

ਵਾਹਿਗੁਰੂ ਜੀ ਕੀ ਫਤਹਿ

ਤਿੰਨ ਰੋਜ਼ ਤੋਂ 'ਧੁਰ ਕੀ ਬਾਣੀ' ਜਿਸ ਦਾ ਸੇਵਨ ਸਾਰੀਆਂ ਚਿੰਤਾ ਤੋਂ ਮੁਕਤ ਕਰਦਾ ਹੈ, ਕਲਜੁਗ ਦੇ ਅੰਦਰ ਜਿਸ ਦਾ ਮਹਾਤਮ ਕੋਈ ਜਾਣ ਨਹੀਂ ਸਕਦਾ ਕਿ ਕਿੰਨਾ ਹੈ, ਮਹਾਰਾਜ ਜੀ ਦਾ ਓਟ ਆਸਰਾ ਲੈ ਕੇ ਲਗਾਤਾਰ ਉਸ ਦਾ ਪ੍ਰਸਾਰ ਹੋਇਆ ਹੈ। ਸ਼ਰਧਾ, ਭਗਤੀ ਤੇ ਨਿਮਰਤਾ ਦੇ ਨਾਲ ਸੇਵਾ ਕੀਤੀ ਹੈ, ਪਾਠ ਕਰਨ ਵਾਲਿਆਂ ਦੇ ਮਨ ਵਿਚ ਵੀ ਸੀ। ਇਕੋ ਹੀ ਭਾਵਨਾ ਤੇ ਕਾਰਜ ਸੰਪੂਰਨ ਹੋ ਗਏ ਤੇ ਨਿਰਵਿਘਨਤਾ ਸਹਿਤ ਕਾਰਜ ਸ਼ੁਰੂ ਹੋ ਗਏ ਤੇ ਨਿਰਵਿਘਨਤਾ ਸਹਿਤ ਹੀ ਕਾਰਜ ਚਲਦਾ ਰਹੇ, ਇਕ ਇਕ ਲੋਚਾ ਸੀ ਪਾਠ ਕਰਨ ਵਾਲਿਆਂ ਦੀ। ਉਸ ਤੋਂ ਵੀ ਵੱਧ ਲੋਚਾ ਸੀ ਆਹਲੂਵਾਲੀਆ ਸਾਹਿਬ ਦੀ ਤੇ ਪਰਿਵਾਰ ਦੀ, ਮਨ ਦੀ ਨਿਮਰਤਾ ਦੇ ਨਾਲ ਸੇਵਾ ਕਰੀ, ਅਭਿਮਾਨ ਛੱਡਿਆ। ਖੁਦ ਲੰਗਰ ਤਿਆਰ ਕਰਦੇ ਰਹੇ, ਖੁਦ ਬਰਤਨ ਮਾਂਜਦੇ ਰਹੇ ਤੇ ਗੁਰੂ ਮਹਾਰਾਜ ਜੀ ਨੇ ਦੋਹੇਂ ਹੁਕਮ ਕਰ ਦਿਤੇ। ਸੇਵਕ ਨੇ ਸੇਵਾ ਕੀਤੀ ਤੇ ਮਨ ਦੀ ਇਛਿਆ ਪੂਰੀ ਹੋਵੇਗੀ। ਵਿਘਨ ਜੋ ਸਨ ਚਾਹੇ ਉਹ ਘਰ ਦੇ ਉਤੇ ਚਾਹੇ ਸਿਹਤ ਦੇ ਉਤੇ, ਪਰਿਵਾਰ ਦੇ ਉਤੇ, ਆਰਥਿਕ ਸਨ ਜਾਂ ਸਮਾਜਿਕ ਸਨ ਜਾਂ ਭਾਈਚਾਰਕ ਸਨ ਮਹਾਰਾਜ ਕਹਿੰਦੇ ਉਨ੍ਹਾਂ ਦਾ ਨਾਸ਼ ਕਰ ਦਿਤਾ ਗਿਆ। ਇਸ ਦੇ ਉਤੇ ਵਿਚਾਰ ਹੋਇਆ ਕਰਦੀ ਹੈ ਕਿਉਂਕਿ ਮੈਂ ਸੁਣ ਰਿਹਾ ਸੀ ਬੜੇ ਵਿਸਥਾਰ ਵਾਲੀ ਵਿਚਾਰ ਕਿ ਥਰਮਲ ਪਲਾਂਟ ਅੰਖਡਪਾਠ ਕਰਵਾਇਆ ਸੀ ਪ੍ਰੇਮੀਆਂ ਨੇ। ਉਥੇ ਦੋ ਤਿੰਨ ਦੁਰਘਟਨਾਵਾਂ ਹੋ ਕੇ ਇੰਜਨੀਅਰ ਚੜ੍ਹਾਈ ਕਰ ਗਏ ਸੀ ਤੇ ਜਦੋਂ ਕੋਈ ਚਾਰਾ ਨਾ ਚੱਲੇ ਤੇ ਉਸ ਵੇਲੇ ਵਾਹਿਗੁਰੂ ਜੀ ਦੀ ਸ਼ਰਨ ਲੈਣਾ ਸਾਡੇ ਵਾਸਤੇ ਇਕੋ ਇਕ ਰਾਹ ਰਹਿ ਜਾਂਦਾ ਹੈ ਸੁਖ-ਸ਼ਾਂਤੀ ਦਾ। ਸੋ ਉਨ੍ਹਾਂ ਨੇ ਓਟ ਆਸਰਾ ਲਿਆ।

ਉਥੇ ਇਕ ਵਿਚਾਰ ਚੱਲੀ ਸੀ ਕਿ ਕੀ ਜੋ ਕਰਮ ਨੇ ਉਹ ਮਿਟ ਸਕਦੇ ਨੇ ਜਾਂ ਨਹੀਂ ਮਿਟ ਸਕਦੇ ਕਿਉਂਕਿ ਆਦਮੀ ਕਰਮ ਕਰਦਾ ਹੈ। ਕਰਨਾ ਤਾਂ ਇਸ ਦੇ ਅਖਤਿਆਰ ਵਿਚ ਹੈ ਪਰ ਭੋਗਣਾ ਇਸ ਦੇ ਅਖਤਿਆਰ ਵਿਚ ਨਹੀਂ। ਇਸ ਤੋਂ ਜਬਰਦਸਤੀ ਭੁਗਵਾਇਆ ਜਾਂਦਾ ਹੈ -

*ਭੋਗੇ ਬਿਨ ਭਾਗੇ ਨਹੀ ਕਰਮ ਗਤੀ ਬਲਵਾਨ॥*

ਇਹ ਕਰਮਾਂ ਦੀ ਲੜੀ ਚਲਦੀ ਚਲਦੀ ਜਿਸ ਤਰ੍ਹਾਂ ਕਿਤਾਬ ਛਪ ਜਾਂਦੀ ਹੈ ਇਸ ਤਰ੍ਹਾਂ ਦੇ ਨਾਲ ਉਸ ਦੇ ਅਧਿਆਏ ਬਣ ਜਾਂਦੇ ਨੇ, ਉਸ ਦੇ ਵਿਚ ਕੁਝ ਕਰਮ ਜੋੜਦੇ ਨੇ, ਕੁਝ ਕੱਟਦੇ ਨੇ। ਇਹ ਇਕ ਬੜਾ ਨਾ ਸਮਝਿਆ ਜਾਣ ਵਾਲਾ ਗੋਰਖ ਧੰਦਾ ਸਾਮ੍ਹਣੇ ਆ ਜਾਂਦਾ ਹੈ ਕਿ ਪਤਾ ਨਹੀਂ ਲਗਦਾ ਕਿ ਇਹ ਬੰਦਾ ਨੇਕ ਹੈ, ਇਸ ਨੇ ਜਨਮ ਲੈ ਕੇ ਵੀ ਕੋਈ ਮਾੜਾ ਕੰਮ ਨਹੀਂ ਕਰਿਆ। ਫੇਰ ਇਸ ਦੇ ਨਾਲ ਇਹ ਗੱਲਾਂ ਕਿਉਂ ਹੁੰਦੀਆਂ ਨੇ ਤੇ ਦੂਸਰੇ ਪਾਸੇ ਇਕ ਬਦ ਆਦਮੀ ਹੈ-ਬੁਰਿਆਈਆਂ ਕਰਦਾ ਹੈ, ਚੋਰੀਆਂ ਕਰਦਾ ਹੈ, ਮਿਲਾਵਟਾਂ ਕਰਦਾ ਹੈ, ਧੋਖੇ ਦਿੰਦਾ ਹੈ, ਠੱਗੀਆਂ ਕਰਦਾ ਹੈ, ਕਪਟ ਕਰਦਾ ਹੈ, ਛਲ ਕਰਦਾ ਹੈ, ਝੂਠ ਬੋਲਦਾ ਹੈ ਹੋਰ ਅਨੇਕਾਂ ਅਵਗੁਣਾਂ ਦੇ ਵਿਚ ਪਿਆ ਹੋਇਆ ਹੈ ਤੇ ਉਹ ਦਿਨੋ ਦਿਨ ਵਧਦਾ ਜਾਂਦਾ ਹੈ। ਕੁਦਰਤੀ ਤੌਰ ਤੇ ਜਿਹੜਾ ਸੂਝਵਾਨ ਦਿਮਾਗ ਹੈ ਉਸ ਦੇ ਅੰਦਰ ਇਹ ਖਿਆਲ ਆ ਜਾਂਦੇ ਨੇ ਕਿ ਕੀ ਇਹ ਜਿਹੜਾ ਕੁਝ ਕਹਿੰਦੇ ਨੇ ਇਸ ਦੇ ਵਿਚ ਸਤਤਾ ਹੈ ਜਾਂ ਮਿਥਿਆਵਾਦ ਹੈ ਇਹ? ਜੇ ਨਹੀਂ ਹੈ ਤਾਂ ਫੇਰ ਐਸਾ ਕਿਉਂ ਹੈ? ਚੰਗੇ ਆਦਮੀ ਨੂੰ ਕਿਉਂ ਥੱਲੇ ਦਬਾਇਆ ਜਾਂਦਾ ਹੈ, ਮਾੜਾ ਆਦਮੀ ਕਿਉਂ ਉਠਦਾ ਜਾਂਦਾ ਹੈ।

ਸੋ ਐਸਾ ਮਤ ਹੈ ਸ਼ਾਸਤਰਾਂ, ਵੇਦਾਂ ਦਾ ਕਿ ਵਾਹਿਗੁਰੂ ਨੇ ਬੁੱਧੀ ਦਿਤੀ ਹੈ ਮਨੁੱਖ ਨੂੰ। ਬੁੱਧੀ ਦਾ ਪ੍ਰਯੋਗ ਕਰਕੇ ਚੰਗੇ ਤੇ ਮੰਦੇ ਦਾ ਨਿਰਣਾ ਕਰਕੇ ਕਰਮ ਕਰ ਸਕਦਾ, ਉਸ ਦੀ ਸੁਤੰਤਰਤਾ ਦਿਤੀ ਹੋਈ ਹੈ। ਜਦੋਂ ਉਹ ਕਰਮ ਕਰਦਾ ਹੈ ਮਾੜੇ ਤਾਂ ਮਾੜੇ ਕਰਮਾਂ ਦਾ ਫਲ ਉਸ ਨੂੰ ਮਿਲਦਾ ਨਹੀਂ ਹੈ। ਸਾਡਾ ਇਹ ਸੋਚਣਾ ਹੁੰਦਾ ਹੈ ਕਿ ਜਿਵੇਂ ਕਚਹਿਰੀ ਜਾਂ ਕੋਰਟ ਵਿਚ ਜਾ ਕੇ ਅਪੀਲ ਕਰੀ ਜਿਸ ਨੇ ਗਲਤ ਕੰਮ ਕਰਿਆ ਉਸ ਨੂੰ ਸਜ਼ਾ ਹੋ ਗਈ, ਰੱਬ ਨੂੰ ਵੀ ਇਸੇ ਤਰ੍ਹਾਂ ਸਜ਼ਾ ਦੇਣੀ ਚਾਹੀਦੀ ਹੈ ਓਸੇ ਜਨਮ ਦੇ ਅੰਦਰ। ਉਸ ਦੇ ਵਿਚ ਵਾਹਿਗੁਰੂ ਦਾ ਜੋ ਇਕ ਨਿਯਮ ਹੈ ਉਸ ਨੂੰ ਅਸੀਂ ਸਮਝ ਨਹੀਂ ਸਕਦੇ। ਕਈਆਂ ਨੂੰ ਤਾਂ ਇਸੇ ਜਨਮ ਦੇ ਅੰਦਰ ਸਜ਼ਾ ਮਿਲ ਜਾਂਦੀ ਹੈ, ਕਈਆਂ ਨੂੰ ਇਕ ਜਨਮ ਤੋਂ ਬਾਅਦ ਮਿਲ ਜਾਂਦੀ ਹੈ, ਕਈਆਂ ਨੂੰ ਸੌ ਜਨਮ ਤੋਂ ਬਾਅਦ ਸਜ਼ਾ ਮਿਲਦੀ ਹੈ, ਕਈਆਂ ਨੂੰ ਹਜ਼ਾਰ ਜਨਮ ਤੋਂ ਬਾਅਦ ਮਿਲਦੀ ਹੈ, ਕਈਆਂ ਨੂੰ ਇਕ-ਇਕ ਜੁਗ ਲੰਘ ਜਾਂਦਾ ਹੈ, ਜਿਵੇਂ ਦੁਆਪਰ ਜੁਗ 8,64000 ਸਾਲ ਦਾ ਹੈ

ਇਸ ਪੂਰੇ ਜੁਗ ਦੇ ਅੰਦਰ ਉਸ ਨੂੰ ਸਜ਼ਾ ਨਹੀਂ ਮਿਲੀ। ਕਰਮ ਕੀਤਾ ਸੀ ਤ੍ਰੇਤੇ ਜੁਗ ਦੇ ਅੰਦਰ ਤੇ ਭੁਗਤਿਆ ਕਲਜੁਗ ਦੇ ਅੰਦਰ। ਐਸੀਆਂ ਬੇਅੰਤ ਮਿਸਾਲਾਂ ਹਨ। ਜਨਮ-ਸਾਖੀਆਂ ਵਿਚ ਵੀ ਆਉਂਦੀਆਂ ਨੇ ਤੇ ਇਤਿਹਾਸ ਵਿਚ ਵੀ ਆਉਂਦੀਆਂ ਨੇ, ਬਾਕੀ ਇਤਿਹਾਸਾਂ ਵਿਚ ਵੀ ਇਹ ਆਉਂਦੀਆਂ ਨੇ। ਉਸ ਦਾ ਕਾਰਨ ਇਹ ਹੈ ਕਿ ਇਹ ਦੁਨੀਆਂ ਬੇਅੰਤ ਵਿਸ਼ਾਲ ਹੈ, ਜਿਵੇਂ ਨਦੀ ਚਲਦੀ ਹੈ ਕੋਲੋਂ ਦੀ ਜਦੋਂ ਉਸ ਦੇ ਵਿਚ ਪਾਣੀ ਆਉਂਦਾ ਹੈ ਤਾਂ ਘੁੰਮਣ-ਘੇਰੀਆਂ ਬਣ ਬਣ ਕੇ ਰੇਤਾ ਚੁੱਕ ਲੈਂਦੀ ਹੈ ਉਹ। ਉਥੋਂ ਲਿਜਾ ਕੇ ਚਾਰ ਮੀਲ ਤੇ ਜਾ ਕੇ ਛੱਡ ਦਿੰਦੀ ਹੈ, ਉਥੋਂ ਚੁੱਕ ਲੈਂਦੀ ਹੈ ਉਥੋਂ ਫੇਰ ਕਿਤੇ 10 ਗਜ਼ ਤੇ ਜਾ ਕੇ ਛੱਡ ਦਿੰਦੀ ਹੈ। ਮਹਾਰਾਜ ਕਹਿੰਦੇ ਇਹੀ ਹਿਸਾਬ ਸੰਸਾਰ ਦਾ ਹੈ-

***ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ॥ ਅੰਗ - 1238***

ਕਹਿੰਦੇ ਜੁੜ ਜਾਂਦੇ ਹਾਂ ਫੇਰ ਵਿਛੜ ਜਾਂਦੇ ਹਾਂ, ਫੇਰ ਵਿਛੜ ਜਾਂਦੇ ਹਾਂ ਤੇ ਫੇਰ ਜੁੜ ਜਾਂਦੇ ਹਾਂ ਜਿਵੇਂ ਉਹ ਕੁਦਰੀ ਨਿਯਮ ਹੈ। ਰੇਤਾ ਉਥੋਂ ਚੁਕਿਆ ਅੱਗੇ ਮਿਲਾ ਦਿਤਾ ਪਿਛਲਾ ਚੁੱਕਿਆ ਫੇਰ ਅੱਗੇ ਮਿਲਾ ਦਿਤਾ। ਇਸ ਤਰ੍ਹਾਂ ਦੇ ਨਾਲ ਇਹ ਜੀਵਾਂ ਦੇ ਕਰਮਾਂ ਦੀ ਖੇਡ ਚਲ ਰਹੀ ਹੈ। ਇਨ੍ਹਾਂ ਦੀ ਕੋਈ ਗਿਣਤੀ ਨਹੀਂ ਹੈ। ਮਹਾਰਾਜ ਜੀ ਨੇ ਵਿਸਥਾਰ ਨਾਲ ਨਹੀਂ ਇਹ ਗੱਲ ਕਰੀ, ਕਹਿੰਦੇ -

***ਜੀਅ ਜੰਤ ਸਭਿ ਖਸਮ ਕੇ ਕਉਣੁ ਕੀਮਤਿ ਪਾਵੈ॥***
***ਅੰਗ - 1193***

ਐਡੀ ਵੱਡੀ ਗੱਲ ਹੈ ਕਿ ਇਸ ਦੇ ਬਾਰੇ ਐਨਾ ਕੁ ਹੀ ਠੀਕ ਹੈ ਕਿ ਜਿੰਨਾ ਕੁ ਜਾਣਦੇ ਹੋ, ਠੀਕ ਹੈ। ਬਹੁਤ ਵਿਸਥਾਰ ਵਿਚ ਜਾ ਕੇ ਇਹ ਗੱਲ ਖਤਮ ਹੋਣ ਵਾਲੀ ਨਹੀਂ ਹੈ। ਸੌ ਸੌ ਜਨਮ ਲੰਘ ਜਾਂਦਾ ਹੈ ਰਾਜ ਕਰੀ ਜਾਂਦੇ ਨੇ, ਚੜ੍ਹਦੀ ਕਲਾ ਹੋਈ ਜਾਂਦੀ ਹੈ। ਇਹ ਸਵਾਲ ਕ੍ਰਿਸ਼ਨ ਮਹਾਰਾਜ ਜੀ ਤੇ ਧ੍ਰਿਤਰਾਸ਼ਟਰ ਨੇ ਕਰਿਆ ਸੀ।

ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, ਹੇ ਰਾਜਨ! ਤੇਰੇ ਪਰਿਵਾਰ ਦਾ ਬੜਾ ਨੁਕਸਾਨ ਹੋਇਆ ਹੈ, ਪੁੱਤਰ ਮਾਰੇ ਗਏ, ਬੱਚੇ ਯਤੀਮ ਹੋ ਗਏ, ਰਾਜ ਹੱਥੋਂ ਖੁਸ ਗਿਆ, ਬੜਾ ਅਫਸੋਸ ਹੈ ਅਸੀਂ ਤੇਰੇ ਕੋਲ ਅਫਸੋਸ ਕਰਨ ਆਏ ਹਾਂ।

ਪਰ ਉਸ ਦਾ ਮਨ ਹੋਰ ਪਾਸੇ ਹੀ ਕੰਮ ਕਰਦਾ ਸੀ।

ਉਹ ਕਹਿੰਦਾ, "ਠੀਕ ਹੈ ਮਹਾਰਾਜ! ਯੁੱਧ ਹੋਇਆ ਇਕ ਜਿੱਤ ਗਿਆ ਦੂਜਾ ਹਾਰ ਗਿਆ। ਮੇਰੇ ਪੁੱਤਰ ਵੀਰ-ਗਤੀ ਪ੍ਰਾਪਤ ਕਰਕੇ ਸਵਰਗਾਂ ਨੂੰ ਚਲੇ ਗਏ ਲੇਕਿਨ ਭਗਵਾਨ! ਮੇਰੇ ਮਨ ਵਿਚ ਇਕ ਜ਼ਬਰਦਸਤ ਸ਼ੰਕਾ ਹੈ ਕਿ ਮੈਂ ਕੋਈ ਐਸਾ ਕੁਕਰਮ ਤਾਂ ਕਰਿਆ ਨਹੀਂ ਤੇ ਮੈਨੂੰ ਐਡੀ ਵੱਡੀ ਸਜ਼ਾ ਕਿਉਂ ਮਿਲ ਗਈ? ਮੇਰਾ ਰਾਜ ਕਿਉਂ ਜਾਂਦਾ ਰਿਹਾ?

ਕ੍ਰਿਸ਼ਨ ਮਹਾਰਾਜ ਕਹਿੰਦੇ, "ਐਸੀ ਬਾਤ ਪ੍ਰਭੂ ਦੇ ਇੰਤਜ਼ਾਮ ਵਿਚ ਨਹੀਂ ਹੋ ਸਕਦੀ ਕਿਉਂਕਿ ਉਹ ਆਪ ਪੂਰਾ ਹੈ ਉਸ ਦੇ ਸਾਰੇ ਹੀ ਕਰਮ ਪੂਰੇ ਨੇ। ਕਿਤੇ ਅਧੂਰਾਪਣ ਆਉਂਦਾ ਹੀ ਨਹੀਂ ਉਸ ਦੇ ਵਿਚ। ਹੁਕਮ ਹੈ, ਹੁਕਮ ਨੂੰ ਬੁੱਝ ਜਾਵੇਂ ਤਾਂ ਗੱਲ ਨਿਬੜ ਜਾਂਦੀ ਹੈ।

ਕਹਿੰਦਾ, "ਮੈਂ ਸੌ ਜਨਮ ਤਕ ਦੇਖ ਲਿਆ ਪਰ ਮੇਰਾ ਕੋਈ ਕਰਮ ਐਸਾ ਨਹੀਂ ਹੈ।"

ਕ੍ਰਿਸ਼ਨ ਮਾਹਾਰਾਜ ਨੇ ਸ਼ਕਤੀ ਦੇ ਦਿਤੀ, ਕਹਿੰਦੇ, ਹੁਣ ਦੇਖ 107ਵਾਂ ਜਨਮ।"

ਉਸ ਦੇ ਵਿਚ ਕੀ ਦੇਖਦਾ ਹੈ ਕਿ ਇਕ ਰਾਜਾ ਹੈ ਕਿਸੇ ਥਾਂ ਦਾ। ਮਾਸ ਖਾਣ ਦਾ ਸ਼ੌਕ ਹੈ। ਇਕ ਦਿਨ ਮਾਸ ਮਿਲਿਆ ਨਾ, ਬਾਵਰਚੀਆਂ ਨੇ ਕਿਹਾ ਕਿ ਜੇ ਹੁਕਮ ਹੋਵੇ ਤਾਂ ਜਿਹੜੇ ਸੌ ਹੰਸਾਂ ਦੇ ਬੱਚੇ ਪਾਲੇ ਨੇ ਆਪਾਂ, ਇਨ੍ਹਾਂ ਵਿਚੋਂ ਇਕ ਬਣਾ ਲਈਏ। ਕਹਿੰਦਾ ਬਣਾ ਲਓ। ਉਹ ਸੁਆਦ ਲੱਗਿਆ, ਕਹਿੰਦਾ ਇਹ ਰੋਜ਼ ਹੀ ਬਣਾਓ। ਇਹ ਤਾਂ ਬੜਾ ਸਵਾਦ ਹੈ। ਉਸ ਨੇ ਤਿੰਨ ਮਹੀਨੇ 10 ਦਿਨ ਦੇ ਅੰਦਰ 100 ਬੱਚਾ ਹੰਸਾਂ ਦਾ ਖਾ ਲਿਆ। ਉਸ ਤੋਂ ਬਾਅਦ ਹੰਸਾਂ ਦੇ ਮਾਤਾ-ਪਿਤਾ ਆ ਜਾਂਦੇ ਨੇ ਮਾਨ-ਸਰੋਵਰ ਤੋਂ। ਮੌਸਮ ਆ ਗਿਆ ਤੇ ਉਥੇ ਆ ਕੇ ਦੇਖਿਆ ਤਾਂ ਬੱਚੇ ਹੈ ਨਹੀਂ। ਪੰਛੀਆਂ ਦੇ ਵਿਚੋਂ ਸਭ ਤੋਂ ਜ਼ਿਆਦਾ ਮੋਹ ਦੋ ਤਿੰਨ ਪੰਛੀਆਂ ਨੂੰ ਹੁੰਦਾ ਹੈ, ਇਕ ਸਾਰਸ ਨੂੰ ਤੇ ਇਕ ਹੰਸ ਨੂੰ। ਇਹ ਬੱਚਿਆਂ ਦਾ ਮੋਹ ਬਹੁਤ ਰਖਦੇ ਨੇ। ਵੱਡੇ-ਵੱਡੇ ਪਰਿਵਾਰ ਹੋ ਜਾਂਦੇ ਨੇ, ਵੱਡੀਆਂ ਵੱਡੀਆਂ ਇਨ੍ਹਾਂ ਦੀਆਂ ਡਾਰਾਂ ਹੋ ਜਾਂਦੀਆਂ ਨੇ, ਇਕੱਠੇ ਰਹਿੰਦੇ ਨੇ, ਇਕੱਠੇ ਹੀ ਉਡਦੇ ਨੇ ਤੇ ਇਕ ਪਰਿਵਾਰਕ ਤਰੀਕੇ ਦੇ ਨਾਲ ਰਹਿੰਦੇ ਨੇ।

ਦੂਸਰਾ ਪਸ਼ੂਆਂ ਦੇ ਵਿਚੋਂ ਜੋ ਸਭ ਤੋਂ ਜ਼ਿਆਦਾ ਮੋਹ ਹੈ ਇਹ ਬਾਂਦਰ ਨੂੰ ਹੋਇਆ ਕਰਦਾ ਹੈ। ਮਰ ਜਾਂਦਾ ਹੈ ਬੱਚਾ ਬਾਂਦਰੀ ਛੱਡਦੀ ਨਹੀਂ, ਨਾਲ ਹੀ ਲਈ ਫਿਰਦੀ ਹੈ, ਜਦੋਂ ਤੱਕ ਦੂਸਰਾ ਬੱਚਾ ਨਹੀਂ ਹੁੰਦਾ, ਪਿੰਜਰ ਨਹੀਂ ਛੱਡਦੀ। ਸੋ ਇਹ ਜੋ ਪੰਛੀ ਸੀ ਘਬਰਾ ਗਏ ਤੇ ਰਾਜ-ਮਹੱਲਾਂ ਦੇ ਦੁਆਲੇ ਘੁੰਮਦਿਆਂ ਨੇ ਪ੍ਰਾਣ ਤਿਆਗ ਦਿਤੇ।

ਸਾਰੀ ਫਿਲਮ ਦੇਖਣ ਤੋਂ ਬਾਅਦ। ਕਹਿਣ ਲੱਗਿਆ, "ਮਹਾਰਾਜ! ਮੈਂ ਜਮਾਂਦਰੂ ਅੰਨ੍ਹਾਂ ਕਿਉਂ ਹਾਂ?"

ਕਹਿੰਦੇ, "ਉਹ ਵੀ ਦੇਖ ਲੈ।"

ਕੀ ਦੇਖਦਾ ਹੈ ਕਿ 104 ਜਨਮ ਪਹਿਲਾਂ ਇਕ ਬੱਚਾ ਹੈ ਦੂਜੇ ਬੱਚਿਆਂ ਨਾਲ ਖੇਡਦਾ ਫਿਰਦਾ ਹੈ ਤੇ ਉਸ ਨੇ ਟਿੱਡਾ ਫੜ ਲਿਆ, ਉਨ੍ਹਾਂ ਨੇ ਵੀ ਫੜ ਲਏ। ਉਨ੍ਹਾਂ ਨੇ ਕੱਚੇ ਧਾਗੇ ਨਾਲ ਬੰਨ੍ਹ ਕੇ ਜਿਵੇਂ ਪਤੰਗ ਉਡਾਈਦੀ ਹੈ, ਉਸ ਤਰ੍ਹਾਂ ਦੇ ਨਾਲ ਉਥੇ ਉਡਾਉਣੇ ਸ਼ੁਰੂ ਕਰੇ, ਛਾਲ ਮਾਰਦਾ ਹੈ ਤੇ ਧਾਗਾ ਟੁੱਟ ਜਾਂਦਾ ਹੈ ਤੇ ਉਹ ਛੁਟ ਕੇ ਉਡ ਜਾਂਦੇ

ਨੇ, ਉਹ ਕੱਚਾ ਧਾਗਾ ਹੋਣ ਕਰਕੇ ਟੁੱਟ ਜਾਂਦਾ ਹੈ। ਇਸ ਨੇ ਸੂਲ ਤੋੜੀ ਤੇ ਲਿਆ ਕੇ ਦੋਵੇਂ ਅੱਖਾਂ ਵਿਚੀਂ ਸਾਰ-ਪਾਰ ਕੱਢ ਦਿਤੀ, ਛੱਡ ਦਿਤਾ ਤੇ ਤੜਫ ਕੇ ਉਹ ਟਿੱਡਾ ਮਰ ਗਿਆ।

ਦੋਵੇਂ ਜਨਮ ਦਿਖਾਉਣ ਤੋਂ ਬਾਅਦ ਕਹਿਣ ਲੱਗੇ, ਕਿਉਂ ਧ੍ਰਿਤਰਾਸ਼ਟਰ? ਹੁਣ ਤੂੰ ਆਪ ਹੀ ਦੇਖ ਤੂੰ ਸੌ ਬੱਚਾ ਖਾਧਾ ਸੀ ਤੇ ਤੇਰਾ ਸੌ ਬੱਚਾ ਮਰਨਾ ਸੀ ਤੇ ਤੂੰ ਅੱਖਾਂ ਅੰਨ੍ਹੀਆਂ ਕੀਤੀਆਂ ਸੀ ਤੇ ਤੇਰੀਆਂ ਹੋਣੀਆਂ ਸੀ।

ਕਹਿਣ ਲੱਗਿਆ, ਮਹਾਰਾਜ! ਐਨਾ ਸਮਾਂ ਕਿਉਂ ਲਾਇਆ 107 ਜਨਮ ਤੱਕ ਮੈਨੂੰ ਸਜ਼ਾ ਨਾ ਮਿਲੀ?"

ਉਹ ਕਹਿੰਦੇ, ਤੇਰੇ ਪੁੰਨ ਕਰਮ ਐਨੇ ਜ਼ਿਆਦਾ ਸੀ ਕਿ ਪਾਪ ਕਰਮਾਂ ਦੀ ਵਾਰੀ ਨਹੀਂ ਸੀ ਆ ਰਹੀ। ਇਨ੍ਹਾਂ ਜਿੰਨਿਆਂ ਨੇ ਆ ਕੇ ਸਜ਼ਾ ਭੁਗਤਣੀ ਸੀ ਇਹ ਵੀ ਸਭ ਕੋਈ ਕਿਸੇ ਥਾਂ ਸੀ, ਕੋਈ ਕਿਸੇ ਥਾਂ ਸੀ।

ਜਿਸ ਤਰ੍ਹਾਂ ਕੋਈ ਬਹੁਤ ਵੱਡਾ ਕਾਰਖਾਨਾ ਹੁੰਦਾ ਹੈ ਉਸ ਦੇ ਵਿਚ ਚੱਕਰੀਆਂ ਲੱਗੀਆਂ ਹੋਣ, ਸੈਂਕੜੇ ਕਿਤੇ ਹਜ਼ਾਰ ਸਾਲ ਬਾਅਦ ਹੀ ਵਾਰੀ ਆਉਂਦੀ ਹੈ ਕਿ ਮੁੜ ਕੇ ਜਦੋਂ ਸ਼ੁਰੂ ਕੀਤੇ ਸੀ। ਸਾਰੇ ਚੱਕਰ ਉਸੇ ਹਾਲਤ ਵਿਚ ਆ ਜਾਣ। ਇਸੇ ਤਰ੍ਹਾਂ ਨਾਲ ਜਦੋਂ ਕਰਮ ਕਰਦੇ ਹਾਂ ਤਾਂ ਬੜੀ ਦੇਰ ਤੋਂ ਬਾਅਦ ਘੁੰਮ-ਘੁੰਮਾ ਕੇ ਜੀਵ ਆਉਂਦੇ ਨੇ, ਜੀਵਾਂ ਦੇ ਆਉਣ ਤੇ ਫੇਰ ਉਹ ਕਰਮਾਂ ਦਾ ਸਮਾਂ ਆਉਂਦਾ ਹੈ ਤੇ ਉਹ ਆਪਣਾ ਫਲ ਦੇਣਾ ਸ਼ੁਰੂ ਕਰ ਦਿੰਦਾ ਹੈ।

ਕਹਿਣ ਲੱਗੇ, "ਇਸ ਕਰਕੇ ਤੈਨੂੰ ਦੇਰ ਲੱਗੀ ਕਿ ਤੇਰੇ ਪੁੰਨ ਕਰਮ ਬਹੁਤੇ ਸੀ ਵਾਰੀ ਨਹੀਂ ਸੀ ਆ ਰਹੀ, ਸੋ ਹੁਣ ਵਾਰੀ ਆਈ ਹੈ ਤਾਂ ਤੈਨੂੰ ਦੋਵੇਂ ਸਜ਼ਾਵਾਂ ਮਿਲ ਗਈਆਂ। ਨੇਤਰਾਂ ਤੋਂ ਵੀ ਜਾਂਦਾ ਰਿਹਾ ਤੇ ਤੇਰੇ ਬੱਚੇ ਵੀ ਸੌ ਦੇ ਸੌ ਮਰ ਗਏ।

ਸੋ ਇਕ ਦੋ ਐਸੀਆਂ ਮਿਸਾਲਾਂ ਨੇ ਇਤਿਹਾਸ ਦੇ ਅੰਦਰ ਜਿਥੇ ਸਜ਼ਾ ਮਿਲੀ ਹੈ। ਸੋ ਇਹ ਹੈ ਕਿ ਕਰਮ ਕਰਕੇ ਮਹਾਰਾਜ ਕਹਿੰਦੇ ਜ਼ਰੂਰ ਭੋਗਣਾ ਪੈਂਦਾ ਹੈ-

ਬੜੀਆਂ ਮਿਸਾਲਾਂ ਆਈਆਂ ਨੇ ਜਿਵੇਂ -

***ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥***

*ਅੰਗ - 937*

ਦਰਗਾਹ ਵਿਚੋਂ ਜਦੋਂ ਜੀਵ ਨੂੰ ਭੇਜਦੇ ਨੇ ਤਾਂ ਉਸ ਦਾ ਲੇਖਾ-ਜੋਖਾ ਕਰਨ ਵਾਲਾ ਨਾ ਬ੍ਰਹਮਾ ਹੈ, ਨਾ ਵਿਸ਼ਨੂੰ, ਨਾ ਸ਼ਿਵ ਜੀ ਹੈ, ਨਾ ਧਰਮਰਾਜ ਹੈ, ਨਾ ਬਿਧਿ-ਮਾਤਾ ਜਿਹੜੀ ਲਿਖਦੀ ਹੈ ਉਹ ਵੀ ਨਹੀਂ ਹੈ। ਬਿਧਿ-ਮਾਤਾ ਕਹਿੰਦੀ ਹੈ ਕਿ ਮੈਂ ਤਾਂ ਮੱਥੇ ਦੇ ਨਾਲ ਕਲਮ ਲਾਉਂਦੀ ਹਾਂ ਉਸ ਤੋਂ ਬਾਅਦ ਕੀ ਲਿਖਿਆ ਜਾਂਦਾ ਹੈ ਇਹ ਮੈਨੂੰ ਕੋਈ ਪਤਾ ਨਹੀਂ ਹੈ, ਆਪਣੇ ਆਪ ਹੀ ਹੁੰਦਾ ਹੈ ਮੈਂ ਨਹੀਂ ਲਿਖਦੀ ਕੁਝ, ਕਲਮ ਆਪ ਹੀ ਚਲਦੀ ਹੈ। ਮਹਾਰਾਜ ਕਹਿੰਦੇ -

***ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ॥***

*ਅੰਗ - 74*

ਉਹ ਜੀਵ ਜਦੋਂ ਸੰਸਾਰ ਤੇ ਆਉਂਦਾ ਹੈ ਤਾਂ ਉਹ ਕਰਮਾਂ ਦਾ ਲੇਖ ਲੈ ਕੇ ਆਉਂਦਾ ਹੈ। ਮੁਸ਼ਕਲ ਇਹ ਹੋ ਜਾਂਦੀ ਹੈ ਕਿ ਉਹ ਬੜੀ ਜੱਦੋ-ਜਹਿਦ ਕਰਦਾ ਹੈ, ਬੜੇ ਕੰਮ ਕਰਦਾ ਹੈ ਪਰ ਉਹ ਕਰਮ ਪੇਸ਼ ਨਹੀਂ ਜਾਣ ਦਿੰਦੇ। ਵਾਹਿਗੁਰੂ ਜੀ ਦਾ ਸੁਭਾਅ ਹੈ -

***ਸਦਾ ਸਦਾ ਸਦਾ ਦਇਆਲ॥***
***ਸਿਮਰਿ ਸਿਮਰਿ ਨਾਨਕ ਭਏ ਨਿਹਾਲ॥*** *ਅੰਗ - 275*

ਦਇਆਲੁ ਸੁਭਾਅ ਹੋਣ ਕਰਕੇ ਪ੍ਰਭੂ ਦੇ ਏਸ ਪ੍ਰਬੰਧ ਦੇ ਵਿਚ ਇਕ ਬਹੁਤ ਹੀ ਸੁੰਦਰ ਚੀਜ਼ ਹੈ ਜਿਸਨੂੰ ਬਖਸ਼ਿਸ਼ ਕਹਿੰਦੇ ਨੇ, ਦਇਆਲਤਾ ਕਹਿੰਦੇ ਨੇ। ਜੀਵ ਦੁਖੀ ਹੁੰਦਾ ਹੈ ਪਰ ਪ੍ਰਮੇਸ਼ਰ ਦੀ ਸ਼ਰਨ ਵਿਚ ਆ ਗਿਆ, ਭਜਨ-ਬੰਦਗੀ ਕਰਦਾ ਹੈ, ਪ੍ਰਮੇਸ਼ਰ ਵਲੋਂ ਪ੍ਰਵਾਨ ਹੋਈਆਂ ਹੋਈਆਂ ਰੂਹਾਂ ਜਿਨ੍ਹਾਂ ਨੂੰ ਸਾਧੂ-ਸੰਤ, ਮਹਾਂਪੁਰਸ਼ ਕਹਿੰਦੇ ਨੇ, ਗੁਰੂ ਕਹਿੰਦੇ ਨੇ ਉਹ ਪ੍ਰਮੇਸ਼ਰ ਨੂੰ ਪਿਆਰੀਆਂ ਹੁੰਦੀਆਂ ਨੇ। ਵਾਹਿਗੁਰੂ ਨੇ ਇਕ ਨਿਯਮ ਰੱਖਿਆ ਹੋਇਆ ਹੈ ਸਾਰੀ ਪ੍ਰਕ੍ਰਿਤੀ ਦੇ ਅੰਦਰ ਤੇ ਵਾਹਿਗੁਰੂ ਦਾ ਕੀਤਾ ਹੋਇਆ ਕੰਮ ਜੇ ਉਸ ਦੇ ਪਿਆਰੇ ਚਾਹੁੰਣ ਤਾਂ ਬਦਲ ਦਿੰਦੇ ਨੇ, ਪ੍ਰਾਕ੍ਰਿਤੀ ਦਾ ਸੁਭਾਅ ਬਦਲ ਦਿੰਦੇ ਨੇ।

ਬਾਬਾ ਬੀਰ ਸਿੰਘ ਜੀ ਦੇ ਪਾਸ ਮਹਾਰਾਜਾ ਰਣਜੀਤ ਸਿੰਘ ਆਉਂਦੇ ਨੇ ਤੇ ਆ ਕੇ ਬਾਬਾ ਜੀ ਨੂੰ ਕਹਿਣ ਲੱਗੇ ਕਿ ਜੇ ਛੇਤੀ ਤੋਂ ਛੇਤੀ ਅਸੀਂ ਜਮਰੌਦ ਦੇ ਕਿਲ੍ਹੇ 'ਚ ਨਾ ਪਹੁੰਚੇ ਤਾਂ ਮੁਲਖਈਏ ਦਾ ਐਨਾ ਜ਼ੋਰ ਹੈ ਤੇ ਦੋ ਲੱਖ ਬੰਦਾ ਇਕੱਠਾ ਹੋਇਆ ਹੋਇਆ ਹੈ ਤੇ ਜੇ ਜਮਰੌਦ ਫਤਹਿ ਹੋ ਗਿਆ ਤਾਂ ਇਸੇ ਅਫਗਾਨਿਸਤਾਨ ਵਿਚੋਂ 3 ਲੱਖ ਲੁਟੇਰਾ ਹੋਰ ਚੱਲ ਪੈਣਾ ਹੈ ਤੇ ਸਿੱਖ ਰਾਜ ਅਜੇ ਨਵਾਂ-ਨਵਾਂ ਹੈ, ਐਨੀ ਫੌਜ ਹੈ ਨਹੀਂ ਸਾਡੇ ਕੋਲ ਕਿ ਐਡੀ ਯਲਗਾਰ ਦਾ ਅਸੀਂ ਮੁਕਾਬਲਾ ਕਰ ਸਕੀਏ, ਮੁੜ ਕੇ ਓਹੀ ਹਫੜਾ-ਦਫੜੀ, ਓਹੀ ਬੇਚੈਨੀ, ਓਹੀ ਬੱਚੀਆਂ ਫੜੀਆਂ ਜਾਣਗੀਆਂ, ਲੁੱਟਾਂ-ਮਾਰਾਂ ਹੋਣਗੀਆਂ ਸਤਿ ਟੁੱਟਣਗੇ, ਕੁਹਰਾਮ ਮਚੇਗਾ। ਸੋ ਬਾਬਾ ਜੀ ਏਸ ਵੇਲੇ ਕ੍ਰਿਪਾ ਕਰੋ।

ਆਪ ਸਮਰੱਥ ਪੁਰਸ਼ ਸਨ। ਪ੍ਰਕ੍ਰਿਤੀ ਦੇ ਨਿਯਮ ਦੇ ਵਿਰੁੱਧ ਕਰਨਾ ਪੈਣਾ ਸੀ। ਇਕ ਪਾਸੇ ਪਰਉਪਕਾਰ ਸੀ ਦੂਜੇ ਪਾਸੇ ਪ੍ਰਮੇਸ਼ਰ ਦੇ ਨਾਲ, ਉਸ ਦੀ ਬਣਾਈ ਹੋਈ ਪ੍ਰਕ੍ਰਿਤੀ ਦੇ ਨਾਲ ਇਕ ਬੜਾ ਸੰਘਰਸ਼ ਸੀ। ਸੋ ਦੋਵੇਂ ਪਾਸੇ ਤੋਲ ਕੇ ਕਿਉਂਕਿ ਪਰਉਪਕਾਰ ਮਹਾਂਪੁਰਸ਼ਾਂ ਵਿਚ ਹੁੰਦਾ ਹੈ -

***ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥*** *ਅੰਗ - 273*

ਉਨ੍ਹਾਂ ਨੇ ਦਰਿਆ ਅਟਕ ਦੇ ਕੋਲ ਜਾ ਕੇ ਅਵਾਜ਼

ਦਿਤੀ ਕਿ ਅਸੀਂ ਪਾਠ ਕਰਨਾ ਹੈ, ਸੁਖਮਨੀ ਸਾਹਿਬ ਦਾ ਤੇ ਤੂੰ ਰਾਹ ਦੇ ਦੇ, ਖੜ੍ਹ ਜਾਹ ਜਿੱਥੇ ਹੈਂ। ਪਾਣੀ ਦਾ ਸੁਭਾਅ ਵਹਿਣਾ ਹੁੰਦਾ ਹੈ ਪਾਣੀ ਕਦੇ ਰੁਕਦਾ ਨਹੀਂ ਹੁੰਦਾ। ਜੇ ਬੰਨ੍ਹ ਲਾ ਦਿਓ ਤਾਂ ਪਾਣੀ ਉਥੇ ਆ ਕੇ ਜਮ੍ਹਾਂ ਹੋਈ ਜਾਂਦਾ ਹੈ ਇਕ ਸਮਾਂ ਆਉਂਦਾ ਹੈ ਕਿ ਜੇ ਉਸ ਨੂੰ ਨਾ ਨਿਕਾਸੀ ਮਿਲੇ ਤਾਂ ਬੰਨ੍ਹ ਦੇ ਉਤੋਂ ਦੀ ਹੋ ਕੇ ਚਲਣਾ ਸ਼ੁਰੂ ਹੋ ਜਾਂਦਾ ਹੈ, ਰੁਕਿਆ ਨਹੀਂ ਕਰਦਾ। ਜਿਥੋਂ-ਜਿਥੋਂ ਪਾਣੀ ਆ ਰਿਹਾ ਹੈ, ਪਹਾੜ ਦੀ ਚੋਟੀ ਤੋਂ ਆ ਰਿਹਾ ਹੈ। ਹੁਣ ਕਿੱਡੀ ਵੱਡੀ ਬਾਤ ਸੀ ਮਹਾਂਪੁਰਸ਼ਾਂ ਦੇ ਸਾਮ੍ਹਣੇ ਕਿ ਜਿਹੜੀਆਂ ਬਰਫਾਂ ਪਿਘਲ ਰਹੀਆਂ ਨੇ, ਉਹ ਪਿਘਲਣ ਤੋਂ ਹਟ ਜਾਣ, ਜਿਹੜੇ ਪਹਾੜ ਤੋਂ ਪਾਣੀ ਹੇਠਾਂ ਨੂੰ ਗਿਰ ਰਿਹਾ ਹੈ ਉਹ ਉਸ ਥਾਂ ਤੇ ਖੜ੍ਹ ਜਾਵੇ, ਜਿਨ੍ਹਾਂ ਨਦੀਆਂ-ਨਾਲਿਆਂ 'ਚੋਂ ਪਾਣੀ ਆ ਰਿਹਾ ਹੈ ਉਹ ਸਾਰੇ ਨਦੀ ਨਾਲੇ ਉਸੇ ਥਾਂ ਤੇ ਖੜ੍ਹ ਜਾਣ, ਇਸ ਦੇ ਵਿਚ ਫੌਜ ਨੂੰ ਲੰਘਣ ਜੋਗਾ ਥਾਂ ਮਿਲ ਜਾਵੇ ਤੇ ਪਾਣੀ ਖੜ੍ਹ ਕੇ ਉਤਰ ਜਾਵੇ। ਸੋ ਇਹ ਇਕ ਐਸਾ ਕਾਰਜ ਸੀ ਜਿਸ ਨੂੰ ਆਧੁਨਿਕ ਵਿਗਿਆਨ ਜਿਹੜੀ ਹੈ ਉਹ ਮੰਨਣ ਨੂੰ ਤਿਆਰ ਨਹੀਂ ਹੈ। ਲੇਕਿਨ ਜੋ ਸਾਧੂਆਂ ਦਾ ਅਨੁਭਵ ਹੋਇਆ ਕਰਦਾ ਹੈ, ਸ਼ਕਤੀ ਹੁੰਦੀ ਹੈ ਉਹ ਸਾਇੰਸ ਦੇ ਉਤੋਂ ਹੀ ਹੁੰਦੀ ਹੈ। ਜਿਥੇ-ਜਿਥੋਂ ਪਾਣੀ ਚਲ ਰਿਹਾ ਸੀ , ਹਰ ਥਾਂ ਤੇ ਖੜ੍ਹ ਗਿਆ, ਬਾਬਾ ਜੀ ਦੋ ਘੰਟੇ ਸੁਖਮਨੀ ਸਾਹਿਬ ਦੀ ਪਾਠ ਕਰਦੇ ਰਹੇ ਤੇ ਫੌਜ ਲੰਘਾ ਦਿਤੀ। ਫੌਜ ਦੀ ਜਿੱਤ ਹੋਈ। ਬੜੀ ਭਾਰੀ ਆਫਤ ਜਿਹੜੀ ਪੰਜਾਬ ਤੇ ਆਉਣ ਵਾਲੀ ਸੀ ਉਹ ਟਲ ਗਈ। ਉਹ ਪ੍ਰਕ੍ਰਿਤੀ ਤਾਂ ਆਪਣੇ ਸੁਭਾਅ ਨਾਲ ਚਲਦੀ ਹੈ ਪਰ ਕੁਦਰਤ ਨਾਲ ਸੰਘਰਸ਼ ਕਰਨ ਵਾਲਾ ਵੀ ਓਨਾ ਹੀ ਮਜ਼ਬੂਤ ਸੀ।

ਸੋ ਓਸ ਗੱਲ ਨੂੰ ਮੱਦੇਨਜ਼ਰ ਰੱਖ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਇਕ ਸਿਧਾਂਤ ਹੈ ਕਿ ਵਾਹਿਗੁਰੂ ਦੀ ਕੀਤੀ ਹੋਈ ਸਹਿਜੇ ਨਹੀਂ ਟਲਿਆ ਕਰਦੀ ਪਰ ਇਹ Veto power (ਰੱਦ ਕਰਨ ਦੀ ਸ਼ਕਤੀ) ਹੈ। ਗੁਰੂ ਕੋਲ veto power ਹੈ, ਜਿਹੜੇ ਗੁਰੂ ਨਾਲ ਇਕ ਰੂਪ ਹੋਏ ਹੋਏ ਨੇ ਉਨ੍ਹਾਂ ਕੋਲ ਵੀ ਹੁੰਦੀ ਹੈ। ਉਹ ਸਾਰਾ ਸਿਸਟਮ ਬਦਲ ਦਿੰਦੇ ਨੇ।

ਡਾਕਟਰਾਂ ਨੇ ਕਹਿ ਦਿਤਾ ਕਿ ਇਸ ਦੇ ਔਲਾਦ ਨਹੀਂ ਹੋਣੀ। ਉਨ੍ਹਾਂ ਨੇ ਸਿਸਟਮ ਬਦਲ ਦਿਤਾ ਔਲਾਦ ਹੋ ਗਈ। ਮਹਾਰਾਜ ਜੀ ਦੇ ਵੇਲੇ ਸੁਲੇਮਾਨ ਪ੍ਰੇਤ ਦੀ ਸਾਖੀ ਹੈ ਬੜੀ ਲੰਮੀ। ਇਕ ਗੁਰਸਿੱਖ ਸੀ ਗੁਰਦੇਵ ਸਿੰਘ। ਉਸ ਦੇ ਔਲਾਦ ਨਹੀਂ ਸੀ ਹੁੰਦੀ, 12 ਸਾਲ ਤੋਂ ਇਲਾਜ ਕਰਵਾ ਰਿਹਾ ਸੀ ਡਾਕਟਰਾਂ ਤੋਂ। ਉਨ੍ਹਾਂ ਨੇ ਛੋਟਾ ਆਪਰੇਸ਼ਨ ਕਰ ਦਿਤਾ ਤੇ ਨਾਲ ਹੀ ਇਹ ਕਹਿ ਦਿਤਾ ਕਿ ਹੁਣ ਤੇਰੇ ਔਲਾਦ ਨਹੀਂ ਹੋ ਸਕਣੀ ਕਿਉਂਕਿ ਬੱਚੇਦਾਨੀ ਨਕਾਰਾ (unfit) ਹੋ ਗਈ। ਇਧਰ ਮਹਾਂਪੁਰਸ਼ਾਂ ਦੇ ਪਾਸ ਪ੍ਰੇਤ ਬੇਨਤੀਆਂ ਕਰਦਾ ਹੈ ਕਿ ਮੇਰੀ ਮੁਕਤੀ ਕਰੋ।

ਮਹਾਂਪੁਰਸ਼ ਕਹਿਣ ਲੱਗੇ, ਨਿਜਾਤ ਤਾਂ ਮਨੁੱਖ ਬਣ ਕੇ ਹੋਵੇਗੀ।

ਉਨ੍ਹਾਂ ਦੀ ਨਿਗ੍ਹਾ ਵਿਚ ਦੋ ਪਰਿਵਾਰ ਆਏ। ਇਕ ਚਰਨਜੀਤ ਸਿੰਘ, ਸ. ਮੋਹਨ ਸਿੰਘ ਦਾ ਲੜਕਾ। ਉਸ ਦੇ ਕਿਹਾ ਤਾਂ ਪ੍ਰੇਤ ਨੇ ਜਵਾਬ ਦੇ ਦਿਤਾ ਕਿ ਐਨੇ ਪੈਸੇ ਵਾਲਿਆਂ ਦੇ ਮੈਂ ਨਹੀਂ ਜਾਣਾ। ਦੂਸਰਾ ਗੁਰਦੇਵ ਸਿੰਘ ਬੈਠਾ ਸੀ ਮਹਾਰਾਜ ਕਹਿੰਦੇ, ਫੇਰ ਇਸ ਦੇ ਚਲਿਆ ਜਾ। ਉਹ ਕਹਿੰਦਾ ਕਹਿੰਦਾ ਹੀ ਰਹਿ ਗਿਆ ਮਹਾਰਾਜ ਨੂੰ ਕਿ ਮੇਰੀ ਪਤਨੀ ਦਾ ਤਾਂ ਆਪਰੇਸ਼ਨ ਹੋਇਆ ਹੈ, ਡਾਕਟਰਾਂ ਨੇ ਜਵਾਬ ਦਿਤਾ ਹੋਇਆ ਹੈ ਪਰ ਚੁੱਪ ਕਰ ਗਿਆ। ਹੁਣ ਕਿਧਰੇ ਤਾਂ ਮੈਡੀਕਲ ਸਾਇੰਸ ਫੇਲ੍ਹ ਹੋ ਗਈ, ਕਿਧਰੇ ਸਾਰੀਆਂ ਗੱਲਾਂ ਗਲਤ ਹੋ ਗਈਆਂ ਤੇ ਜਾ ਕੇ ਉਸ ਰੂਹ ਨੇ ਪ੍ਰਵੇਸ਼ ਕਰਿਆ ਤੇ ਸਾਰਾ ਹੀ ਸਿਸਟਮ ਅੰਦਰਲਾ ਸਹੀ ਹੋ ਗਿਆ। ਸੇਵਾ ਕਰਨ ਦਾ ਫਲ ਪ੍ਰਾਪਤ ਹੋ ਗਿਆ।

ਸੋ ਇਸ ਤਰ੍ਹਾਂ ਦੇ ਨਾਲ ਜਿਹੜੀ ਇਹ ਪ੍ਰਕ੍ਰਿਤੀ ਦਾ ਸੁਭਾਅ ਹੈ, ਉਸ ਨੂੰ ਬਦਲਣ ਦੀ ਸ਼ਕਤੀ ਪ੍ਰਮੇਸ਼ਰ ਨੇ ਆਪਣੇ ਪਿਆਰਿਆਂ ਨੂੰ ਦੇ ਦਿਤੀ। ਉਹ ਹਰ ਥਾਂ ਨਹੀਂ ਇਸ ਨੂੰ ਵਰਤਦੇ। ਹਰ ਥਾਂ ਵਰਤਣ ਨੂੰ ਤਾਂ ਗੁਰੂ ਮਹਾਰਾਜ ਨੇ ਬਹੁਤ ਬੁਰਾ ਮੰਨਿਆ ਹੈ।

*ਨਾਟਕ ਚੇਟਕ ਕੀਏ ਕੁਕਾਜਾ॥*
*ਪ੍ਰਭ ਲੋਗਨ ਕਹ ਆਵਤ ਲਾਜਾ॥*

*ਬਚਿਤ੍ਰ ਨਾਟਕ ਪਾ: ੧੦*

ਸਿੱਧਾਂ ਕੋਲ ਗੁਰੂ ਮਹਾਰਾਜ ਏਸ ਕਰਕੇ ਗਏ ਸੀ ਕਿ ਤੁਸੀਂ ਸ਼ਕਤੀਆਂ ਦਿਖਾਉਂਦੇ ਹੋ, ਇਹ ਨਾ ਦਿਖਾਓ। ਤੁਸੀਂ ਪ੍ਰਮੇਸ਼ਰ ਨੂੰ ਮਿਲੋ ਪਰ ਜਦੋਂ ਫੇਰ ਵੀ ਪਰਉਪਕਾਰ ਹੁੰਦਾ ਹੈ ਤਾਂ ਗੁਰੂ ਨਾਨਕ ਪਾਤਸ਼ਾਹ, ਗੁਰੂ ਦਸ਼ਮੇਸ਼ ਪਿਤਾ ਸਾਰਿਆਂ ਨੇ ਸ਼ਕਤੀ ਦੀ ਵਰਤੋਂ ਕੀਤੀ। ਰੱਦ ਕਰਨ ਦੀ ਸ਼ਕਤੀ ਵਰਤੀ। ਗੁਰੂ ਛੇਵੇਂ ਪਾਤਸ਼ਾਹ ਨੇ, ਇਕ ਬੀਬੀ ਦੇ ਪੁੱਤਰ ਹੁੰਦਾ ਨਹੀਂ ਸੀ। ਮੰਗਦੀ ਇਕ ਸੀ ਸੱਤ ਦੇ ਦਿਤੇ। ਗੁਰੂ ਚੌਥੇ ਪਾਤਸ਼ਾਹ ਵੇਲੇ ਭਾਈ ਆਦਮ ਪੁੱਤਰ ਦੀ ਦਾਤ ਮੰਗਦਾ ਸੀ, ਸੇਵਾ ਕਰਕੇ ਗੁਰੂ ਨੂੰ ਹੱਦ ਤੋਂ ਜ਼ਿਆਦਾ ਪ੍ਰਸੰਨ ਕਰ ਲਿਆ। ਪ੍ਰਸੰਨਤਾ ਦੀ ਲਹਿਰ ਉਠਿਆ ਕਰਦੀ ਹੈ ਸਾਧੂਆਂ ਸੰਤਾਂ ਦੇ ਅੰਦਰ, ਪਰ ਕਦੇ ਕਦੇ ਉਠਦੀ ਹੈ। ਉਸਨੂੰ ਅਉਸਰ ਕਹਿੰਦੇ ਨੇ। ਜੇ ਤਾਂ ਕੋਈ ਸੰਭਾਲ ਲਏ ਤਾਂ ਉਸ ਦੇ ਸਾਰੇ ਹੀ ਕੰਮ ਬਣ ਜਾਂਦੇ ਨੇ। ਨਾ ਸੰਭਾਲੇ ਤਾਂ ਉਹ ਜਾਂਦੀ ਰਹਿੰਦੀ ਹੈ।

ਉਹ ਅਉਸਰ ਤਿੰਨ ਦਿਨ ਕਾਇਮ ਰਿਹਾ। ਤਿੰਨ ਵਾਰੀ ਬਚਨ ਕਰੇ ਕਿ ਤੂੰ ਕੁਝ ਚਾਹੁੰਦਾ ਹੈਂ। ਅਖੀਰ ਉਸ ਨੇ ਕਿਹਾ ਕਿ ਮੈਂ ਲੜਕਾ ਚਾਹੁੰਦਾ ਹਾਂ, ਮੇਰੇ ਲੜਕਾ ਨਹੀਂ ਹੈ 70 ਸਾਲ ਦੀ ਉਮਰ ਹੋ ਗਈ। ਮਹਾਰਾਜ ਜੀ ਨੇ ਬਖਸ਼ਿਸ਼ ਕਰ ਦਿਤੀ।

ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਕੋਲ ਇਕ 90 ਸਾਲ ਦਾ ਪਠਾਣ ਆਇਆ, ਬੜੀ ਅਧੀਨਗੀ ਦੇ ਨਾਲ ਆਇਆ ਤੇ ਆਪ ਸਰਹੱਦੀ ਸੂਬੇ ਵਿਚ ਬੈਠੇ ਨੇ। ਉਹ ਅਉਸਰ ਆ ਗਿਆ ਬਚਨ ਕਰਨ ਦਾ।

ਕਹਿਣ ਲੱਗੇ, "ਬਾਬਾ! ਕਿੰਨੇ ਵਿਆਹ ਨੇ?"

ਕਹਿੰਦਾ, "ਪੰਜ ਨੇ। ਦੋ ਚੜ੍ਹਾਈ ਕਰ ਗਈਆਂ। ਸਭ ਤੋਂ ਵੱਡੀ ਹੁਣ 70 ਸਾਲ ਦੀ ਹੈ।"

ਮਹਾਰਾਜ ਕਹਿੰਦੇ, "ਜਾਹ, ਫੇਰ 70 ਸਾਲ ਵਾਲੀ ਦੇ ਹੀ ਲੜਕਾ ਹੋਵੇਗਾ।"

ਸੋ ਉਹ ਸਾਰੀ ਚੀਜ਼ ਫੇਲ੍ਹ ਹੋ ਜਾਇਆ ਕਰਦੀ ਹੈ ਪਰ ਉਸ ਦੇ ਵਿਚ ਸ਼ਰਤ ਇਹ ਹੁੰਦੀ ਹੈ। ਇਕ ਤਾਂ ਸਧਾਰਨ ਜਾ ਕੇ ਜਿਵੇਂ ਦੁਕਾਨ ਤੋਂ ਸੌਦਾ ਲੈਂਦੇ ਨੇ ਇਸੇ ਤਰ੍ਹਾਂ ਮਹਾਂਪੁਰਸ਼ਾਂ ਕੋਲ ਜਾ ਕੇ ਜੀ ਮੇਰਾ ਆਹ ਹੋ ਜਾਵੇ, ਮੇਰਾ ਆਹ ਹੋ ਜਾਵੇ। ਇਕ ਉਹ ਹੈ ਜਿਹੜੇ ਸੇਵਾ ਕਰਦੇ ਨੇ, ਗੁਰੂ ਦੀ ਸੇਵਾ ਕਰਦੇ ਨੇ। ਉਹ ਸੇਵਾ ਦੇਖ ਕੇ ਮਹਾਤਮਾ ਦੇ ਮਨ ਵਿਚ ਪ੍ਰਸੰਨਤਾ ਆ ਜਾਂਦੀ ਹੈ। ਉਨ੍ਹਾਂ ਦੇ ਅੰਦਰ ਇਕ ਲਹਿਰ ਉਠ ਖੜ੍ਹਦੀ ਹੈ ਤੇ ਉਹ ਕੰਟਰੋਲ ਨਹੀਂ ਹੁੰਦੀ ਤੇ ਉਨ੍ਹਾਂ ਦੇ ਮੂੰਹ ਤੋਂ ਨਿਕਲ ਜਾਂਦਾ ਹੈ ਕਿ ਜਾਹ ਤੇਰਾ ਇਹ ਕੰਮ ਹੋ ਜਾਏਗਾ। ਹੋਵੇਗਾ, ਕਿਉਂ ਨਹੀਂ ਹੋਵੇਗਾ? ਉਹ ਦਇਆਲਤਾ ਹੈ, ਕੋਈ ਸਿਸਟਮ ਐਸਾ ਹੈ ਪ੍ਰਮੇਸ਼ਰ ਵਲੋਂ ਹੀ ਕਿ ਉਹ ਮੌਕਾ ਆ ਜਾਂਦਾ ਹੈ, ਮੌਕਾ ਆਏ ਤੋਂ ਉਹ ਬਾਤ ਹੋ ਜਾਂਦੀ ਹੈ। ਸੋ ਏਸ ਤਰ੍ਹਾਂ ਦੇ ਨਾਲ ਕਰਮ ਟਲ ਜਾਇਆ ਕਰਦੇ ਨੇ ਕਿਉਂਕਿ veto power ਹੈ। ਸੋ ਗੁਰੂ ਮਹਾਰਾਜ ਜੀ ਨੇ ਏਸ ਸ਼ਬਦ ਦੇ ਅੰਦਰ ਦੋ ਤਿੰਨ ਸਿਧਾਂਤ ਦਿਤੇ ਨੇ।

ਪਹਿਲਾ ਇਹ ਕਿ ਵਾਹਿਗੁਰੂ ਜੀ ਨੇ ਖੁਸ਼ੀਆਂ ਬਖਸ਼ੀਆਂ ਤੇ ਦੁਖ ਦੂਰ ਕਰ ਦਿਤੇ। ਦੂਸਰਾ ਇਹ ਦਿਤਾ ਹੈ ਕਿ ਬੜੇ ਭਾਰੇ ਵਿਘਨ ਸਨ ਉਹ ਵਿਘਨ ਦੂਰ ਹੋ ਗਏ। ਤੀਸਰਾ ਇਹ ਸੀ ਕਿ ਸੇਵਾ ਕੀਤੀ ਹੈ ਤੇ ਸੇਵਾ ਕਰਨ ਦੇ ਨਾਲ ਜਿਹੜੀਆਂ ਔਖਿਆਈਆਂ ਸੀ ਉਹ ਮਹਾਰਾਜ ਜੀ ਨੇ ਦੂਰ ਕਰ ਦਿਤੀਆਂ।

ਸੋ ਪਾਠ ਹੋਇਆ ਹੈ ਤੇ ਸੇਵਾ ਕਰਦਿਆਂ ਦਾ ਮਨ ਏਸ ਪਾਸੇ ਰਿਹਾ ਕਿ ਸਾਡਾ ਕਾਰਜ ਸਫਲ ਹੋ ਜਾਵੇ। ਮੈਂ ਕੱਲ੍ਹ ਵੀ ਦੱਸਿਆ ਸੀ ਕਿ ਇਹ ਇਕ ਅਵਸਰ ਹੋਇਆ ਕਰਦਾ ਹੈ। 24 ਘੰਟੇ ਵਿਚ ਇਕ ਵਾਰੀ ਆਉਂਦਾ ਹੈ। ਸਾਂਭਦਾ ਕੋਈ ਕੋਈ ਹੈ ਆਉਂਦਾ ਸਭ ਪਾਸ ਹੈ।

ਇਕ ਮਹਾਤਮਾ ਐਸੇ ਹੀ ਬਚਨ ਕਰ ਰਹੇ ਸੀ। ਉਨ੍ਹਾਂ ਦਾ ਸੇਵਕ ਸੀ। ਕਹਿਣ ਲੱਗਿਆ ਮੈਂ 24 ਘੰਟੇ ਹੀ ਮੰਗੀ ਜਾਣਾ ਹੈ। ਗਾਗਰ ਰੱਖ ਲਈ ਸਾਮ੍ਹਣੇ ਲੋਹੇ ਦੀ, ਕਹਿੰਦਾ ਸੋਨੇ ਦੀ ਬਣ ਜਾਹ........। ਬਾਰ੍ਹਾਂ ਘੰਟੇ ਕਹੀ ਗਿਆ। ਉਸ ਨੇ ਸੋਚਿਆ ਕਿ ਬਣੀ ਹੀ ਨਹੀਂ, ਪਤਾ ਨਹੀਂ ਸੰਤ ਝੂਠ ਬੋਲਦੇ ਨੇ, ਵਿਸ਼ਵਾਸ਼ ਕਮਜ਼ੋਰ ਹੋਣ ਲਗ ਗਿਆ। ਐਨੇ ਨੂੰ ਲੋਕ ਸੌਂ ਗਏ। ਇਸ ਨੂੰ ਵੀ ਨੀਂਦ ਆਉਣ ਲਗ ਗਈ। ਬੜੀ ਵਾਰੀ ਖਿਆਲ ਆਇਆ ਕਿ ਪੈ ਜਾਵਾਂ, ਐਵੇਂ ਹੀ ਮੈਂ ਗਲਤ ਕੰਮ ਦੇ ਵਿਚ ਲਗ ਗਿਆ, ਸਾਰੇ ਸੌਂ ਗਏ, ਇਹ ਇਹੀ ਕਹੀ ਗਿਆ ਕਿ ਸੋਨੇ ਦੀ ਹੋ ਜਾਹ। ਅੰਦਰ ਖਿਆਲ ਚਲ ਪਏ ਕਿ ਇਹ ਤਾਂ ਐਵੇਂ ਹੀ ਹੈ। ਜੇ ਐਉਂ ਹੋਵੇ ਤਾਂ ਸਾਰੀ ਦੁਨੀਆਂ ਹੀ ਏਸੇ ਤਰ੍ਹਾਂ ਕਰ ਲਏ। ਅਖੀਰ ਛਿੱਥਾ ਪੈ ਗਿਆ ਫੇਰ ਸਾਰੇ ਉਠ ਖੜ੍ਹੇ, ਇਸ਼ਨਾਨ ਕਰ ਲਏ ਆਪਣੇ ਪੂਜਾ-ਪਾਠ ਕਰਨ ਲਗ ਗਏ। ਇਹ ਅਜੇ ਵੀ ਬੈਠਾ ਕਹੀ ਜਾਵੇ। ਅਖੀਰ 23 ਘੰਟੇ ਲੰਘ ਗਏ ਬੈਠੇ ਨੂੰ ਕਹਿੰਦਾ ਇਹ ਤਾਂ ਐਵੇਂ ਹੀ ਹੈ। ਜੇ ਹੁੰਦੀ ਤਾਂ ਅਵਸਰ ਆ ਜਾਂਦਾ 24 ਘੰਟੇ ਜ਼ਰੂਰੀ ਹੈ? ਜਦੋਂ 24 ਘੰਟਿਆਂ ਦੇ ਨੇੜੇ ਗਿਆ ਤਾਂ ਕਹਿੰਦੇ ਦੇਖ! ਜੇ ਬਣਨਾ ਹੈ ਤਾਂ ਬਣ ਜਾਹ ਸੋਨੇ ਦੀ ਨਹੀਂ ਤੂੰ ਮਿੱਟੀ ਦੀ ਹੋ ਜਾਹ, ਉਸ ਵੇਲੇ ਉਹ ਮਿਟੀ ਦੀ ਬਣ ਗਈ। ਸਮਾਂ ਆਇਆ ਸੀ ਓਸ ਵੇਲੇ। ਸਭ ਦੇ ਕੋਲ ਇਹ ਸਮਾਂ ਆਉਂਦਾ ਹੈ।

ਮਹਾਰਾਜ ਕਹਿੰਦੇ ਜਿਹੜਾ ਆਹ ਮਾਨਸ ਜਨਮ ਹੈ, ਇਹ ਕਰੋੜਾਂ ਸਾਲ ਤੋਂ ਬਾਅਦ ਇਕ ਸਮਾਂ ਆਇਆ ਤੁਹਾਡਾ ਪ੍ਰਮੇਸ਼ਰ ਨਾਲ ਮਿਲਣ ਵਾਲਾ। ਇਸ ਦੇ ਵਿਚ ਜਦੋਂ ਤੁਸੀਂ ਪ੍ਰਮੇਸ਼ਰ ਦੇ ਨਾਲ ਮਿਲੋਗੇ, ਹੁਕਮ ਤਾਂ ਵਾਹਿਗੁਰੂ ਦਾ ਚਲਣਾ ਹੈ ਜੇ ਤੁਸੀਂ ਇੱਛਾ ਕਰੋਗੇ ਤਾਂ ਤੁਹਾਡੀ ਇੱਛਾ ਮੰਨ ਲਈ ਜਾਵੇਗੀ। ਉਹ ਜਿਹੜੀ ਔਖਿਆਈ ਆ ਰਹੀ ਹੈ, ਕਰੜਾਈਆਂ ਆ ਰਹੀਆਂ ਨੇ, ਉਹ ਕਰੜਾਈਆਂ ਤੇ ਔਖਿਆਈਆਂ ਜਾਂ ਸੁਪਨੇ 'ਚ ਲੰਘ ਜਾਣਗੀਆਂ ਜਾਂ ਥੋੜ੍ਹਾ ਜਿਹਾ ਝਟਕਾ ਦੇ ਕੇ ਲੰਘ ਜਾਣਗੀਆਂ।

ਸੋ ਇਥੇ ਜਦੋਂ ਗੁਰੂ ਮਹਾਰਾਜ ਜੀ ਦਾ ਓਟ-ਆਸਰਾ ਲੈ ਕੇ 48 ਘੰਟੇ ਲਗਾਤਾਰ ਪਾਠ ਚੱਲਿਆ ਹੈ। ਸਹਿਜ ਸੁਭਾਅ ਮਹਾਰਾਜ ਜੀ ਨੇ ਇਹ ਹੁਕਮ ਦੇ ਦਿਤਾ। ਵਾਹਿਗੁਰੂ ਜੀ ਕ੍ਰਿਪਾ ਕਰਨ ਸੋਝੀ ਏਸ ਪਰਿਵਾਰ ਨੂੰ ਰੂਹਾਨੀਅਤ ਦੀ ਬੜੀ ਅੱਛੀ ਹੈ, ਮਦਰਾ ਮਾਸ ਨਹੀਂ ਖਾਂਦੇ ਹਨ, ਕਿਸੇ ਦਾ ਦਿਲ ਦੁਖੀ ਨਹੀਂ ਕਰਦੇ। ਮਿਹਨਤ ਕਰਨ ਵਾਲਾ ਪਰਿਵਾਰ ਹੈ। ਗੁਰੂ ਮਹਾਰਾਜ ਕ੍ਰਿਪਾ ਕਰਨ ਇਨ੍ਹਾਂ ਦਾ ਕਾਰਜ ਸੰਗਤ ਦੀ ਅਰਦਾਸ ਨਾਲ ਤੇ ਗੁਰੂ ਮਹਾਰਾਜ ਜੀ ਦੇ ਹੁਕਮ ਨਾਲ ਸਹੀ ਸਲਾਮਤ ਚਲਦਾ ਰਹੇ ਤੇ ਜਿਸ ਦੇ ਵਿਚੋਂ ਪ੍ਰਮੇਸ਼ਰ ਨਮਿਤ ਵੀ ਕੱਢਦੇ ਰਹਿਣ ਤੇ ਇਹ ਆਪ ਵੀ ਆਪਣਾ ਕਾਰਜ ਬਹੁਤ ਸਫਲਤਾ ਦੇ ਨਾਲ ਚਲਾਉਂਦੇ ਰਹਿਣ।

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ

# ਹਰਿ ਕੀਰਤਿ ਸਾਧਸੰਗਤਿ ਹੈ

## ਮਹਾਂਪੁਰਸ਼ਾਂ ਦੀ ਇੰਗਲੈਂਡ ਫੇਰੀ ਸਮੇਂ 14-2-97 ਨੂੰ ਸ. ਸੁਖਜਿੰਦਰ ਸਿੰਘ ਖਹਿਰਾ ਇੰਗਲੈਂਡ ਵਾਲਿਆਂ ਦੇ ਘਰ ਜੁੜੀ ਸੰਗਤ ਨਾਲ ਕੀਤੇ ਪ੍ਰਵਚਨ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ.ਗੁ.ਬੂ.ਮਿਸ਼ਨ*

ਸਾਧਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ।*

ਆਪ ਗੁਰੂ ਮਹਾਰਾਜ ਦੀ ਹਜ਼ੂਰੀ ਦੇ ਅੰਦਰ ਸਸ਼ੋਭਤ ਹੋਏ ਆਪ ਹਰੀ ਦਾ ਜਸ ਸਰਵਣ ਕਰ ਰਹੇ ਸੀ। ਸਮਾਂ ਅਨੰਤ ਕਾਲ ਤੋਂ ਚਲ ਰਿਹਾ ਹੈ। ਸਮੇਂ ਦੀ ਆਪਣੀ-ਆਪਣੀ ਮਰਿਆਦਾ ਹੋਇਆ ਕਰਦੀ ਹੈ। ਜੀਵਾਂ ਦੇ ਤਰਨ ਦਾ ਸਾਧਨ ਸਮੇਂ ਦੇ ਲੰਘ ਜਾਣ ਦੇ ਨਾਲ ਬਦਲ ਜਾਇਆ ਕਰਦਾ ਹੈ। ਇਕੋ ਸਾਧਨ ਸਦੀਵ ਨਹੀਂ ਰਿਹਾ ਕਰਦਾ। ਇਹ ਜੋ ਕਲਜੁਗ ਆ ਗਿਆ ਇਹਦੇ ਵਿਚ ਦੋ ਸਾਧਨ ਗੁਰੂ ਮਹਾਰਾਜ ਨੇ ਪ੍ਰਮੁਖ ਰੱਖੇ ਹੋਏ ਨੇ ਜਿਹਦੇ ਨਾਲ ਇਸ ਜੀਵ ਦਾ ਉਧਾਰ ਹੋ ਸਕਦਾ ਹੈ। ਜੰਮਣ ਮਰਨ ਦਾ ਜੋ ਮਹਾਂਦੁਖ ਇਸਦੇ ਗਲ ਵਿਚ ਪਿਆ ਹੋਇਆ ਹੈ, ਇਹ ਦੂਰ ਹੋ ਸਕਦਾ ਹੈ। ਉਹ ਸਾਧਨ ਜੋ ਪ੍ਰਮੁੱਖ ਹੈ ਜਿਹਦੇ ਹੇਠ ਬਾਕੀ ਸਾਰੇ ਸਾਧਨ ਆ ਜਾਂਦੇ ਨੇ ਉਹ ਹੈ -

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥*
*ਅੰਗ - 642*

ਸ਼੍ਰੋਮਣੀ ਜੋ ਦੋ ਕਰਮ ਗੁਰੂ ਮਹਾਰਾਜ ਨੇ ਕਲਜੁਗ ਦੇ ਅੰਦਰ ਪ੍ਰਵਾਨ ਕੀਤੇ ਨੇ। ਇਕ ਤਾਂ ਹਰੀ ਦਾ ਕੀਰਤਨ, ਦੂਸਰੀ ਅਨੁਭਵੀ ਪੁਰਸ਼ ਜਿਹਨੇ ਐਸ ਸੰਸਾਰ ਦੇ ਅੰਦਰ ਤੱਤ ਨੂੰ ਪਛਾਣ ਲਿਆ ਹੋਵੇ। ਜਿਸਦੇ ਬੰਦ ਨੇਤਰ ਖੁਲ੍ਹ ਚੁੱਕੇ ਹੋਣ। ਉਹਦੀ ਜੋ ਸੰਗਤ ਹੈ ਇਹ ਸਾਰੇ ਕਰਮਾਂ ਤੋਂ ਸ਼੍ਰੋਮਣੀ ਹੈ। ਨਾਲ ਇਹਦੇ ਸ਼ਰਤ ਲਗਾ ਦਿਤੀ ਗੁਰੂ ਮਹਾਰਾਜ ਨੇ। ਪਰ ਇਹ ਮਿਲਦੀ ਨਹੀਂ ਹੈ, ਖਾਸ ਹੈ। ਪੂਰੇ ਪੁੰਨ ਕਰਮ ਜਾਗਣ ਫੇਰ ਕਿਤੇ ਜਾ ਕੇ ਪ੍ਰਭੂ ਵਲੋਂ ਇੰਤਜ਼ਾਮ ਹੁੰਦਾ ਹੈ, ਤਾਂ ਫੇਰ ਇਹ ਦੋ ਚੀਜ਼ਾਂ ਪ੍ਰਾਪਤ ਹੁੰਦੀਆਂ ਨੇ।

*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ॥* *ਅੰਗ - 642*

ਜੇ ਮਸਤਕ ਦੇ ਵਿਚ ਲੇਖ ਲਿਖਿਆ ਹੋਇਆ ਹੈ ਫੇਰ ਸਾਧੂ ਦੀ ਸੰਗਤ ਤੇ ਹਰੀ ਦਾ ਜਸ ਦੋ ਚੀਜ਼ਾਂ ਪ੍ਰਾਪਤ ਹੋਇਆ ਕਰਦੀਆਂ ਹਨ। ਸੋ ਆਪ ਹੁਣੇ ਹੀ ਹਰੀ ਦਾ ਜਸ ਸਰਵਣ ਕਰ ਰਹੇ ਸੀ।

ਕਿਉਂਕਿ ਜੋ ਸਤਿਸੰਗ ਹੁੰਦੀ ਹੈ ਮਹਾਰਾਜ ਨੇ ਲਿਖਿਆ ਹੈ ਕਿ ਇਹ ਇਕ ਚਾਟਸਾਲ ਹੁੰਦੀ ਹੈ। ਸਕੂਲ ਹੁੰਦਾ ਹੈ। ਸਤਿਸੰਗ ਕਰਨ ਵਾਲੇ ਵਿਦਿਆਰਥੀ ਹੁੰਦੇ ਨੇ। ਉਨ੍ਹਾਂ ਨੇ ਕੁਛ ਸਿਖਣਾ ਹੁੰਦਾ ਹੈ। ਉਹ ਸਿੱਖ ਕੇ ਕੋਈ ਮਾਰਗ ਤਲਾਸ਼ ਕਰਨ ਆਉਂਦਾ ਹੈ। ਉਹਦੇ ਵਾਸਤੇ ਜਦੋਂ ਅਸੀਂ ਸਤਿਸੰਗ 'ਚ ਆਉਂਦੇ ਹਾਂ, ਉਹਦੇ ਕੁਛ ਅਸੂਲ ਹੋਇਆ ਕਰਦੇ ਨੇ। ਉਨ੍ਹਾਂ ਨੂੰ ਸਮਝਣ ਵਾਸਤੇ ਵੀਡੀਓ ਫਿਲਮਾਂ ਬਣੀਆਂ ਹੋਈਆਂ ਨੇ। ਹਰ ਮਜ਼ਮੂਨ ਦੇ ਉਤੇ ਤਿੰਨ-ਤਿੰਨ ਘੰਟੇ ਬੋਲਿਆ ਗਿਆ ਹੈ। ਕੁਛ ਮਜ਼ਮੂਨ ਐਸੇ ਵੀ ਨੇ ਜਿਨ੍ਹਾਂ ਦੀ ਤਿੰਨ ਘੰਟੇ ਵਿਚ ਵਿਆਖਿਆ ਨਹੀਂ ਹੋਈ ਤੇ ਉਹ ਲਗਾਤਾਰ ਬਹੁਤ ਲੰਮੇ ਪ੍ਰੋਗਰਾਮ ਹੋ ਗਏ। ਜਿਵੇਂ ਕਿ ਗੁਰੂ ਅੰਗਦ ਸਾਹਿਬ ਬਹੁਤ ਥੋੜ੍ਹਾ ਸਮਾਂ ਗੁਰੂ ਨਾਨਕ ਸਾਹਿਬ ਦੀ ਸੰਗਤ ਵਿਚ ਆਏ, ਬਾਬਾ ਬੁੱਢਾ ਜੀ ਬਚਪਨ ਤੋਂ ਹੀ ਸੀ, ਭਾਈ ਬਾਲਾ ਜੀ ਬਚਪਨ ਤੋਂ ਹੀ ਸੀ। ਭਾਈ ਸਾਧਾਰਣ, ਭਾਈ ਮਨਸੁਖ, ਭਾਈ ਭਗੀਰਥ ਹੋਰ ਅਨੇਕਾਂ ਗੁਰਸਿੱਖ ਗੁਰੂ ਮਹਾਰਾਜ ਨਾਲ ਬਹੁਤ ਸਮੇਂ ਤੋਂ ਜੁੜੇ ਹੋਏ ਸੀ। ਉਹ ਕਿਹੜੀ ਗੱਲ ਸੀ, ਕਿਹੜੀ ਧਾਰਨਾ ਸੀ ਜਿਸਨੇ ਗੁਰੂ ਨਾਨਕ ਪਾਤਸ਼ਾਹ ਨੂੰ ਐਨਾ ਕਾਇਲ ਕਰ ਲਿਆ ਕਿ ਆਪਣੇ ਹੀ ਸਿੱਖ ਦੇ ਚਰਨਾਂ ਤੇ ਸੀਸ ਨਿਵਾ ਕੇ ਆਪਣਾ ਰੂਪ ਬਣਾ ਕੇ ਸੰਸਾਰ ਨੂੰ ਜੋਤ ਦੇ ਦਿਤੀ। ਇਹ ਇਕ ਬਹੁਤ ਵੱਡੀ ਗੱਲ ਹੈ। ਜਦੋਂ ਇਸ ਦਾ ਮੈਂ ਕੀਰਤਨ ਸ਼ੁਰੂ ਕਰਿਆ ਤਾਂ ਮੈਨੂੰ 51 ਘੰਟੇ ਲੱਗੇ ਇਸਨੂੰ ਸਪਸ਼ਟ ਕਰਨ ਵਾਸਤੇ। 17 ਫਿਲਮਾਂ ਇਸਦੀਆਂ ਬਣੀਆਂ ਹੋਈਆਂ ਨੇ ਤੇ ਇਸੇ ਤਰ੍ਹਾਂ ਦੇ ਨਾਲ ਮਾਤਾ ਜੀਤੋ ਜੀ ਨੇ ਗੁਰੂ ਦਸ਼ਮੇਸ਼ ਪਿਤਾ ਜੀ ਨੂੰ ਬੇਨਤੀ ਕਰੀ ਕਿ ਪਾਤਸ਼ਾਹ! ਸਿਮਰਨ ਦੇ ਬਾਰੇ ਆਪ ਬਹੁਤ ਜ਼ੋਰ ਦਿੰਦੇ ਹੋ ਤੇ ਆਪ ਦਾ ਇਹ ਵੀ ਫੁਰਮਾਨ ਹੈ ਕਿ ਸਿਮਰਨ ਦੇ ਵਾਸਤੇ ਕੁਝ ਜਾਨਣ ਦੀ ਲੋੜ ਹੋਇਆ ਕਰਦੀ ਹੈ। ਕ੍ਰਿਪਾ ਕਰਕੇ ਮੈਨੂੰ ਉਹ ਭੇਤ ਦੱਸੋ ਜਿਹਦੇ ਨਾਲ ਇਹ ਜੀਵ ਸਿਮਰਨ ਦੇ ਰਾਹੀਂ ਆਪਣੇ ਸਰੂਪ ਨੂੰ ਪਛਾਣ ਕੇ ਪ੍ਰਮੇਸ਼ਰ ਦੇ ਵਿਚ ਲੀਨ ਹੋ ਸਕਦਾ ਹੈ। ਸੂਰਜ ਪ੍ਰਕਾਸ਼ ਦੇ ਵਿਚ ਸਿਰਫ ਇਕ ਪੱਤਰਾ ਹੈ ਇਸ ਦੇ ਉਤੇ। ਹੋਰ ਗ੍ਰੰਥਾਂ ਦੇ ਵਿਚ ਵੀ ਕਿਸੇ ਦਾ ਇਕ ਪੱਤਰਾ ਕਿਸੇ ਦਾ ਅੱਧਾ ਪੱਤਰਾ ਹੈ। ਮੈਂ ਇਸ ਦੀ ਜਦੋਂ ਵਿਆਖਿਆ ਕਰਨੀ ਸ਼ੁਰੂ ਕਰੀ ਤਾਂ ਮੇਰੇ ਸੱਤ ਦੀਵਾਨ 21 ਘੰਟੇ ਇਸ ਗੱਲ ਨੂੰ ਦੱਸਣ ਵਾਸਤੇ ਲੱਗੇ। ਪ੍ਰੇਮੀਆਂ ਨੇ ਉਸਦੀ ਪੁਸਤਕ ਬਣਾ ਦਿਤੀ ਜਿਸਦਾ ਨਾਉਂ 'ਸੁਰਤਿ ਸਬਦਿ ਮਾਰਗ' ਹੈ। ਸੋ ਇਸ ਤਰ੍ਹਾਂ ਦੇ ਨਾਲ ਅਸੀਂ ਕੁਛ ਸਮਝਣਾ ਹੈ, ਵਿਚ ਵਿਸ਼ੇਸ਼ ਨੁਕਤੇ ਹੋਰ ਬਹੁਤ ਜ਼ਿਆਦਾ ਹੋਇਆ ਕਰਦੇ ਹਨ। ਜਿਸ ਤਰ੍ਹਾਂ ਇਕ ਕਲਾਸ ਹੋਇਆ ਕਰਦੀ ਹੈ ਉਹ ਇਕੋ ਦਿਨ ਨਹੀਂ ਹੋਇਆ ਕਰਦੀ, ਉਹਨੂੰ ਬਾਰ-ਬਾਰ ਪੜ੍ਹਨਾ ਪੈਂਦਾ ਹੈ, ਬਾਰ-ਬਾਰ ਜਾਣਨਾ ਪੈਂਦਾ ਹੈ। ਸੋ ਇਹ ਸਤਿਸੰਗ ਜੋ ਹੈ, ਜਦੋਂ ਅਸੀਂ ਸਤਿਸੰਗ ਕਰਦੇ ਹਾਂ ਉਸ ਵੇਲੇ ਬੇਅੰਤ

ਵਿਸ਼ੇ ਸਾਡੇ ਸਾਮ੍ਹਣੇ ਹੋਇਆ ਕਰਦੇ ਨੇ। ਮੈਂ ਜੋ ਬੇਨਤੀ ਕਰਨੀ ਹੈ ਉਹ ਸਿਰਫ ਇਸ਼ਾਰੇ ਮਾਤਰ ਹੋਣਗੇ। ਕਿਸੇ ਗੱਲ ਦੀ ਮੈਂ ਡੂੰਘੀ ਵਿਆਖਿਆ 'ਚ ਨਹੀਂ ਮੈਂ ਜਾਣਾ। ਕਿਉਂਕਿ ਬੜੀ ਜ਼ਰੂਰੀ ਚੀਜ਼ ਜੋ ਸਾਡੇ ਵਾਸਤੇ ਹੈ ਉਹਦੇ ਬਾਰੇ ਮੈਂ ਗੱਲ ਕਰਨੀ ਹੈ। ਆਪ ਸਾਰੇ ਬਚਨ ਜੋ ਮੈਨੂੰ ਗੁਰੂ ਮਹਾਰਾਜ ਜੀ ਭੇਜ ਰਹੇ ਨੇ ਉਨ੍ਹਾਂ ਨੂੰ ਸਰਵਣ ਕਰਨਾ। ਸਰਵਣ ਕਰਕੇ, ਮੰਨਣ ਕਰਨਾ ਤੇ ਜਦੋਂ ਅਸੀਂ ਸਰਵਣ ਕਰਕੇ ਮੰਨਣ ਕਰਾਂਗੇ, ਫੇਰ ਉਸ ਨੂੰ ਪ੍ਰਗਟ ਕਰਨ ਵਾਸਤੇ ਯਤਨ ਕਰਾਂਗੇ। ਜਿਸ ਚੀਜ਼ ਦੇ ਬਾਰੇ ਜ਼ਿਕਰ ਕੀਤਾ ਗਿਆ ਹੈ ਜਦੋਂ ਉਹ ਚੀਜ਼ ਪ੍ਰਗਟ ਹੋ ਜਾਏਗੀ, ਉਸ ਵੇਲੇ ਸਾਡਾ ਮੰਤਵ ਜੋ ਹੈ ਉਹ ਹੱਲ ਹੋ ਜਾਵੇਗਾ। ਸਾਰੇ ਜਿੰਨੇ ਵੀ ਆਪ ਜੋ ਸਤਿਸੰਗ ਵਿਚ ਬੈਠੇ ਓਂ, ਸਾਰਿਆਂ ਦਾ ਇਕ ਮੰਤਵ ਹੈ ਸਾਨੂੰ ਸੁਖ ਦੀ ਪ੍ਰਾਪਤੀ ਹੋਵੇ। ਸੁੱਖ ਦੀ ਲੋਚਾ ਮਨੁੱਖ ਕਿਉਂ ਕਰਦਾ ਹੈ? ਕਿਉਂਕਿ ਇਹ ਜੀਵ ਜਿਹੜਾ ਹੈ ਸੁਖ ਦੇ ਮੰਡਲ ਵਿਚੋਂ ਆਇਆ ਹੈ, ਇਹਦੀ ਸਿਮ੍ਰਿਤੀ ਵਿਚੋਂ ਸੁਖ ਨਹੀਂ ਨਿਕਲਦਾ ਹੈ। ਇਹ ਕਦੇ ਦੁਖ ਨਹੀਂ ਮੰਨਦਾ। ਗੁਰੂ ਮਹਾਰਾਜ ਜੀ ਨੇ ਇਸ ਗੱਲ ਨੂੰ ਦੱਸਣ ਵਾਸਤੇ ਬਹੁਤ ਤਰੀਕਿਆਂ ਦੇ ਨਾਲ ਸਮਝਾਇਆ ਹੈ ਕਿ ਪਿਆਰਿਓ! ਗੱਲ ਸਮਝੋ ਪਹਿਲਾਂ ਸਾਰੇ ਕਿ ਇਹ ਸੰਸਾਰ ਹੈ ਕੀ? ਇਹ ਕਿਥੋਂ ਆ ਰਿਹਾ ਹੈ, ਇਹਦੇ ਉਤੇ ਦੁਨੀਆਂ ਭਰ ਦੇ ਸਿਆਣਿਆਂ ਨੇ, ਬਹੁਤ ਸਾਰੇ ਮਤਾਂ ਨੇ ਆਪਣੀਆਂ-ਆਪਣੀਆਂ ਰਾਵਾਂ ਦਿਤੀਆਂ। ਸਾਡੇ ਜਿਹੜੇ ਹਿੰਦੂ ਸ਼ਾਸਤਰ ਨੇ ਉਨ੍ਹਾਂ ਨੂੰ ਇਕ ਬੜਾ ਅੜਿੱਕਾ ਪੇਸ਼ ਆਇਆ ਕਿ ਇਹਦੀ ਵਿਆਖਿਆ ਕਿਵੇਂ ਕੀਤੀ ਜਾਵੇ। ਉਹਦੇ ਵਿਚ ਜਿਹੜੇ ਪ੍ਰਮੁੱਖ ਨੇ ਜਿਵੇਂ ਸਾਂਖ ਸ਼ਾਸਤਰ, ਪਾਤੰਜਲ ਯੋਗ ਸਾਸ਼ਤਰ ਹੈ, ਨਿਆਏ ਸਾਸ਼ਤਰ ਹੈ ਉਨ੍ਹਾਂ ਦਾ ਇਹ ਮਤ ਹੈ ਕਿ ਵਾਹਿਗੁਰੂ ਇਕੱਲਾ ਨਹੀਂ ਹੈ। ਵਾਹਿਗੁਰੂ ਦੇ ਨਾਲ ਪ੍ਰਕ੍ਰਿਤੀ ਵੀ ਹੈ ਜਿਹਨੂੰ ਮਾਇਆ ਕਹਿੰਦੇ ਹਾਂ ਤੇ ਜੀਵ ਵੀ ਹੈ। ਉਹਦੇ ਵਿਚ ਵਾਹਿਗੁਰੂ ਜਿਹੜਾ ਹੈ ਉਹ ਕੇਵਲ ਸੱਤਾ ਦਿੰਦਾ, ਉਹਦਾ ਕੋਈ ਸਬੰਧ ਨਹੀਂ ਦੁਨੀਆਂ ਦੇ ਨਾਲ। ਉਹਦਾ ਕੋਈ ਸਬੰਧ ਨਹੀਂ ਹੈ ਜੀਵਾਂ ਦੇ ਨਾਲ। ਜੀਵ ਦੇ ਆਪਣੇ ਯਤਨ ਹਨ ਕਿ ਉਹ ਕਿਵੇਂ ਨਿਕਲ ਸਕਦਾ ਹੈ, ਇਸ ਮਾਇਆ ਦੇ ਚੱਕਰ ਵਿਚੋਂ। ਪਰ ਗੁਰੂ ਨਾਨਕ ਪਾਤਸ਼ਾਹ ਨੇ ਜਿਸ ਵਕਤ ਏਸ ਦੁਬਿਧਾ ਨੂੰ ਦੇਖਿਆ ਤਾਂ ਆਪ ਜੀ ਨੇ ਫੁਰਮਾਨ ਕਰਿਆ ਕਿ ਪਿਆਰਿਓ, ਵਾਹਿਗੁਰੂ ਨੂੰ ਏਸ ਤਰ੍ਹਾਂ ਨਾ ਸਮਝੋ ਕਿ ਉਹ ਈਸ਼ਰ, ਇਕ ਪ੍ਰਮਾਤਮਾ ਹੈ, ਇਕ ਈਸ਼ਵਰ ਹੈ, ਇਕ ਜੀਵ ਹੈ ਤਿੰਨ ਚਾਰ ਰੂਪਾਂ ਦੇ ਵਿਚ ਪ੍ਰਗਟ ਹੁੰਦਾ ਹੈ। ਕਹਿੰਦੇ ਇਹ ਤਾਂ ਸਾਰਾ ਢਾਂਚਾ ਹੈ ਉਹੀ ਵਿਗੜ ਗਿਆ। ਜੇ ਸਾਡਾ ਵਿਸ਼ਵਾਸ਼ ਹੀ ਵਾਹਿਗੁਰੂ ਤੇ ਨਾ ਆਇਆ ਤਾਂ ਅਸੀਂ ਲੰਘਾਂਗੇ ਕਿਸ ਪਾਸੇ? ਬਾਕੀ ਜਿਹੜੇ ਤਰੱਦਦ ਨੇ ਉਨ੍ਹਾਂ ਨੇ ਕਰੇ ਮੈਂ ਉਨ੍ਹਾਂ ਵਲ ਨਹੀਂ ਜਾਂਦਾ। ਉਹ ਕਿਸੇ ਕਿਨਾਰੇ ਨਹੀਂ ਸੀ ਪਹੁੰਚਾਉਂਦੇ। ਗੁਰੂ ਨਾਨਕ ਪਾਤਸ਼ਾਹ ਨੇ ਜੋ ਸਾਰੇ ਸੰਸਾਰ ਨੂੰ ਸਮਝਾਉਣ ਵਾਸਤੇ ਦੱਸਿਆ ਹੈ। ਉਹਦੇ ਬਾਰੇ ਭਾਈ ਗੁਰਦਾਸ ਜੀ ਨੇ ਬੜੀ ਖੋਲ੍ਹ ਕੇ ਗੱਲ ਕਰੀ ਹੈ। ਆਪ ਫੁਰਮਾਨ ਕਰਦੇ ਨੇ -

***ਨਿਰੰਕਾਰੁ ਅਕਾਰੁ ਹੋਇ ਏਕੰਕਾਰੁ ਅਪਾਰ ਸਦਾਇਆ॥***

***ਭਾਈ ਗੁਰਦਾਸ ਜੀ ਦੀ ਵਾਰ 26/2***

ਜਦੋਂ ਨਿਰੰਕਾਰ ਦੀ ਮੌਜ ਆਈ ਕਿ ਮੈਂ ਸੰਸਾਰ ਦੇ ਇਕ ਤੋਂ ਅਨੇਕ ਰੂਪ ਵਿਚ ਪ੍ਰਗਟ ਹੋ ਜਾਵਾਂ। ਉਸ ਵੇਲੇ ਜੋ ਸਭ ਤੋਂ ਪਹਿਲੀ ਕਿਰਿਆ ਹੋਈ ਕਿ ਨਿਰੰਕਾਰ ਨੇ ਏਕੰਕਾਰ ਦਾ ਰੂਪ ਧਾਰਨ ਕਰਿਆ ਜਿਸਦਾ ਕੋਈ ਪਾਰਾਵਾਰ ਨਹੀਂ ਹੈ। ਏਕੰਕਾਰ ਤੋਂ ਧੁਨ ਹੋਈ ਸ਼ਬਦ ਦੀ -

***ਏਕੰਕਾਰਹੁ ਸਬਦ ਧੁਨਿ.............॥***

***ਭਾਈ ਗੁਰਦਾਸ ਜੀ ਦੀ ਵਾਰ 26/2***

ਉਹਦਾ ਨਾਉਂ ਰੱਖਿਆ ਓਅੰਕਾਰ। ਹੁਣ ਇਥੇ ਸਾਨੂੰ ਦੁਬਿਧਾ ਪੈਦਾ ਹੋ ਗਈ ਕਿ ਓਅੰਕਾਰ ਹੋਰ ਹੋ ਗਿਆ, ਏਕੰਕਾਰ ਹੋਰ ਹੋ ਗਿਆ ਤੇ ਉਹ ਸ਼ਬਦ ਹੋਰ ਗਿਆ ਤੇ ਏਕੰਕਾਰ ਹੋਰ ਹੋ ਗਿਆ। ਇਸ ਦੁਬਿਧਾ ਨੇ ਗੁਰੂ ਮਹਾਰਾਜ ਨੇ ਮੇਟਣ ਵਾਸਤੇ ਕਿਉਂਕਿ ਕਿਰਿਆ ਤਾਂ ਇਵੇਂ ਜਿਵੇਂ ਹੋਈ ਹੈ -

***ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰ ਬਣਾਇਆ॥***

***ਭਾਈ ਗੁਰਦਾਸ ਜੀ ਦੀ ਵਾਰ 26/2***

ਉਹ ਜੋ ਸ਼ਬਦ ਧੁਨ ਹੋਈ ਉਹਦਾ ਅਸੀਂ ਓਅੰਕਾਰ ਨਾਮ ਰੱਖ ਦਿਤਾ। ਉਸ ਓਅੰਕਾਰ ਨੇ ਸਾਰੇ ਆਕਾਰ ਜਿੰਨੇ ਤੁਸੀਂ ਦੇਖਦੇ ਹੋ, ਖੰਡ ਬ੍ਰਹਿਮੰਡ ਦੇਖਦੇ ਓਂ, ਪੰਜ ਤੱਤ ਦੇਖਦੇ ਓਂ, ਇਹ ਸਾਰਾ ਕੁਝ ਉਸ ਤੋਂ ਪੈਦਾ ਹੋਇਆ। ਸਾਰੀ ਕੁਦਰਤ ਸ਼ਬਦ ਤੋਂ ਪੈਦਾ ਹੋਈ। ਉਹ ਜਿਹੜੀ ਪੈਦਾ ਹੋਈ ਉਹ ਵਾਹਿਗੁਰੂ ਤੋਂ ਅੱਡ ਨਹੀਂ ਹੈ।

***ਆਪਿ ਸਤਿ ਕੀਆ ਸਭੁ ਸਤਿ॥ ਅੰਗ - 284***

ਆਪ ਵੀ ਸਤਿ ਹੈ ਲੇਕਿਨ ਜੋ ਕੀਤਾ ਹੈ ਉਹ ਵੀ ਸਤਿ ਹੈ। ਉਸ ਵੇਲੇ ਏਕੰਕਾਰ ਨੂੰ ਇਕ ਬਣਾਇਆ ਮਹਾਰਾਜ ਨੇ ਏਕੇ ਦੇ ਨਾਲ ਓਅੰਕਾਰ ਜੋੜ ਕੇ ਕਿ ਓਹੀ ਹੈ। ਜਿਸ ਤਰ੍ਹਾਂ ਸਾਰੇ ਮਤ ਹਨ, ਜਿਵੇਂ ਈਸਾਈ ਮਤ ਹੈ ਜ਼ੋਰਾਂ ਤੇ ਹੈ। ਉਨ੍ਹਾਂ ਦਾ ਵੀ ਫੁਰਮਾਨ ਹੈ ਕਿ ਸੰਸਾਰ ਰਚਨਾ ਤੋਂ ਪਹਿਲਾਂ ਸ਼ਬਦ ਲਾਗੋਸ ਸੀ ਜੋ ਪ੍ਰਭੂ ਵਿਚ ਵਸਦਾ ਸੀ। ਤੇ ਹਿੰਦੂ ਸ਼ਾਸਤਰਾਂ ਦਾ ਵੀ ਮਤ ਹੈ ਜੋ ਆਸਤਕ ਸਾਸ਼ਤਰ ਨੇ ਕਿ ਵਾਹਿਗੁਰੂ ਦੇ ਵਿਚ ਸ਼ਬਦ ਸੀਗਾ। ਉਹ ਸ਼ਬਦ ਪ੍ਰਗਟ ਹੋਇਆ। ਗੁਰੂ ਦਸ਼ਮੇਸ਼ ਪਿਤਾ ਫੁਰਮਾਨ ਕਰਦੇ ਨੇ-

***ਪ੍ਰਥਮ ਓਅੰਕਾਰ ਤਿਨ ਕਹਾ***

ਸਭ ਤੋਂ ਪਹਿਲੀ ਦੁਨੀਆਂ ਦੀ ਆਵਾਜ਼ ਵਿਚ ਜੋ ਸ਼ਬਦ ਹੋਇਆ ਉਹ ਓਅੰਕਾਰ ਹੋਇਆ।

***ਸੋ ਧੁਨ ਪੂਰ ਜਗ ਮੋ ਰਹਾ।***

ਉਹ ਜਿਹੜੀ ਧੁਨ ਹੈ ਸਾਰੇ ਸੰਸਾਰ ਵਿਚ ਫੈਲੀ ਹੋਈ ਹੈ। ਕਿਤੇ ਕੋਈ ਥਾਂ ਨਹੀਂ ਜਿਥੇ ਉਹ ਧੁਨ ਨਹੀਂ। ਇਥੇ ਅਸੀਂ ਭੁਲੇਖੇ ਵਿਚ ਪੈ ਜਾਂਦੇ ਹਾਂ ਕਿ ਇਹ ਤਾਂ ਫੇਰ ਸ਼ਬਦ

ਹੋਇਆ, ਸ਼ਬਦ ਤਾਂ ਐਥੇ ਹੁਣ ਮੈਂ ਦੱਸ ਦਿੰਦਾ ਹਾਂ। ਦੋਵੇਂ ਹੱਥ ਮਾਰਦਾਂ ਤਾੜੀ ਵਜਾ ਦਿੰਦਾ ਹਾਂ। ਇਹਨੂੰ ਵੀ ਸ਼ਬਦ ਕਹਿੰਦੇ ਨੇ, ਜੋ ਮੈਂ ਬੋਲ ਰਿਹਾ ਹਾਂ ਇਹ ਵੀ ਸ਼ਬਦ ਕਹਿੰਦੇ ਨੇ। ਇਹ ਸ਼ਬਦ ਜੋ ਚੇਤਨ ਸ਼ਬਦ ਹੈ ਉਸ ਦੇ ਬਾਰੇ ਕੋਈ ਨਹੀਂ ਜਾਣਦਾ। ਕਿਉਂਕਿ ਉਹ ਨਿਰਾ ਗਿਆਨ ਹੈ, ਨਿਰੀ ਵਿਉਂਤ ਹੈ, ਉਸ ਵਿਉਂਤ ਦੇ ਵਿਚੋਂ ਸਾਰੀ ਸ੍ਰਿਸ਼ਟੀ ਦੀ ਉਤਪਤੀ ਹੋਈ। ਜਿਸਨੂੰ ਮਹਾਰਾਜ ਹੋਰ ਸੁਖਾਲੇ ਅੱਖਰਾਂ ਵਿਚ ਕਹਿੰਦੇ ਨੇ –

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥*

*ਅੰਗ - 537*

ਇਹ ਮਹਾਰਾਜ ਜੀ ਅਦ੍ਵੈਤ ਸਿਧਾਂਤ ਲੈ ਕੇ ਸੰਸਾਰ ਦੇ ਭੁਲੇਖਿਆਂ ਨੂੰ ਦੂਰ ਕਰਨ ਵਾਸਤੇ ਆਏ। ਜਿਥੇ-ਜਿਥੇ ਆਪ ਨੇ ਅਬਾਦੀ ਦੇਖੀ ਆਪ ਉਥੇ-ਉਥੇ ਪਹੁੰਚੇ, ਤਾਂ ਕਿ ਇਨ੍ਹਾਂ ਦੇ ਭੁਲੇਖੇ ਦੂਰ ਕਰਕੇ ਸੰਸਾਰ ਨੂੰ ਉਸੇ ਥਾਂ ਦੇ ਉਤੇ ਜਾਣ-ਪਛਾਣ ਕਰਾ ਕੇ, ਇਹ ਸੰਸਾਰ ਲੀਨ ਹੋ ਜਾਵੇ ਵਾਹਿਗੁਰੂ ਦੇ ਅੰਦਰ। ਉਹਦੇ ਵਾਸਤੇ ਵੱਡਿਆਂ-ਵੱਡਿਆਂ ਕੋਲ ਗਏ। ਜਦੋਂ ਗੋਰਖਨਾਥ ਕੋਲ ਗੁਰੂ ਨਾਨਕ ਪਾਤਸ਼ਾਹ ਪਹੁੰਚਦੇ ਨੇ ਤਾਂ ਗੋਰਖਨਾਥ ਨਾਲ ਜਦੋਂ ਗੱਲ ਹੋਈ ਤਾਂ ਕਹਿੰਦੇ ਉਹ ਤਿੰਨ ਦੇ ਵਿਚ ਵਿਸ਼ਵਾਸ਼ ਕਰਦੇ ਸੀ ਕਿ ਪ੍ਰਕ੍ਰਿਤੀ ਹੋਰ ਹੈ, ਜੀਵ ਹੋਰ ਹੈ, ਵਾਹਿਗੁਰੂ ਹੋਰ ਹੈ। ਜਦੋਂ ਵਾਹਿਗੁਰੂ ਹੇਠਾਂ ਆ ਕੇ ਕੰਮ ਕਰਦਾ ਹੈ ਉਹ ਈਸ਼ਵਰ ਬਣ ਜਾਂਦਾ ਹੈ। ਉਸ ਈਸ਼ਵਰ ਦਾ ਸੰਸਾਰ ਨਾਲ ਕੋਈ ਸਬੰਧ ਨਹੀਂ। ਇਹ ਜੀਵ ਜੋ ਫਸਿਆ ਹੋਇਆ ਹੈ ਇਹਨੂੰ ਕੱਢਣ ਦਾ ਇਕੋ ਇਕ ਤਰੀਕਾ ਹੈ ਯੋਗ ਕੀਤਾ ਜਾਵੇ ਤੇ ਪਾਤੰਜਲ ਤੇ ਯੋਗ ਦਰਸ਼ਨ ਦੇ ਜੋ ਸਾਧਨ ਨੇ ਉਹ ਅਪਣਾਏ ਜਾਣ। ਮਾਇਆ ਤੋਂ ਨਿਰਲੇਪ ਹੋਵੇ। ਗੁਰੂ ਨਾਨਕ ਨੇ ਕਿਹਾ ਗੋਰਖ ਤੈਨੂੰ ਬੜਾ ਭੁਲੇਖਾ ਪਿਆ ਹੋਇਆ ਹੈ। ਸੰਸਾਰ ਵਿਚ ਨਾ ਕੋਈ ਪ੍ਰਕ੍ਰਿਤੀ ਨਾਮ ਦੀ ਚੀਜ਼ ਹੈ, ਨਾ ਕੋਈ ਜੀਵ ਨਾਮ ਦੀ ਚੀਜ਼ ਹੈ, ਇਹ ਤਾਂ ਵਾਹਿਗੁਰੂ ਜੀ ਆਪਣੇ ਆਪ ਆਪੇ ਹੀ ਵਿਸਤ੍ਰਿਤ ਹੋਏ ਹੋਏ ਨੇ। ਇਹਦੇ ਵਿਚ ਦੂਸਰਾ ਥਾਉਂ ਹੀ ਕੋਈ ਨਹੀਂ।

*ਪਾਰਬ੍ਰਹਮ ਕੇ ਸਗਲੇ ਠਾਉ॥*
*ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ॥*

*ਅੰਗ - 275*

*ਪਸਰਿਓ ਆਪਿ ਹੋਇ ਅਨਤ ਤਰੰਗ॥*
*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ॥ ਅੰਗ - 275*

ਉਹ ਆਪ ਅਨੰਕਾਂ ਰੰਗਾਂ ਦੇ ਵਿਚ, ਅਨੇਕਾਂ ਰੂਪਾਂ ਦੇ 'ਚ ਹੋ ਕੇ ਵਾਹਿਗੁਰੂ ਆਪ ਹੀ ਪਸਰਿਆ ਹੋਇਆ ਹੈ। ਉਹ ਲਖਿਆ ਨਹੀਂ ਜਾਂਦਾ।

*ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥*

*ਅੰਗ - 463*

ਆਪ ਉਸਨੇ ਜੀਵ ਰਚਨਾ ਕਰੀ ਹੈ, ਉਸ ਨੇ ਹੀ ਨਾਮ ਦੀ ਰਚਨਾ ਕਰੀ ਹੈ, ਉਸ ਨੇ ਹੀ ਕੁਦਰਤ ਨੂੰ, ਮਾਇਆ ਨੂੰ ਰਚਿਆ ਹੈ। ਆਪ ਹੀ ਆਪਣਾ ਖੇਲ੍ਹ ਦੇਖ ਰਿਹਾ ਹੈ।

ਗੋਰਖ ਨੇ ਜਦੋਂ ਇਹ ਬਚਨ ਸੁਣੇ ਕਹਿਣ ਲੱਗਿਆ, ਹੇ ਨਾਨਕ! ਜੋ ਵਾਹਿਗੁਰੂ ਦੇ ਪ੍ਰਮੁੱਖ ਲੱਛਣ ਨੇ ਉਹ ਦੱਸ। ਮਹਾਰਾਜ ਨੇ ਕਿਹਾ ਕਿ ਉਹ ਸਤਿ ਹੈ, ਚਿੱਤ ਹੈ, ਅਨੰਦ ਹੈ, ਪ੍ਰਿਅ ਹੈ। ਉਹ ਸੰਸਾਰ ਦੇ ਵਿਚ ਪਿਆਰ ਦਾ ਰੂਪ ਹੋ ਕੇ ਫੈਲਿਆ ਹੋਇਆ ਹੈ। ਗੁਰੂ ਦਸ਼ਮੇਸ਼ ਪਾਤਸ਼ਾਹ ਫੁਰਮਾਨ ਕਰਦੇ ਹਨ –

*ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥*

*ਜਾਪੁ ਸਾਹਿਬ*

ਫੇਰ ਉਹ ਕਹਿਣ ਲੱਗਿਆ ਕਿ ਵਾਹਿਗੁਰੂ ਆਪ ਹੀ ਹੈ ਇਹ ਸਾਰਾ ਸੰਸਾਰ ਤਾਂ ਦੁਖ ਕਿਥੋਂ ਪੈਦਾ ਹੋ ਗਿਆ? ਫੇਰ ਵਾਹਿਗੁਰੂ ਨੂੰ ਸੰਸਾਰ ਕਿਉਂ ਕਹਿਣ ਲੱਗੇ, ਵਾਹਿਗੁਰੂ ਤੇ ਸੰਸਾਰ ਨੂੰ ਅੱਡ ਕਿਉਂ ਕਰ ਦਿਤਾ? ਬੜਾ ਵੱਡਾ ਸਵਾਲ ਸੀ। ਸਾਡੇ ਵਾਸਤੇ ਵੀ ਵੱਡਾ ਸਵਾਲ ਹੈ। ਕਿਉਂਕਿ ਜੋ ਸ਼ੰਕਾ ਗੋਰਖ ਦੇ ਮਨ ਵਿਚ ਆਇਆ ਉਹ ਸਾਡੇ ਵੀ ਮਨ ਵਿਚ ਹੈ। ਜੇ ਵਾਹਿਗੁਰੂ ਆਪ ਹੈ ਫੇਰ ਚੰਗੇ ਬੰਦੇ, ਉਚੇ-ਨੀਵੇਂ ਕਿਥੋਂ ਆ ਗਏ? ਗੁਰੂ ਨਾਨਕ ਕਹਿਣ ਲੱਗੇ ਗੋਰਖਨਾਥ! ਵਾਹਿਗੁਰੂ ਤਾਂ ਆਪ ਹੀ ਹੈ, ਜੇ ਕਿਤੇ ਸੰਸਾਰ ਜਿਹੜਾ ਤੂੰ ਕਹਿੰਦਾ ਹੈਂ ਇਹ ਵਾਹਿਗੁਰੂ ਜੀ ਨੇ ਜਦੋਂ ਰਚਨਾ ਕੀਤੀ ਤਾਂ ਸਭ ਤੋਂ ਪਹਿਲਾਂ ਤੱਤ ਜਿਹੜਾ ਹੈ ਨਾ, ਉਹ ਹਉਮੈ ਦਾ ਪੈਦਾ ਕਰਿਆ। ਉਸ ਹਉਮੈ ਤੱਤ ਨੇ ਪ੍ਰਮੇਸ਼ਰ ਦੇ ਤਿੰਨ ਟੁਕੜੇ ਕਰ ਦਿਤੇ। ਇਕ ਪ੍ਰਮੇਸ਼ਰ ਬਣਾ ਦਿਤਾ, ਇਕ ਜੀਵ ਬਣਾ ਦਿਤਾ ਤੇ ਇਕ ਮਾਇਆ ਬਣਾ ਦਿਤੀ। ਉਹ ਹਉਮੈ ਕਰਕੇ ਹੈ ਸਾਰੀ। ਉਹਨੇ ਸਵਾਲ ਕਰਿਆ –

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ॥ ਅੰਗ - 946*

ਇਹ ਦੁਖ ਪਿਆ ਹੋਇਆ ਕਿਵੇਂ ਜਾਏਗਾ? ਕਿਵੇਂ ਇਹ ਸੰਸਾਰ ਬਣ ਗਿਆ? ਮਹਾਰਾਜ ਕਹਿੰਦੇ –

*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ॥ ਅੰਗ - 946*

ਦੁਖ ਦੇ ਦੂਰ ਕਰਨ ਵਾਸਤੇ ਨਾਮ ਦੀ ਮਹਾਰਾਜ ਨੇ ਸੋਝੀ ਦਿਤੀ। ਨਾਮ ਜਿਹੜਾ ਹੈ ਇਹ ਦੁਖਾਂ ਨੂੰ ਦੂਰ ਕਰ ਸਕਦਾ ਹੈ ਤੇ ਮੈਂ ਸੰਸਾਰ ਨੂੰ ਨਾਮ ਦੇਣ ਆਇਆ ਹਾਂ। ਮੇਰੇ ਕੋਲ ਹੋਰ ਕੋਈ ਚੀਜ਼ ਨਹੀਂ, ਨਾ ਮੈਂ ਰਿੱਧੀਆਂ-ਸਿੱਧੀਆਂ ਦਿਖਾਉਣ ਵਾਸਤੇ ਆਇਆ ਹਾਂ। ਨਾ ਮੈਂ ਸ਼ਕਤੀਆਂ 'ਚ ਲੋਕਾਂ ਨੂੰ ਪ੍ਰਚਾਉਣਾ ਕਰਨ ਵਾਸਤੇ, ਨਾਟਕ ਚੇਟਕ ਕਰਨ ਵਾਸਤੇ ਆਇਆ ਹਾਂ। ਮੈਂ ਨਾਮ ਦੀ ਜਾਚ ਦੱਸਣੀ ਹੈ ਕਿਉਂਕਿ ਇਹ ਜੀਵ ਅਨੇਕ ਰੂਪ ਵਿਚ ਹੋ ਕੇ ਭੁੱਲਿਆ ਹੋਇਆ ਦੁਖੀ ਹੋ ਰਿਹਾ ਹੈ। ਸਾਹ ਸਾਹ ਹੋਇਆ ਬਹੁਤ ਦੁਖ ਦੇ ਵਿਚ ਨਿਮਾਣਾ ਤੇ ਨਿਤਾਣਾ ਹੋਇਆ ਪਿਆ ਹੈ।

*ਨਾਨਕ ਕੈ ਘਰਿ ਕੇਵਲ ਨਾਮੁ॥* *ਅੰਗ - 1136*

ਨਾਮ ਹੀ ਮੈਂ ਲੈ ਕੇ ਆਇਆ ਹਾਂ ਤੇ ਨਾਮ ਹੀ ਮੈਂ ਸੰਸਾਰ ਦੇ ਅੰਦਰ ਵੰਡਣਾ ਹੈ। ਸੋ ਇਹ ਹਉਮੈ ਤੱਤ ਹੈ ਸਾਧਸੰਗਤ ਜੀ! ਇਹਨੂੰ ਸਮਝਣਾ ਚਾਹੀਦਾ ਹੈ। ਹਉਮੈ ਦੇ ਬਾਰੇ ਤੁਸੀਂ ਪੜ੍ਹਿਆ ਲਿਖਿਆਂ ਨਾਲ ਗੱਲ ਕਰੋ, ਪ੍ਰਚਾਰਕਾਂ ਨਾਲ ਗੱਲ ਕਰੋ। ਨਹੀਂ ਅਰਥ ਦੱਸ ਸਕਦੇ। ਸਾਡਾ ਸਮਾਗਮ ਹੁੰਦਾ ਹੈ ਅਕਤੂਬਰ ਦੇ ਮਹੀਨੇ, ਕਾਫੀ ਵੱਡਾ। ਉਹਦੇ ਵਿਚ ਪ੍ਰੋਫੈਸਰ ਲੋਕਾਂ ਨੂੰ ਅਸੀਂ ਬੁਲਾਉਂਦੇ ਹਾਂ। ਵਿਸ਼ਾ ਦਿੰਦੇ ਹਾਂ, ਸਾਰਿਆਂ ਨੇ ਮੈਨੂੰ ਦੱਸਿਆ ਕਿ ਇਹ ਬਹੁਤ ਪੜ੍ਹਿਆ ਹੋਇਆ ਹੈ ਇਹਨੂੰ ਵਿਸ਼ਾ ਦਿਓ। ਮੈਂ ਕਿਹਾ ਇਹਨੂੰ ਦੇ ਦਿਓ 'ਹਉਮੈ ਕੀ ਹੈ?' ਬੜਾ ਸੁਖਾਲਾ ਹੈ, ਬਹੁਤ ਔਖਾ ਨਹੀਂ ਹੈ ਵਿਸ਼ਾ। ਉਹਨੇ ਜਦੋਂ ਉਥੇ ਵਿਚਾਰ ਸੁਣੇ ਤਾਂ ਉਹਨੇ ਕਿਹਾ ਕਿ ਮੇਰਾ ਵਿਸ਼ਾ ਬਦਲ ਦਿਓ। ਮੇਰੇ ਤੋਂ ਨਹੀਂ ਹੋਣਾ। ਫੇਰ ਇਕ ਪ੍ਰੋਫੈਸਰ ਹੋਰ ਆਇਆ, ਪ੍ਰਿੰਸੀਪਲ। ਉਹਨੇ ਲੇਖ ਭੇਜਿਆ, ਕਿਉਂਕਿ ਮੈਂ ਲੇਖ ਮੰਗਾ ਲੈਂਦਾ ਕਿ ਪਹਿਲਾਂ ਮੈਨੂੰ ਲਿਖ ਕੇ ਦਿਖਾਓ, ਐਵੇਂ ਕਿਸੇ ਨੂੰ ਕੀ ਸੁਣਨੈ। ਫਾਇਦੇ ਦੀ ਥਾਂ ਤੇ ਨੁਕਸਾਨ ਨਾ ਕਰ ਲੈਣ, ਗਲਤ ਧਾਰਨਾਵਾਂ ਲੈ ਕੇ ਘਰਾਂ 'ਚ ਨਾ ਚਲੇ ਜਾਣ। ਸੋ ਸਾਰੇ ਬੋਲਣ ਵਾਲੇ ਲੇਖ ਜਿੰਨੇ ਵੀ ਨੇ, ਚਾਹੇ ਕਾਗਜ਼ ਤੋਂ ਪੜ੍ਹੋ, ਚਾਹੇ ਤੁਸੀਂ ਜਬਾਨੀ ਕਰੋ, ਪਹਿਲਾਂ ਤੁਹਾਨੂੰ ਦਿਖਾਉਣੇ ਪੈਣਗੇ।

ਸੋ ਹਉਮੈ ਦੇ ਬਾਰੇ ਕਿਸੇ ਨੂੰ ਪਤਾ ਨਹੀਂ ਲਗਦਾ। ਹੈ ਬੜੀ ਸੁਖਾਲੀ ਚੀਜ਼ –

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥*
*ਅੰਗ - 466*

ਹੁਣ ਮੈਂ ਇਸ ਦੀ ਗੱਲ ਕਰਦਾ ਹਾਂ ਕਿ ਹਉਮੈ ਕੀ ਹੈ? ਜਿਹਦੇ ਨਾਲ ਸੰਸਾਰ ਬਣ ਗਿਆ। ਫੇਰ ਦੁਖਾਂ ਦਾ ਇਤਿਹਾਸ ਸ਼ੁਰੂ ਹੋ ਗਿਆ। ਹਉਮੈ ਜਿਹੜੀ ਹੈ ਨਾ ਜਿਹਨੂੰ ਅਸੀਂ 'ਮੈਂ ਹਾਂ' ਕਹਿੰਦੇ ਹਾਂ, ਇਸੇ ਨੂੰ ਹਉਮੈ ਕਹਿੰਦੇ ਨੇ। ਕੋਈ ਇਹਦੇ ਡੂੰਘੇ ਅਰਥ ਨਹੀਂ ਹਨ। ਕੋਈ ਫਿਲਾਸਫੀ ਕਰਨ ਦੀ ਲੋੜ ਨਹੀਂ ਹੈ। ਇਹ 'ਮੈਂ ਹਾਂ' ਜਦੋਂ ਅਸੀਂ ਪੁਛਦੇ ਹਾਂ ਕਿ ਤੂੰ ਕੌਣ ਹੈਂ? ਉਹ ਕਹੇਗਾ ਕਿ ਮੈਂ ਫਲਾਣੇ ਸਿੰਘ ਹਾਂ। ਤੂੰ ਦੱਸ ਸਕਦਾ ਹੈਂ ਕਿ ਤੂੰ ਕੌਣ ਹੈਂ? ਕਹਿੰਦਾ, ਮੈਂ ਤੇਰੇ ਸਾਮ੍ਹਣੇ ਖੜ੍ਹਾ ਹਾਂ, ਹੋਰ ਮੈਂ ਕੀ ਹਾਂ। ਇਹ ਅਸਲ ਨੂੰ ਨਕਲ ਸਮਝਣਾ, ਇਹਨੂੰ ਮਾਇਆ ਵੀ ਕਹਿੰਦੇ ਨੇ ਭੁਲੇਖਾ, ਅਗਿਆਨਤਾ ਵੀ ਕਹਿੰਦੇ ਨੇ, ਭਰਮ ਵੀ ਕਹਿੰਦੇ ਨੇ। ਗੁਰੂ ਮਹਾਰਾਜ ਨੇ ਇਹਨੂੰ ਤਲਮ ਦਿਤੀ ਹੈ ਹਉਮੈ ਦੀ। ਹਉਮੈ ਨੇ ਇਹ ਕਰਿਆ ਕਿ ਵਾਹਿਗੁਰੂ ਜੋ ਪਰੀਪੂਰਨ ਹੈ ਉਹਦੇ ਵਿਚਾਲੇ ਪੜਦਾ ਪਾ ਕੇ ਆਪਣਾ, ਕਿਉਂਕਿ ਬਲ ਉਹਨੂੰ ਵਾਹਿਗੁਰੂ ਵਲੋਂ ਹੀ ਮਿਲਿਆ ਹੋਇਆ ਹੈ। ਉਹਦਾ ਆਪਣਾ ਬਲ ਨਹੀਂ ਕੋਈ। ਫੇਰ ਕੀਤੀ ਹੋਈ ਹੈ ਵਾਹਿਗੁਰੂ ਦੀ ਸ਼ਕਤੀ ਹੈ। ਉਸ ਵਾਹਿਗੁਰੂ ਦੀ ਸ਼ਕਤੀ ਨੇ ਹੀ ਆਪਣਾ ਕੰਮ ਕਰਨਾ ਹੈ। ਉਹਨੇ ਕੰਮ ਕੀ ਕਰਿਆ ਕਿ ਆਹ ਸਰੀਰ ਦੇ ਅੰਦਰ ਵਾਹਿਗੁਰੂ ਜੀ ਵਸਦੇ ਨੇ। ਉਹਦੇ ਵਿਚ ਪੜਦਾ ਪਾ ਦਿਤਾ। ਜੀਵ 'ਮੈਂ' ਵੀ ਇਹਦੇ ਵਿਚ ਰਹਿੰਦਾ ਹੈ ਤੇ ਵਾਹਿਗੁਰੂ ਜੀ ਵੀ ਇਹਦੇ ਵਿਚ ਰਹਿੰਦੈ। ਹਉਮੈ ਨੇ ਕੰਧ ਬਣਾ ਦਿਤੀ। ਜਿੰਨਾ ਜ਼ੋਰ ਲਗਦਾ ਹੈ ਇਤਿਹਾਸ ਸੁਣਾਈ ਜਾਓ, ਅਰਥ ਸੁਣਾਈ ਜਾਓ, ਜਿੰਨਾ ਜ਼ੋਰ ਲਗਦਾ ਹੈ ਵਿਆਖਿਆ ਸੁਣਾਈ ਜਾਓ। ਇਹ ਨਾ ਤਾਂ ਜੀਵ ਮੰਨੇ ਇਸ ਗੱਲ ਨੂੰ। ਜੇ ਅਸੀਂ ਕਹਿੰਦੇ ਹਾਂ ਕਿ ਗੁਰੂ ਸਾਹਿਬ ਦੀ ਬਾਣੀ ਨੂੰ ਮੰਨ, ਤੂੰ ਗੁਰੂ ਸਾਹਿਬ ਨੂੰ ਕੀ ਸਮਝਦਾ ਹੈ? ਕੋਈ ਬੰਦਾ ਮੰਨਣ ਨੂੰ ਤਿਆਰ ਨਹੀਂ ਹੁੰਦਾ। ਹਰ ਬੰਦਾ ਕਹਿੰਦਾ ਹੈ ਕਿ ਮੈਂ 'ਮੈਂ' ਹਾਂ। ਮੇਰਾ ਨਾਉਂ ਫਲਾਣਾ ਸਿੰਘ ਹੈ। ਮੈਂ ਗੋਰਾ ਹਾਂ, ਮੈਂ ਕਾਲਾ ਹਾਂ, ਮੈਂ ਹਿੰਦੂ ਹਾਂ, ਮੈਂ ਸਿੱਖ ਹਾਂ, ਮੈਂ ਫਲਾਣਾ, ਮੈਂ ਇਸਲਾਮ ਵਾਲਾ ਹਾਂ। ਮਹਾਰਾਜ ਕਹਿੰਦੇ ਕੀ ਹੋ ਗਿਆ ਸੰਸਾਰ ਨੂੰ, ਇਹ ਤਾਂ ਸਾਰੇ ਹੀ ਸੌਂ ਗਏ। ਜਿਹਨੂੰ ਆਪਣੇ ਆਪ ਦਾ ਹੀ ਪਤਾ ਨਹੀਂ ਉਹਨੂੰ ਤੁਸੀਂ ਕੀ ਕਹੋਂਗੇ ਕਿ ਅਕਲ ਵਾਲਾ ਹੈ ਕਿ ਬੇਹੋਸ਼ ਹੈ।

ਸੰਤ ਮਹਾਰਾਜ ਜੀ ਛੋਟੀਆਂ-ਛੋਟੀਆਂ ਸਾਖੀਆਂ ਸੁਣਾ ਕੇ ਇਹ ਗੱਲਾਂ ਦੱਸਿਆ ਕਰਦੇ ਸੀ ਤਾਂ ਕਿ ਇਹ ਚੀਜ਼ ਚੰਗੀ ਤਰ੍ਹਾਂ ਪਤਾ ਲਗ ਜਾਵੇ। ਆਪ ਇਹ ਫੁਰਮਾਉਂਦੇ ਸੀ ਕਿ ਏਸ ਜੀਵ ਨੂੰ ਮਾਇਆ ਦਾ ਨਸ਼ਾ ਚੜ੍ਹ ਗਿਆ। ਨਸ਼ੇ ਨੇ ਇਸ ਜੀਵ ਦੀ ਜਿਹੜੀ ਸੁਰਤ ਹੈ ਉਹ ਭੁਲਾ ਦਿਤੀ।

ਇਕ ਰਾਜਾ ਨਾਲ ਦੇ ਗਵਾਂਢੀ ਰਾਜੇ ਦੇ ਰਾਤ ਦੇ ਭੋਜਨ ਤੇ ਗਿਆ। ਉਥੇ ਸ਼ਰਾਬ ਦਾ ਨਸ਼ਾ ਜ਼ਿਆਦਾ ਪੀ ਲਿਆ। ਜਿਸ ਵਕਤ ਉਹਦੇ ਵਜ਼ੀਰਾਂ ਨੇ ਦੇਖਿਆ ਕਿ ਇਹ ਨਸ਼ੇ ਵਿਚ ਹੋ ਗਿਆ, ਏਧਰਲੀਆਂ ਓਧਰਲੀਆਂ ਗੱਲਾਂ ਮਾਰਨ ਲੱਗ ਗਿਆ, ਸਾਡੇ ਮਹਾਰਾਜ ਦੀ ਇਥੇ ਬੜੀ ਬੇਇਜ਼ਤੀ ਹੋਏਗੀ। ਉਨ੍ਹਾਂ ਨੇ ਉਸ ਨੂੰ ਬੱਘੀ ਵਿਚ ਬਿਠਾਇਆ ਕਿ ਆਪਣੇ ਰਾਜ ਵਿਚ ਲੈ ਆਏ। ਜਦੋਂ ਆਪਣੇ ਮਹੱਲ ਕੋਲ ਪਹੁੰਚਦਾ ਹੈ, ਉਥੇ ਕੀ ਦੇਖਦਾ ਹੈ ਕਿ ਪਹਿਰਾ ਦੇ ਰਹੇ ਨੇ ਸਾਰੇ। ਉਸ ਵੇਲੇ ਇਹ ਭੁੱਲਿਆ ਹੋਇਆ ਹੈ ਕਿ ਮੈਂ ਰਾਜਾ ਹਾਂ।

ਪੁਛਿਆ ਕਿ ਤੁਸੀਂ ਕੌਣ ਹੋ?

ਕਹਿੰਦੇ ਕਿ ਅਸੀਂ ਤੁਹਾਡੇ ਵਜ਼ੀਰ ਹਾਂ।

ਕਹਿੰਦਾ ਕੀਹਦੇ?

ਕਹਿੰਦਾ, ਮੈਂ ਕੌਣ ਹਾਂ?

ਕਹਿੰਦੇ ਰਾਜਨ।

ਕਹਿੰਦਾ ਮੈਂ ਤਾਂ ਰਾਜਾ ਹੈ ਨਹੀਂ, ਮੈਂ ਤਾਂ ਪਹਿਰਾ ਦੇਵਾਂਗਾ ਰਾਜੇ ਦਾ। ਬੱਘੀ ਤੋਂ ਉਤਰ ਆਇਆ, ਜਦੋਂ ਬਹੁਤ ਜਿੱਦ ਕਰੀ ਤਾਂ ਉਹਨੇ ਵਰਦੀ ਪਾ ਲਈ, ਵੰਡੋਲੀਅਰ ਟੰਗ ਲਿਆ, ਰਾਈਫਲ ਫੜ ਲਈ। ਬੀਟ ਤੇ ਘੁੰਮਣਾ ਸ਼ੁਰੂ ਕਰ ਦਿਤਾ। ਜਦੋਂ ਦੋ ਘੰਟੇ ਲੰਘੇ, ਥੋੜ੍ਹਾ-ਥੋੜ੍ਹਾ ਦੇਖਣ ਲਗ ਗਿਆ ਆਪਣੇ ਆਪ ਨੂੰ। ਵਜ਼ੀਰ ਨੇ ਸਮਝ

ਲਿਆ ਕਿ ਹੋਸ਼ ਪਰਤ ਰਹੀ ਹੈ। ਥੋੜ੍ਹੀ ਦੇਰ ਤੋਂ ਬਾਅਦ ਦੇਖਿਆ ਕਿ ਹੁਣ ਇਹਨੂੰ ਹੋਸ਼ ਆ ਗਈ। ਉਸੇ ਵੇਲੇ ਆ ਕੇ ਉਨ੍ਹਾਂ ਨੇ ਸਲੂਟ ਕਰੇ। ਆਦਰ ਕਰਿਆ। ਕਹਿਣ ਲੱਗਿਆ, ਇਹ ਕਪੜੇ ਮੇਰੇ ਕੀਹਨੇ ਪਾਏ ਨੇ? ਕਹਿੰਦੇ, ਹਜ਼ੂਰ ਆਪ ਨੇ ਅੱਜ ਨਸ਼ਾ ਜ਼ਿਆਦਾ ਪੀ ਲਿਆ ਸੀ। ਉਥੋਂ ਤੁਹਾਨੂੰ ਅਸੀਂ ਲੈ ਆਏ ਹਾਂ ਤੇ ਇਥੇ ਪਹਿਰੇਦਾਰਾਂ ਨੂੰ ਪਹਿਰਾ ਦਿੰਦੇ ਦੇਖ ਕੇ ਆਪ ਨੇ ਓਹੀ ਕਪੜੇ ਮੰਗਾ ਲਏ। ਅਸੀਂ ਆਪ ਨੂੰ ਬਹੁਤ ਕਿਹਾ ਕਿ ਆਪ ਤਾਂ ਬਾਦਸ਼ਾਹ ਹੋ ਲੇਕਿਨ ਆਪ ਨੇ ਮੰਨਿਆ ਨਹੀਂ, ਇਹ ਕਪੜੇ ਪਾ ਕੇ ਆਪ ਪਹਿਰਾ ਦਿੰਦੇ ਰਹੇ। ਅਸੀਂ ਬਹੁਤ ਕਿਹਾ ਕਿ ਤੁਹਾਡਾ ਪਹਿਰਾ ਦੇਣ ਵਾਸਤੇ ਆਹ ਸਿਪਾਹੀ ਖੜ੍ਹੇ ਨੇ। ਤੁਸੀਂ ਮੰਨੇ ਨਹੀਂ ਕਿ ਨਹੀਂ ਮੈਂ ਵੀ ਪਹਿਰਾ ਦੇਣਾ ਹੈ।

ਰਾਜਾ ਐਨਾ ਭੁੱਲ ਗਿਆ ਕਿ ਉਹਨੂੰ ਚਿੱਤ ਚੇਤਾ ਵੀ ਨਾ ਰਿਹਾ ਕਿ ਮੈਂ ਕੌਣ ਹਾਂ। ਮਿਸਾਲ ਦਿੰਦੇ ਨੇ ਏਸੇ ਤਰ੍ਹਾਂ ਦੇ ਨਾਲ ਇਹ ਜਿਹੜਾ ਜੀਵ ਹੈ ਇਹ ਆਤਮ ਸ਼ਹਿਜ਼ਾਦਾ ਹੈ। ਇਹ ਐਨਾ ਭੁੱਲ ਗਿਆ ਆਪਣੇ ਆਪ ਨੂੰ ਕਿ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਮੰਨਣ ਲਗ ਗਿਆ। ਦੇਹ ਦੇ ਧਰਮਾਂ ਨੂੰ ਆਪਣੇ ਧਰਮ ਮੰਨਣੇ ਸ਼ੁਰੂ ਕਰ ਦਿਤੇ। ਇਹਨੂੰ ਇਹ ਪਤਾ ਹੀ ਨਹੀਂ ਲਗਦਾ ਕਿ ਮੈਂ ਕੌਣ ਹਾਂ। ਮਹਾਰਾਜ ਕਹਿੰਦੇ –

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ॥ ਅੰਗ - 999*

ਤੂੰ ਆਪਣੇ ਆਪ ਨੂੰ ਬਹੁਤ ਪੜ੍ਹਿਆ ਲਿਖਿਆ ਕਹਾਉਂਦਾ ਹੈਂ, ਸੁਣ ਮੇਰੀ ਗੱਲ ਤੂੰ ਕੌਣ ਹੈਂ? ਕੋਈ ਵੀ ਨਹੀਂ ਦੱਸ ਸਕਦਾ ਹੈ ਕਿ ਮੈਂ ਕੌਣ ਹਾਂ। ਦੇਖਿਆ ਹੋਵੇ ਆਪਣਾ ਆਪ ਤਾਂ ਦੱਸੇ। ਇਹ ਸਰੀਰ ਨੂੰ ਅਸੀਂ ਆਪਣਾ ਆਪ ਕਹਿੰਦੇ ਹਾਂ, ਗਲਤੀ ਦੇ ਨਾਲ। ਇਹ ਹੋਇਆ ਕਿਉਂ? ਇਹ ਜਿਹੜਾ ਹਉਮੈ ਦਾ ਤੱਤ ਹੈ ਉਹ ਐਨਾ ਜ਼ਬਰਦਸਤ ਹੈ ਕਿ ਏਸ ਜੀਵ ਨੂੰ ਉਹਨੇ ਭੁਲਾ ਦਿਤਾ। ਜੀਵ ਕੀ ਹੈ? ਜੀਵ ਦੀ ਹੋਂਦ ਅਸਿਤਤ੍ਵ ਪੱਕਾ ਨਹੀਂ ਹੈ, ਇਹ ਕੇਵਲ ਚੇਤਨ ਸ਼ਕਤੀ, ਇਸ ਪ੍ਰਕ੍ਰਿਤੀ ਦੇ ਨਾਲ ਰਲ ਕੇ ਕੰਮ ਕਰ ਰਹੀ ਹੈ –

*ਕਬੀਰ ਨਿਰਮਲ ਬੂੰਦ ਅਕਾਸ ਕੀ*
*ਪਰਿ ਗਈ ਭੂਮਿ ਬਿਕਾਰ॥ ਅੰਗ - 1375*

ਵਾਹਿਗੁਰੂ ਨਾਲੋਂ ਲਿਵ ਟੁੱਟਣ ਨਾਲ ਇਸਨੇ ਮਿੱਟੀ ਸਮਝਣਾ ਕਰ ਦਿਤਾ ਆਪਣੇ ਆਪ ਨੂੰ, ਆਪਣੇ ਆਪ ਨੂੰ ਜੰਮਣ ਮਰਨ ਵਾਲਾ ਸ਼ੁਰੂ ਕਰ ਦਿਤਾ। ਮਹਾਰਾਜ ਕਹਿੰਦੇ ਪਿਆਰਿਓ! –

*ਮਰਣਹਾਰੁ ਇਹੁ ਜੀਅਰਾ ਨਾਹੀ॥ ਅੰਗ - 188*

ਜੋ ਤੁਸੀਂ ਹੋਂ, ਤੁਸੀਂ ਕਰਦੇ ਨਹੀਂ ਮਰਦੇ। ਤੁਸੀਂ ਕਰਮਾਂ ਦੇ ਹਿਸਾਬ ਨਾਲ ਕਪੜਾ ਬਦਲਦੇ ਹੋ। ਮਰਦੇ ਨਹੀਂ ਹਨ ਕੋਈ ਵੀ।

ਇਕ ਵਾਰੀ ਸਵਾਮੀ ਰਾਮ ਤੀਰਥ ਜੀ, ਅਮਰੀਕਾ ਦੇ ਵਿਚ ਕੈਲੇਫੋਰਨੀਆਂ ਲੈਕਚਰ ਦੇਣ ਗਏ। ਯੂਨੀਵਰਸਿਟੀ ਵਿਚ ਲੈਕਚਰ ਦੇ ਰਹੇ ਸੀ। ਉਥੇ ਇਕ ਅਮਰੀਕਨ ਬੜਾ ਹੀ ਪ੍ਰਭਾਵਿਤ ਹੋਇਆ ਕਹਿਣ ਲੱਗਿਆ, ਸਵਾਮੀ ਜੀ! ਮੇਰੇ ਘਰ ਚਰਨ ਪਾਓ। ਸਵਾਮੀ ਜੀ ਕਹਿਣ ਲੱਗੇ ਆਪਣਾ ਐਡਰੇਸ ਦਿਓ। ਐਡਰੇਸ ਲਿਖਾ ਦਿਤਾ। ਸਵਾਮੀ ਜੀ ਗਏ ਨਾ। ਦੂਸਰੇ ਦਿਨ ਆਇਆ ਕਹਿੰਦਾ ਮੈਂ ਬੜਾ ਇੰਤਜ਼ਾਰ ਕਰਿਐ, ਸਵਾਮੀ ਜੀ ਤੁਸੀਂ ਆਏ ਨਹੀਂ। ਕਹਿੰਦੇ ਤੇਰਾ ਐਡਰੈਸ ਗਲਤ ਹੈ। ਕਹਿੰਦਾ ਮੇਰਾ ਐਡਰੈਸ ਤਾਂ ਠੀਕ ਹੈ। ਫੇਰ ਉਹਨੇ ਹੋਰ ਨਿਸ਼ਾਨੀਆਂ ਦਸ ਦਿਤੀਆਂ ਕਿ ਫਲਾਣਾ ਬੋਰਡ ਆਏਗਾ, ਬੱਤੀਆਂ ਆਉਣਗੀਆਂ, ਚੁਰਾਹਾ ਆਏਗਾ। ਹੋਰ ਚੰਗੀ ਤਰ੍ਹਾਂ ਨਕਸ਼ਾ ਬਣਾ ਕੇ ਦੇ ਦਿਤਾ। ਸਵਾਮੀ ਜੀ ਫੇਰ ਨਾ ਗਏ। ਤੀਸਰੇ ਦਿਨ ਆ ਕੇ ਫੇਰ ਕਹਿਣ ਲੱਗਿਆ, ਸਵਾਮੀ ਜੀ ਮੈਂ ਫੇਰ ਆਪ ਦਾ ਇੰਤਜ਼ਾਰ ਕਰਿਆ, ਆਪ ਆਏ ਨਹੀਂ। ਕਹਿਣ ਲੱਗੇ, ਤੇਰਾ ਐਡਰੈਸ ਗਲਤ ਸੀ। ਕਹਿੰਦਾ ਮੇਰਾ ਐਡਰੇਸ ਤਾਂ ਬਿਲਕੁਲ ਠੀਕ ਹੈ। ਕਹਿੰਦੇ, ਚੰਗਾ ਮੈਨੂੰ ਐਉਂ ਦੱਸ, ਤੂੰ ਕੌਣ ਹੈਂ? ਕਹਿੰਦਾ ਮੈਂ ਤੁਹਾਡੇ ਸਾਮ੍ਹਣੇ ਖੜ੍ਹਾ ਹਾਂ। ਮੈਂ ਇਹੀ ਹਾਂ।

ਕਹਿੰਦੇ, ਜੇ ਤੇਰੀਆਂ ਦੋਵੇਂ ਬਾਹਵਾਂ ਕੱਟ ਕੇ ਇਥੇ ਰੱਖ ਦਿਤੀਆਂ ਜਾਣ ਤਾਂ ਤੂੰ ਕੀ ਕਹੇਂਗਾ?

ਕਹਿੰਦਾ ਮੈਂ ਕਹਾਂਗਾ, ਇਹ ਮੇਰੀਆਂ ਬਾਹਵਾਂ ਹਨ।

ਕਹਿੰਦੇ ਕਿ ਜੇ ਤੇਰੀਆਂ ਦੋਵੇਂ ਲੱਤਾਂ ਕੱਟ ਕੇ ਇਧਰ ਰੱਖ ਦਿਤੀਆਂ, ਫੇਰ ਕੀ ਕਹੇਂਗਾ?

ਕਹਿੰਦਾ ਮੈਂ ਕਹਾਂਗਾ, ਇਹ ਮੇਰੀਆਂ ਬਾਹਵਾਂ ਹਨ।

ਕਹਿੰਦੇ ਤੇਰਾ ਧੜ ਕੱਟ ਕੇ ਰੱਖ ਦੇਈਏ ਤੇ ਤੂੰ ਬੋਲਣ ਦੀ ਤਾਕਤ ਰਖਦਾ ਹੋਵੇਂ। ਫਰਜ਼ ਕਰ ਲੈ ਅਸੀਂ ਤੈਨੂੰ ਟੁਕੜੇ ਕਰਕੇ ਰੱਖ ਦਿਤਾ। ਹੁਣ ਤੂੰ ਕੀ ਕਹੇਂਗਾ?

ਕਹਿਣ ਲੱਗਿਆ, ਇਹ ਮੇਰਾ ਧੜ ਹੈ।

ਕਹਿੰਦੇ ਫੇਰ ਤੂੰ ਕੌਣ ਹੋਇਆ? ਹੁਣ ਤੂੰ ਕੁਛ ਵੀ ਨਾ ਹੋਇਆ। ਤੈਨੂੰ ਤਾਂ ਆਪਣੇ ਆਪ ਦਾ ਹੀ ਨਹੀਂ ਪਤਾ। ਮੈਂ ਕਿਥੇ ਆਵਾਂ।

ਇਹ ਮਿਸਾਲਾਂ ਨੇ ਛੋਟੀਆਂ-ਛੋਟੀਆਂ ਸਾਡੇ ਸਮਝਣ ਵਾਸਤੇ। ਜਿੰਨੀ ਦੇਰ ਤੱਕ ਅਸੀਂ ਸਮਝਦੇ ਨਹੀਂ ਹਾਂ ਸਾਡਾ ਜੰਮਣਾ ਮਰਨਾ ਕਦੇ ਵੀ ਖਤਮ ਨਹੀਂ ਹੋਏਗਾ। ਕਿਉਂਕਿ ਗਿਆਨ ਨਹੀਂ ਆਇਆ ਸਾਨੂੰ। ਮਹਾਰਾਜ ਕਹਿੰਦੇ ਕਦੇ ਇਹ ਜੀਵ ਸਤਿਸੰਗ ਦੇ ਵਿਚ ਆ ਜਾਵੇ ਜਿਥੇ ਇਨ੍ਹਾਂ ਗੱਲਾਂ ਦਾ ਨਿਰਣਾ ਹੁੰਦਾ ਹੈ।

*ਕਬਹੂ ਸਾਧਸੰਗਤਿ ਇਹੁ ਪਾਵੈ॥*
*ਉਸੁ ਅਸਥਾਨ ਤੇ ਬਹੁਰਿ ਨ ਆਵੈ॥*

(ਬਾਕੀ ਪੰਨਾ 49 ਤੇ)

# ਬ੍ਰਹਮਗਿਆਨੀ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੇ ੧੦੦ਵੇਂ ਜਨਮ-ਦਿਵਸ ਨੂੰ ਸਮਰਪਿਤ

# ਜਨ ਪਰਉਪਕਾਰੀ ਆਏ

**ਬਾਬਾ ਹਰਪਾਲ ਸਿੰਘ ਜੀ ਵਲੋਂ ਨੋਟ:-**

***ਸੰਤ ਵਰਿਆਮ ਸਿੰਘ ਜੀ***

ਸੰਸਾਰ ਦੇ ਭਲੇ ਵਾਸਤੇ ਸਮੇਂ-ਸਮੇਂ ਮਹਾਨ ਯੁਗ ਪੁਰਸ਼ ਸਰੀਰ ਧਾਰਨ ਕਰਦੇ ਹਨ। ਸਮੇਂ ਦੀ ਲੋੜ ਅਨੁਸਾਰ 20ਵੀਂ ਸਦੀ ਅੰਦਰ ਅੱਜ ਤੋਂ 100 ਸਾਲ ਪਹਿਲਾਂ ਪਵਿੱਤਰ ਦਿਹਾੜੇ 5 ਅਗਸਤ 1905 ਈ. ਅੰਮ੍ਰਿਤ ਵੇਲੇ ਨਗਰ ਆਲੋਵਾਲ ਨੇੜੇ ਪਟਿਆਲਾ ਦੇ ਮਸ਼ਹੂਰ ਖਾਨਦਾਨ ਵਿਚ, ਪਿਤਾ ਸ. ਰਾਮ ਸਿੰਘ ਲੰਬਰਦਾਰ ਅਤੇ ਮਾਤਾ ਰਤਨ ਕੌਰ ਦੇ ਗ੍ਰਿਹਿ ਵਿਖੇ ਹੋਣਹਾਰ ਸਪੁੱਤਰ ਨੇ ਸਰੀਰ ਧਾਰਨ ਕੀਤਾ, ਜਿਸ ਦਾ ਸੁੰਦਰ ਗੁਲਾਬ ਦੇ ਫੁੱਲ ਵਾਗੂੰ ਟਹਿ ਟਹਿ ਕਰਦਾ ਚੇਹਰਾ ਤੱਕ ਕੇ ਮਹਾਂਪੁਰਸ਼ਾਂ ਦੇ ਕਥਨ ਅਨੁਸਾਰ (ਜੋ ਸੁਪਨੇ ਵਿਚ ਗੁਲਾਬ ਦਾ ਫੁੱਲ ਦੇ ਗਿਆ ਸੀ। ਬਾਲਕੇ ਦਾ ਨਾਮ ਵੀ ਗੁਲਾਬ ਸਿੰਘ ਰੱਖਿਆ ਗਿਆ। ਛੇਵੇਂ ਸਾਲ ਵਿਚ ਮਾਤਾ ਪਿਤਾ ਨੇ ਪੜ੍ਹਨੇ ਪਾਉਣ ਦੀ ਵਿਚਾਰ ਕੀਤੀ। ਪਿੰਡ ਵਿਚ ਸਕੂਲ ਨਹੀਂ ਸੀ, ਇਸ ਲਈ ਤਿੰਨ ਜਮਾਤਾਂ ਪਿੰਡ ਦੇ ਡੇਰੇ ਸਾਧੂ ਸਦਾ ਨੰਦ ਤੋਂ ਪੜ੍ਹੀਆਂ। ਚੌਥੀ ਜਮਾਤ ਪਿੰਡ ਚਲੈਲਾਂ ਕਰਨ ਉਪਰੰਤ ਪੰਜਵੀਂ ਜਮਾਤ ਤੱਕ ਦੀ ਪੜ੍ਹਾਈ ਮਨੌੜ ਪਿੰਡ ਵਿਚ ਪ੍ਰਾਪਤ ਕੀਤੀ। ਛੇਵੀਂ ਤੋਂ 10ਵੀਂ ਤੱਕ ਦੀ ਪੜ੍ਹਾਈ ਮਾਡਲ ਹਾਈ ਸਕੂਲ ਪਟਿਆਲੇ ਤੋਂ ਪ੍ਰਾਪਤ ਕੀਤੀ। ਆਪ ਜੀ ਪੜ੍ਹਨ ਵਿਚ ਬਹੁਤ ਹੀ ਹੁਸ਼ਿਆਰ ਵਿਦਿਆਰਥੀ ਦੇ ਤੌਰ ਤੇ ਜਾਣੇ ਜਾਂਦੇ ਸਨ ਕਿਉਂਕਿ ਹਰ ਸਾਲ ਹੀ ਹਰੇਕ ਜਮਾਤ ਦੇ ਇਮਤਿਹਾਨ ਵਿਚੋਂ ਫਸਟ ਡਵੀਜ਼ਨ ਵਿਚ ਪਾਸ ਹੁੰਦੇ ਸਨ।

ਪੂਰਬਲੇ ਸੰਚਿਤ ਕਰਮਾਂ ਦੇ ਪ੍ਰੇਰੇ ਹੋਏ 1923 ਈ. ਵਿਚ ਅਗਸਤ ਦੀਆਂ ਛੁੱਟੀਆਂ ਅੰਦਰ ਆਪਣੇ ਇਕ ਸਾਥੀ ਭਾਈ ਹੀਰਾ ਸਿੰਘ ਦੇ ਨਾਲ ਰੇਰੂ ਸਾਹਿਬ ਮਹਾਨ ਤਪੱਸਵੀ ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ ਜਿਨ੍ਹਾਂ ਦਾ ਜਸ ਅਤਰ ਦੇ ਸਮਾਨ ਮਹਿਕਾਂ ਦੇ ਰਿਹਾ ਸੀ ਦੇ ਚਰਨਾਂ ਵਿਚ ਪਹੁੰਚ ਕੇ ਆਪਾ ਸਮਰਪਣ ਕਰ ਦਿਤਾ। ਸੰਤ ਜੀ ਮਹਾਰਾਜ ਨੇ ਆਪਣੇ ਹੱਥੀਂ ਪੰਜ ਪਿਆਰਿਆਂ ਵਿਚ ਸ਼ਾਮਲ ਹੋ ਕੇ ਅੰਮ੍ਰਿਤ ਦੀ ਦਾਤ ਬਖਸ਼ੀ, ਮੂਲ ਮੰਤਰ ਗੁਰਮੰਤਰ ਦ੍ਰਿੜ ਕਰਾ ਕੇ ਰਹਿਤਾਂ ਕੁਰਹਿਤਾਂ ਦੱਸੀਆਂ।

ਰਾੜਾ ਸਾਹਿਬ ਦੇ ਮਹਾਂਪੁਰਸ਼ਾਂ ਦੇ ਬਚਪਨ ਲੀਲਾ ਦੇ ਕੁਝ ਦ੍ਰਿਸ਼

ਅਰਦਾਸ ਉਪਰੰਤ ਹੁਕਮ ਨਾਮੇ ਦੇ ਪਹਿਲੇ ਅੱਖਰ ਤੇ ਆਪ ਜੀ ਦਾ ਨਾਮ ਗੁਲਾਬ ਸਿੰਘ ਤੋਂ ਬਦਲਕੇ (ਸੰਤ) ਈਸ਼ਰ ਸਿੰਘ ਰੱਖ ਦਿਤਾ। ਇਸ ਪ੍ਰਕਾਰ ਆਪ ਜੀ ਦੋ ਦਿਨ ਹੋਰ ਠਹਿਰੇ। ਮਹਾਂਪੁਰਸ਼ਾਂ ਦੀ ਕ੍ਰਿਪਾ ਅਤੇ ਖੁਸ਼ੀ ਵੱਧਦੀ ਗਈ। ਤੀਸਰਾ ਦਿਨ ਆਇਆ ਨਾਲ ਦੇ ਸਾਥੀ ਭਾਈ ਹੀਰਾ ਸਿੰਘ ਦੀ ਛੁੱਟੀ ਖਤਮ ਹੋ ਚੁੱਕੀ ਸੀ। ਉਹ ਇਥੋਂ ਸੰਤਾਂ ਤੋਂ ਛੁੱਟੀ ਲੈ ਕੇ ਪਟਿਆਲੇ ਆਪਣੀ ਡਿਊਟੀ ਤੇ ਹਾਜ਼ਰ ਹੋ ਗਏ ਪ੍ਰੰਤੂ ਆਪ ਜੀ ਨੇ ਕੁਝ ਦਿਨ ਹੋਰ ਵੇਪਰਵਾਹੀ ਨਾਲ ਮਹਾਂਪੁਰਸ਼ਾਂ ਦੀ ਸੰਗਤ ਦਾ ਅਨੰਦ ਮਾਣਿਆਂ ਮਹਾਂਪੁਰਸ਼ਾਂ ਦੇ ਹੁਕਮ ਅਨੁਸਾਰ 10ਵੀਂ ਦੀ ਪੜ੍ਹਾਈ ਪੂਰੀ ਕਰਨ ਵਾਸਤੇ ਵਾਪਸ ਆਪਣੇ ਨਗਰ ਪਹੁੰਚ

ਗਏ। ਰੇਰੂ ਸਾਹਿਬ ਤੋਂ ਵਾਪਸ ਆ ਕੇ ਬਹੁਤਾ ਸਮਾਂ ਪਟਿਆਲੇ ਇਕਾਂਤ ਵਿਚ ਜਾਂ ਕਿਸੇ ਬੀਤਰਾਗ ਸਾਧੂ ਦੀ ਸੰਗਤ ਵਿਚ ਹੀ ਸਮਾਂ ਬਤੀਤ ਕਰਦੇ ਰਹੇ। ਆਪ ਜੀ ਦੀ ਮਾਤਾ ਨਵੰਬਰ 1923 ਵਿਚ ਹੀ ਸੱਚਖੰਡ ਜਾ ਵਿਰਾਜੇ ਅਤੇ 10ਵੀਂ ਦਾ ਇਮਤਿਹਾਨ ਦੇਣ ਉਪਰੰਤ ਪਿਤਾ ਜੀ ਤੋਂ ਆਗਿਆ ਲੈ ਕੇ ਬੈਰਾਗ ਦੀ ਅਵਸਥਾ ਵਿਚ ਗੁਰਦੁਆਰਾ ਰੇਰੂ ਸਾਹਿਬ ਜਾ ਕੇ ਮਹਾਂਪੁਰਸ਼ਾਂ ਦੇ ਚਰਨਾਂ ਵਿਚ ਪੂਰਨ ਤੌਰ ਤੇ ਆਪਾ ਸਮਰਪਣ ਕਰ ਦਿਤਾ ਅਤੇ ਮਹਾਂਪੁਰਸ਼ਾਂ ਨੇ ਆਪ ਜੀ ਨੂੰ ਆਪਣੀ ਨਿਜੀ ਸੇਵਾ ਹਜ਼ੂਰੀਏ ਗੜਵਈ ਦੀ ਡਿਊਟੀ ਬਖਸ਼ ਦਿਤੀ। ਆਪ ਨੇ ਆਪਣੇ ਪਿਆਰੇ ਦੀ ਸੇਵਾ ਵਿਚ ਅਥਾਹ ਘਾਲਣਾ ਘਾਲਦੇ ਹੋਏ ਉਨ੍ਹਾਂ ਦੇ ਹਰ ਹੁਕਮ ਨੂੰ ਖਿੜੇ ਮੱਥੇ ਪਰਵਾਨ ਕੀਤਾ ਅਤੇ ਬਹੁਤ ਹੀ ਤਪ ਤਤਿਖਸ਼ਾ ਦਾ ਜੀਵਨ ਜੀਅ ਕੇ ਵਿਖਾਇਆ ਜੋ ਕਿ ਆਪਣੀ ਮਿਸਾਲ ਆਪ ਹੈ।

ਪਿੰਡ ਆਲੋਵਾਲ ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦਾ ਜਨਮ ਅਸਥਾਨ

ਨੌਂ ਮਾਘ ਮੁਤਾਬਿਕ 21 ਜਨਵਰੀ 1927 ਈ. ਸ਼ੁਕਰਵਾਰ ਅੰਮ੍ਰਿਤ ਵੇਲੇ ਆਪ ਜੀ ਦੇ ਧੋਅ ਸ੍ਰੀ ਮਾਨ ਸੰਤ ਬਾਬਾ ਅਤਰ ਸਿੰਘ ਜੀ ਸੱਚਖੰਡ ਵਿਖੇ ਪਰਵੇਸ਼ ਕਰ ਗਏ। ਪਿਆਰਿਆਂ ਵਾਸਤੇ ਆਪਣੇ ਪਿਆਰੇ ਧੋਅ ਸਰੀਰ ਦਾ ਵਿਛੋੜਾ ਸਹਿਣਾ ਬਹੁਤ ਹੀ ਮੁਸ਼ਕਲ ਹੁੰਦਾ ਹੈ। ਬਹੁਤ ਹੀ ਮੁਸ਼ਕਲ ਨਾਲ 5 ਮਹੀਨੇ ਦਾ ਸਮਾਂ ਰੇਰੂ ਸਾਹਿਬ ਬੈਰਾਗ ਅਵਸਥਾ ਵਿਚ ਬਤੀਤ ਕੀਤਾ, ਮਨ ਉਚਾਟ ਹੋਣ ਕਾਰਨ ਆਪਣੇ ਗੁਰ ਭਾਈ ਛੋਟੇ ਸੰਤ ਬਾਬਾ ਕਿਸ਼ਨ ਸਿੰਘ ਜੀ ਮਹਾਰਾਜ ਨਾਲ ਮਨ ਦੀ ਦਸ਼ਾ ਬਦਲਣ ਹਿਤ ਗੁਰਧਾਮਾਂ ਤੇ ਹੋਰ ਤੀਰਥਾਂ ਦੇ ਦਰਸ਼ਨ ਇਸ਼ਨਾਨ ਦਾ ਸੰਕਲਪ ਕਰਕੇ ਯਾਤਰਾ ਪੈਦਲ ਹੀ ਅਰੰਭ ਕਰ ਦਿਤੀ। ਇਤਿਹਾਸਕ ਅਸਥਾਨਾਂ ਦੀ ਯਾਤਰਾ ਕਰਦੇ ਹੋਏ ਦੋਵੇਂ ਗੁਰ ਭਾਈ ਸੰਤ ਬਿਸ਼ਨ ਸਿੰਘ ਜੀ ਰੌਣੀ ਵਾਲਿਆਂ ਦੇ ਪ੍ਰੇਮ ਵਿਚ ਕੁਝ ਦਿਨ ਬਤੀਤ ਕੀਤੇ। ਸੰਤ ਬਿਸ਼ਨ ਸਿੰਘ ਜੀ ਕੋਲ ਰਹਿੰਦਿਆਂ ਆਪ ਜੀ ਨੂੰ ਰਾੜੇ ਵਾਲੇ ਸ. ਗਿਆਨ ਸਿੰਘ ਨੇ ਬੇਨਤੀ ਕੀਤੀ (ਜੋ ਸੰਤ ਮਹਾਰਾਜ ਰੇਰੂ ਸਾਹਿਬ ਵਾਲਿਆਂ ਦੇ ਪਾਸ ਆਪ ਜੀ ਦੇ ਹੁੰਦਿਆਂ ਕਈ ਵਾਰ ਆਇਆ ਸੀ ਅਤੇ ਪਟਿਆਲੇ ਪੜ੍ਹਨ ਸਮੇਂ ਦਾ ਵੀ ਚੰਗਾ ਜਾਣੂੰ ਸੀ ਇਹ ਉਸ ਸਮੇਂ ਮੈਜਿਸਟਰੇਟ ਲਗਾ ਹੋਇਆ ਸੀ) ਕਿ ਮੇਰੇ ਪਿੰਡ ਰਾੜੇ ਬਹੁਤ ਹੀ ਖੁਲ੍ਹਾ ਢੱਕ ਹੈ, ਉਸ ਨੂੰ ਆਪ ਜੀ ਆਪਣੇ ਚਰਨ ਪਾ ਕੇ ਭਾਗ ਲਾਵੋ। ਧਰਤੀ ਦੀ ਖਿਚ ਅਤੇ ਅਗੰਮੀ ਪ੍ਰੇਰਨਾ ਸਦਕੇ ਰਾੜਾ ਸਾਹਿਬ ਦੀ ਢੱਕੀ ਨੂੰ ਭਾਗ ਲਾ ਕੇ ਜੰਗਲ ਵਿਚ ਮੰਗਲ ਕਰ ਦਿਤਾ। ਜਿਨ੍ਹਾਂ ਦੇ 100 ਸਾਲਾ ਸਰੀਰ ਧਾਰਨ ਕਰਨ ਦੇ ਆਵਤਰਣ ਦਿਵਸ ਉਪਰ ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ (ਜੋ ਕਿ ਬੀਤ ਰਾਗ ਮਹਾਨ ਤਪੱਸਵੀਂ ਸੱਚਖੰਡਵਾਸੀ ਬ੍ਰਹਮ ਗਿਆਨੀ ਰਾਜ ਯੋਗੀ ਮਹਾਨ ਤਿਆਗੀ ਪਰਮ ਸੰਤ ਈਸ਼ਰ ਸਿੰਘ ਜੀ ਨੂੰ ਸਮਰਪਿਤ ਹੈ) ਦੇ ਬਾਨੀ ਸੱਚਖੰਡ ਵਾਸੀ ਬ੍ਰਹਮ ਗਿਆਨੀ ਬਹੁ ਪੱਖੀ ਸ਼ਖਸ਼ੀਅਤ ਦੇ ਮਾਲਕ ਕਲਮ ਦੇ ਧਨੀ ਪਰਮ ਸੰਤ ਆਦਰਨੀਯ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਵੱਲੋਂ ਆਪਣੇ ਪਵਿੱਤਰ ਪਰਵਚਨਾਂ ਅਤੇ ਕੀਰਤਨ ਵਿਚ ਜੋ ਆਪਣੇ ਪਿਆਰੇ ਪ੍ਰਥਾਏ ਬਚਨ ਆਏ ਹਨ, ਉਨ੍ਹਾਂ ਨੂੰ ਹੂ-ਬ-ਹੂ ਆਤਮ ਮਾਰਗ ਮੈਗਜ਼ੀਨ ਵਿਚ ਪ੍ਰਕਾਸ਼ਿਤ ਕਰਨ ਦੀ ਸੰਗਤਾਂ ਪਾਸੋਂ ਖੁਸ਼ੀ ਲੈ ਰਹੇ ਹਾਂ।

## ਸੰਤ ਮਹਾਰਾਜ ਵਲੋਂ ਦੀਵਾਨ

*ਮਹਿਮਾ ਨ ਜਾਨਹਿ ਬੇਦ॥*
*ਬ੍ਰਹਮੇ ਨਹੀ ਜਾਨਹਿ ਭੇਦ॥*
*ਅਵਤਾਰ ਨ ਜਾਨਹਿ ਅੰਤੁ॥*
*ਪਰਮੇਸਰੁ ਪਾਰਬ੍ਰਹਮ ਬੇਅੰਤੁ॥*
*ਅਪਨੀ ਗਤਿ ਆਪਿ ਜਾਨੈ॥*

ਪਿੰਡ ਆਲੋਵਾਲ (ਜਨਮ ਅਸਥਾਨ ਸੰਤ ਈਸ਼ਰ ਸਿੰਘ ਜੀ) ਵਿਖੇ ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ

*ਸੁਣਿ ਸੁਣਿ ਅਵਰ ਵਖਾਨੈ॥*
*ਸੰਕਰਾ ਨਹੀ ਜਾਨਹਿ ਭੇਵ॥*
*ਖੋਜਤ ਹਾਰੇ ਦੇਵ॥*
*ਦੇਵੀਆ ਨਹੀ ਜਾਨੈ ਮਰਮ॥*
*ਸਭ ਊਪਰਿ ਅਲਖ ਪਾਰਬ੍ਰਹਮ॥*
*ਅਪਨੈ ਰੰਗਿ ਕਰਤਾ ਕੇਲ॥*
*ਆਪਿ ਬਿਛੋਰੈ ਆਪੇ ਮੇਲ॥*
*ਇਕਿ ਭਰਮੇ ਇਕਿ ਭਗਤੀ ਲਾਏ॥*
*ਅਪਣਾ ਕੀਆ ਆਪਿ ਜਣਾਏ॥*
*ਸੰਤਨ ਕੀ ਸੁਣਿ ਸਾਚੀ ਸਾਖੀ॥*
*ਸੋ ਬੋਲਹਿ ਜੋ ਪੇਖਹਿ ਆਖੀ॥*
*ਨਹੀ ਲੇਪੁ ਤਿਸੁ ਪੁੰਨਿ ਨ ਪਾਪਿ॥*
*ਨਾਨਕ ਕਾ ਪ੍ਰਭੁ ਆਪੇ ਆਪਿ॥ ਅੰਗ - 894*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਮਹਾਂਪੁਰਸ਼ਾਂ ਦਾ ਜੋ ਜੀਵਨ ਹੈ ਇਹ ਇਕ ਬਹੁਤ ਵੱਡੀ ਮਿਸਾਲ ਹੈ। ਜੇ ਉਨ੍ਹਾਂ ਦੇ ਬਚਨ ਸਾਡੀ ਸਮਝ ਵਿਚ ਆ ਜਾਣ ਤਾਂ ਸਾਡਾ ਭਲਾ ਹੋ ਸਕਦਾ ਹੈ। ਇਤਿਹਾਸ ਦੇ ਅੰਦਰ ਕਦੇ-ਕਦੇ ਐਸੇ ਵਿਅਕਤੀ ਆ ਕੇ ਸੰਸਾਰ ਵਿਚ ਪ੍ਰਵੇਸ਼ ਕਰਦੇ ਹਨ ਜਿਨ੍ਹਾਂ ਨੂੰ ਬਹੁਤ ਵੱਡਾ ਮਿਸ਼ਨ ਦਿਤਾ ਹੁੰਦਾ ਹੈ। ਸੰਤ ਮਹਾਰਾਜ ਜੀ ਉਨ੍ਹਾਂ ਦੇ ਵਿਚੋਂ ਆਪ ਇਕ ਸਨ ਜਿਨ੍ਹਾਂ ਤੋਂ ਬੇਅੰਤ ਜਗਿਆਸੂ ਵਰੋਸਾਏ ਗਏ। ਅੱਜ ਸੰਸਾਰ ਭਟਕ ਰਿਹਾ ਹੈ, ਨਾ ਨਾਮ ਦਾ ਪਤਾ ਲਗਦਾ ਹੈ, ਨਾ ਆਪਣੇ ਆਪ ਦਾ ਪਤਾ ਲਗਦਾ ਹੈ। ਨਾ ਜੀਵਨ ਦਾ ਪਤਾ ਲਗਦਾ ਹੈ। ਆਪ ਹੁਦਰਾਪਨ ਆ ਗਿਆ, ਭਟਕਣ ਆਈ ਹੋਈ ਹੈ। ਉਸ ਵੇਲੇ ਵੀ ਇਸੇ ਤਰ੍ਹਾਂ ਸੀ, ਮੈਂ

ਰਤਵਾੜਾ ਸਾਹਿਬ ਦੇ ਮਹਾਂਪੁਰਸ਼ ਸੰਤ ਵਰਿਆਮ ਸਿੰਘ ਜੀ ਜਿਨ੍ਹਾਂ ਨੇ ਮਹਾਂਪੁਰਸ਼ਾਂ ਤੋਂ ਰੂਹਾਨੀ ਪੈਂਡੇ ਦੀ ਸੇਧ ਪ੍ਰਾਪਤ ਕੀਤੀ।

ਮਹਾਂਪੁਰਸ਼ ਸੰਤ ਈਸ਼ਰ ਸਿੰਘ ਜੀ ਦੇ ਰੂਹਾਨੀ ਦਰਸ਼ਨ ਦੀਦਾਰ

ਬਚਪਨ 'ਚ ਦੇਖਦਾ ਹੁੰਦਾ, ਖੰਡਨ ਮੰਡਨ ਦਾ ਯੁੱਗ ਚੱਲ ਰਿਹਾ ਸੀ ਉਸ ਵੇਲੇ। 1872 ਵਿਚ ਪਹਿਲੀ ਸਿੰਘ ਸਭਾ ਅੰਗਰੇਜ਼ ਨੇ ਬਣਾਈ। ਪੰਜਾਬ ਦਾ ਗਵਰਨਰ ਉਹਦਾ ਪ੍ਰੈਜ਼ੀਡੈਂਟ ਬਣਿਆ। ਉਹਦੇ ਮੁਕਾਬਲੇ ਤੇ ਆਰੀਆ ਸਮਾਜ ਦਾ ਸੰਗਠਨ ਕਰਿਆ, ਸਨਾਤਨ ਧਰਮ ਦਾ ਕਰਿਆ, ਮੁਸਲਿਮ ਲੀਗ ਬਣਾਈ। ਆਪਣੇ ਜਿਹੜੇ ਪਾਦਰੀ ਇਥੇ ਆਏ ਹੋਏ ਸੀ ਉਨ੍ਹਾਂ ਨੂੰ ਧਰਮ ਦੇ ਵਿਚ ਦਖਲ ਦੇਣ ਵਾਸਤੇ ਉਤਸ਼ਾਹਤ ਕਰਿਆ। ਬਹਿਸਾਂ ਚਲਦੀਆਂ ਸੀ। ਬਹੁਤ ਖੰਡਨ-ਮੰਡਨ ਚਲਦਾ ਸੀ ਰਸਤਾ ਤਾਂ ਕਿਤੇ ਰਹਿ ਗਿਆ। ਪਤਾ ਹੀ ਨਹੀਂ ਸੀ ਲਗਦਾ ਰਾਹ ਦਾ। ਖੰਡਨ ਮੰਡਨ ਦਾ ਯੁੱਗ ਬੜੇ ਜ਼ੋਰਾਂ ਦੇ ਸੀ, ਜਿਸ ਵਕਤ ਮਹਾਰਾਜ ਜੀ ਦਾ ਪ੍ਰਕਾਸ਼ 1906 ਵਿਚ ਇਸ ਸੰਸਾਰ ਤੇ ਹੋਇਆ। ਮਹਾਂਪੁਰਸ਼ਾਂ ਦੀਆਂ ਜੋ ਕਥਾਵਾਂ ਹੁੰਦੀਆਂ ਨੇ, ਗੱਲਾਂ ਹੁੰਦੀਆਂ ਨੇ ਉਹ ਸਾਡੇ ਵਰਗੀਆਂ ਨਹੀਂ ਹੁੰਦੀਆਂ। ਸਾਡੇ ਵਾਂਗਣ ਨਹੀਂ ਉਹ ਸੋਚਿਆ ਕਰਦੇ। ਉਨ੍ਹਾਂ ਦੀ ਸੋਚ ਵੀ ਹੋਰ ਹੋਇਆ ਕਰਦੀ ਹੈ। ਕਿਉਂਕਿ ਉਹ ਪ੍ਰਮੇਸ਼ਰ ਤੋਂ ਪਹਿਲਾਂ ਪ੍ਰਵਾਨ ਹੁੰਦੇ ਨੇ, ਫੇਰ ਬੋਲਦੇ ਨੇ ਸੰਸਾਰ ਵਾਸਤੇ। ਉਨ੍ਹਾਂ ਦੇ ਅੱਗੇ ਚਾਨਣਾ ਹੁੰਦਾ ਹੈ, ਹਨ੍ਹੇਰਾ ਕਦੇ ਵੀ ਨਹੀਂ ਹੁੰਦਾ। ਉਨ੍ਹਾਂ ਦੀ ਦ੍ਰਿਸ਼ਟੀ ਸਮ ਹੁੰਦੀ ਹੈ, ਨਾ ਕੋਈ ਵੈਰੀ ਹੈ, ਨਾ ਕੋਈ ਮਿਤਰ ਹੈ। ਸਭ ਪ੍ਰਮੇਸ਼ਰ ਦੇ ਜੀਵ ਪ੍ਰਮੇਸ਼ਰ ਰੂਪ ਨੇ। ਏਸ ਕਰਕੇ ਜਿਸ ਦ੍ਰਿਸ਼ਟੀ ਤੋਂ ਸੰਸਾਰ ਨੂੰ ਦੇਖਦੇ ਨੇ ਉਹਨੂੰ ਸੰਸਾਰ ਨਹੀਂ ਸਮਝ ਸਕਿਆ ਕਰਦਾ। ਬੜੀ-ਬੜੀ ਦੇਰ ਤਕ ਸਮਝ ਨਹੀਂ ਆ ਸਕਿਆ ਕਰਦੀ। ਸੋ ਗੁਰੂ ਮਹਾਰਾਜ ਨੇ ਉਸ ਵਾਸਤੇ ਐਸਾ ਬਚਨ ਕੀਤਾ ਹੈ -

***ਹਰਿ ਕੇ ਸੇਵਕ ਜੋ ਹਰਿ ਭਾਏ ਤਿਨ ਕੀ ਕਥਾ ਨਿਰਾਰੀ ਰੇ॥***
***ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ॥***
***ਅੰਗ - 855***

ਸੰਸਾਰ ਤੇ ਉਤੇ ਆਉਣਾ ਤੇ ਜਾਣਾ ਸਾਡੇ ਵਾਂਗੂੰ

ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਜਿਨ੍ਹਾਂ ਤੋਂ ਮਹਾਂਪੁਰਸ਼ ਰਾੜਾ ਸਾਹਿਬ ਵਾਲਿਆਂ ਨੇ ਰੂਹਾਨੀਅਤ ਦੀ ਸੇਧ ਪ੍ਰਾਪਤ ਕੀਤੀ

ਨਹੀਂ ਹੋਇਆ ਕਰਦਾ। ਮਹਾਂਪੁਰਸ਼ਾਂ ਦਾ ਪ੍ਰਕਾਸ਼ ਹੋਇਆ ਕਰਦਾ ਹੈ। ਮਾਤਾ ਦੇ ਪੇਟ ਵਿਚ ਸਰੀਰ ਤਾਂ ਬਣਦਾ ਹੈ। ਕਈ ਪ੍ਰੇਮੀਆਂ ਨੂੰ ਏਸ ਗੱਲ ਦਾ ਸ਼ਾਇਦ ਨਾ ਪਤਾ ਹੋਵੇ ਕਿ ਜੇ ਅੰਦਰ ਰੂਹ ਨਾ ਪ੍ਰਵੇਸ਼ ਕਰੇ। ਸਰੀਰ ਕਿਸ ਤਰ੍ਹਾਂ ਰਹਿ ਜਾਂਦਾ ਹੈ। ਕਹਿੰਦੇ ਨੇ ਮਾਂ ਦੇ ਪੇਟ ਵਿਚ ਨਹੀਂ ਆਉਂਦੇ ਮਹਾਤਮਾ, ਪ੍ਰਕਾਸ਼ ਹੋਇਆ ਕਰਦਾ ਹੈ। ਇਹ ਗੱਲ ਸਾਡੇ ਤਾਂ ਸਮਝ ਵਿਚ ਨਹੀਂ ਆਉਂਦੀ। ਸਾਰੀ ਦੁਨੀਆਂ ਮਾਂ ਦੇ ਪੇਟ ਵਿਚ ਆਉਂਦੀ ਹੈ। ਪੁੱਠੇ ਲਟਕਦੇ ਨੇ। ਮਹਾਂਪੁਰਸ਼ ਸਪੈਸ਼ਲ ਭੇਜੇ ਹੁੰਦੇ ਨੇ ਪ੍ਰਮੇਸ਼ਰ ਨੇ। ਪੁੱਠੇ ਲਟਕਣ ਦਾ ਨਹੀਂ ਉਨ੍ਹਾਂ ਨਾਲ ਕੋਈ ਸਬੰਧ ਹੋਇਆ ਕਰਦਾ। ਇਕ ਸਿਲਵਰ ਕੋਡ ਹੁੰਦੀ ਹੈ, ਜਿਵੇਂ ਚਾਂਦੀ ਦੀ ਤਾਰ ਹੁੰਦੀ ਹੈ, ਏਸ ਤਰ੍ਹਾਂ ਇਕ ਚੇਤਨ ਤਾਰ ਹੁੰਦੀ ਹੈ। ਮਹਾਂਪੁਰਸ਼ਾਂ ਦੀ ਰੂਹ ਤਾਂ ਬਾਹਰ ਹੁੰਦੀ ਹੈ, ਉਹਦੇ ਨਾਲ ਉਹਦਾ ਸੰਬੰਧ ਜੁੜਿਆ ਰਹਿੰਦਾ ਹੈ। ਜਿਵੇਂ ਬਿਜਲੀ ਦਾ ਅਸੀਂ ਸੰਬੰਧ ਜੋੜ ਦਿੰਦੇ ਹਾਂ।

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥*
*ਅੰਗ - 749*

ਏਸ ਕਰਕੇ ਉਨ੍ਹਾਂ ਦੀਆਂ ਕਥਾਵਾਂ ਵੀ ਸਾਰੀਆਂ ਨਿਆਰੀਆਂ ਹੁੰਦੀਆਂ ਨੇ ਕਿਉਂਕਿ ਸੰਸਾਰ ਤੇ ਭੇਜੇ ਹੋਏ ਆਉਂਦੇ ਨੇ। ਬੁਲਾਏ ਹੋਏ ਵੀ ਚਲੇ ਜਾਂਦੇ ਨੇ, ਆਪਣੀ ਮਰਜ਼ੀ ਨਾਲ ਚਲੇ ਜਾਂਦੇ ਨੇ, ਕੋਈ ਬੰਦਸ਼ ਨਹੀਂ ਹੈ ਉਨ੍ਹਾਂ ਦੇ ਉਤੇ।

*ਗੁਰਮੁਖਿ ਆਵੈ ਜਾਇ ਨਿਸੰਗੁ॥* *ਅੰਗ - 932*

ਆਪ ਬਚਪਨ ਦੇ ਅੰਦਰ ਬਹੁਤ ਹੀ ਹੋਣਹਾਰ ਸਨ। ਇਕ ਚੰਗੇ ਘਰਾਣੇ, ਖਾਂਦੇ ਪੀਂਦੇ ਘਰਾਣੇ ਦੇ ਨਾਲ, ਜਿਨ੍ਹਾਂ ਦਾ ਰਾਜ ਵਿਚ ਬਹੁਤ ਵੱਡਾ ਹੱਥ ਸੀ, ਪਟਿਆਲਾ ਰਾਜ ਦੇ ਅੰਦਰ। ਉਸ ਘਰਾਣੇ ਨਾਲ ਆਪ ਦਾ ਸਬੰਧ ਸੀ। ਸੋ ਆਪ ਮਾਡਲ ਸਕੂਲ ਪਟਿਆਲੇ ਪੜ੍ਹਾਈ ਵਾਸਤੇ ਦਾਖਲ ਕਰਾਏ। ਉਥੇ ਇਕ ਮਹਾਤਮਾ ਸੀ ਜਿਹੜਾ ਪ੍ਰੋਫੈਸਰ ਵੀ ਸੀ, ਨਾਲ ਡਾਕਟਰ ਸੀ। ਟੀ. ਐਲ ਵਿਸਵਾਨੀ ਉਸਦਾ ਨਾਮ ਸੀ। ਆਪ ਪੰਜਵੀਂ ਵਿਚ ਸਨ ਇਕ ਦਿਨ ਉਹ ਕਹਿਣ ਲੱਗਿਆ, ਜੋ ਗੁਰਸਿੱਖ ਨੇ ਉਨ੍ਹਾਂ ਬੱਚਿਆਂ ਨੂੰ ਜਪੁਜੀ ਸਾਹਿਬ ਯਾਦ ਹੋਣਾ ਚਾਹੀਦਾ ਹੈ। ਮਹਾਰਾਜ ਜੀ ਦਸਦੇ ਸੀ ਕਿ ਅਸੀਂ ਦੋ ਤਿੰਨ ਦਿਨਾਂ 'ਚ ਹੀ ਜਪੁਜੀ ਸਾਹਿਬ ਯਾਦ ਕਰ ਲਿਆ। ਛੇਵੀਂ 'ਚ ਹੋ ਗਏ, ਸੱਤਵੀਂ 'ਚ ਹੋ ਗਏ ਫੇਰ ਇਕ ਦਿਨ ਓਸ ਪ੍ਰੋਫੈਸਰ ਨੇ ਕਿਹਾ ਕਿ ਜਿਹੜਾ ਪੰਜ ਘੰਟੇ ਸਮਾਧੀ ਲਾਵੇ, ਉਹ ਸੰਤ ਹੋਇਆ ਕਰਦਾ ਹੈ। ਇਹ ਗੱਲ ਮਹਾਂਪੁਰਸ਼ਾਂ ਦੇ ਹਿਰਦੇ 'ਚ ਵਸ ਗਈ। ਆਪ ਨੇ ਥੋੜ੍ਹੇ ਦਿਨਾਂ 'ਚ ਸੁਖਮਨੀ ਸਾਹਿਬ ਯਾਦ ਕਰ ਲਿਆ ਤੇ ਪਟਿਆਲੇ ਮੋਤੀ ਬਾਗ ਦੇ ਕੋਲ ਇਕ ਸੁਧਾਸਰ ਨਾਮ ਦਾ ਸਰੋਵਰ ਹੈ ਜਿਥੇ ਗੁਰੂ ਨੌਂਵੇਂ ਪਾਤਸ਼ਾਹ ਆਏ। ਉਸ ਥਾਂ ਦੇ ਉਤੇ ਇਕ ਮਹਾਤਮਾ ਰਿਹਾ ਕਰਦੇ ਸੀ, ਆਪ ਨੇ ਅੰਮ੍ਰਿਤ ਵੇਲੇ ਉਠਣਾ, ਨੀਂਦ ਦਾ ਪਰੀਤਿਆਗ ਕਰਨਾ। ਸੱਤਵੀਂ ਜਮਾਤ ਵਾਲੇ ਬੱਚੇ ਜਿਹੜੇ ਨੇ ਉਹ ਇਸ ਤਰ੍ਹਾਂ ਦੀ ਕਰਨੀ ਕਮਾਈ ਕਰ ਨਹੀਂ ਸਕਦੇ। ਦੋ ਵਜੇ ਉਠ ਕੇ ਆਪ ਨੇ ਇਸ਼ਨਾਨ ਕਰਨਾ ਸਰੋਵਰ 'ਚ। ਉਸ ਤੋਂ ਬਾਅਦ ਆਪ ਨੇ ਸਮਾਧੀ ਲਗਾ ਕੇ ਬੈਠ ਜਾਣਾ। ਪੰਜ ਸੁਖਮਨੀ ਸਾਹਿਬ ਦੇ ਪਾਠ ਉਥੇ ਹੀ ਕਰਨੇ। ਮਹਾਰਾਜ ਜੀ ਦੀ ਮੇਰੇ ਨਾਲ ਇਕ ਵਾਰੀ ਗੱਲ ਹੋਈ। ਦੱਸਦੇ ਸੀ ਕਿਉਂਕਿ ਅੰਦਰਲੀਆਂ ਗੱਲਾਂ ਕਰ ਲਿਆ ਕਰਦੇ ਸੀ। ਕਹਿਣ ਲੱਗੇ, ਸਾਨੂੰ ਐਉਂ ਲੱਗਣਾ ਪ੍ਰਕਾਸ਼ ਹੀ ਪ੍ਰਕਾਸ਼ ਹੁੰਦਾ। ਇਕ ਪ੍ਰਕਾਸ਼ ਦਾ ਫੁੱਲ ਆ ਜਾਣਾ। ਸਾਨੂੰ

ਰਾੜਾ ਸਾਹਿਬ ਵਿਖੇ ਦੋ ਨਿਰਮਲ ਰੂਹਾਂ ਮਹਾਂਪੁਰਸ਼ ਸੰਤ ਈਸ਼ਰ ਸਿੰਘ ਜੀ, ਮਹਾਂਪੁਰਸ਼ ਸੰਤ ਕਿਸ਼ਨ ਸਿੰਘ ਜੀ

ਇਹ ਲੱਗਣਾ ਕਿ ਅਸੀਂ ਚੌਂਕੜਾ ਮਾਰ ਕੇ ਉਸ ਫੁੱਲ ਤੇ ਬੈਠਦੇ ਹਾਂ। ਉਹ ਫੁੱਲ ਪਾਣੀ ਦੇ ਵਿਚ ਤੈਰਦਾ ਫਿਰਦਾ ਹੈ। ਜਾਂ ਝੂਲੇ ਆ ਜਾਣੇ, ਫੁੱਲਾਂ ਦੇ, ਰੌਸ਼ਨੀ ਦੇ ਕਹਿੰਦੇ ਉਹਦੇ ਉਤੇ ਬੈਠਣਾ ਤੇ ਝੂਟੇ ਲੈਣੇ। ਅਜੀਬ ਹਾਲਤਾਂ ਹੋਇਆ ਕਰਦੀਆਂ ਨੇ ਭਜਨ ਕਰਨ ਵਾਲਿਆਂ ਦੀਆਂ। ਸੋ ਇਸ ਤਰ੍ਹਾਂ ਕਰਦੇ-ਕਰਦੇ ਆਪ ਜਦੋਂ ਦਸਵੀਂ ਜਮਾਤ ਵਿਚ ਪਹੁੰਚਦੇ ਨੇ। ਪੜ੍ਹਾਈ ਵਿਚ ਵੀ ਅਵਲ ਸਨ, ਫਸਟ ਆਇਆ ਕਰਦੇ ਸਨ। ਇਹਦੇ ਨਾਲ ਜਿਸਮਾਨੀ ਸ਼ਕਤੀ ਦਾ ਵੀ ਧਿਆਨ ਰੱਖਿਆ ਕਰਦੇ ਸਨ। ਆਪ ਹਾਕੀ ਦੇ ਅਲੈਵਨ ਦੇ ਖਿਡਾਰੀ ਸਨ। ਵਾਹਿਗੁਰੂ ਨੇ ਰੂਪ ਐਨਾ ਦਿਤਾ ਸੀ, ਕੋਈ ਵੀ ਦੇਖ ਲਵੇ ਖਿੱਚ ਖਾ ਜਾਂਦਾ ਸੀ। ਨੇਤਰਾਂ 'ਚ ਐਸਾ ਬਲ ਸੀ, ਮਿਗਨੈਟਿਕ ਨੇਤਰ ਸੀ। ਜਿਧਰ ਨੂੰ ਦੇਖ ਲੈਣਾ ਪਹਿਲਾਂ ਕੰਬਣੀ ਜਿਹੀ ਆਉਣੀ, ਫੇਰ ਮਸਤ ਜਿਹੇ ਹੋ ਕੇ ਪਿਛੇ ਹੀ ਲਗ ਜਾਂਦੇ ਸੀ। ਕਿਉਂਕਿ ਇਹ ਨਿਸ਼ਾਨੀ ਹੋਇਆ ਕਰਦੀ ਹੈ ਜੋ ਵਾਹਿਗੁਰੂ ਵਲੋਂ ਭੇਜੇ ਹੁੰਦੇ ਨੇ, ਉਹ ਸੁੰਦਰ ਵੀ ਹੋਇਆ ਕਰਦੇ ਨੇ। ਸਾਰੀਆਂ ਚੀਜ਼ਾਂ ਹੁੰਦੀਆਂ ਨੇ। ਲੇਕਿਨ ਆਪ ਦੇ ਅੰਦਰ ਇਕ ਖਿਆਲ ਰਹਿੰਦਾ ਸੀ ਕਿ ਨਾਮ ਜਦੋਂ ਤਕ ਗੁਰੂ ਤੋਂ ਨਾ ਲਿਆ ਜਾਵੇ, ਓਨੀਂ ਦੇਰ ਤੱਕ ਫਲੀਭੂਤ ਨਹੀਂ ਹੁੰਦਾ, ਐਸੇ ਮਹਾਂਪੁਰਸ਼ਾਂ ਤੋਂ ਬਚਨ ਸੁਣਨੇ ਤੇ ਕਿਸੇ ਪੂਰੇ ਮਹਾਂਪੁਰਸ਼ ਦਾ ਇੰਤਜ਼ਾਰ ਕਰ ਰਹੇ ਸੀ। ਸੰਤਾਂ ਦੇ ਦਰਸ਼ਨ ਕਰਦੇ, ਬਹੁਤ ਸਾਰਿਆਂ ਦੇ ਜਾਂਦੇ ਸੀ। ਬਿਰਮਦਾਸ ਦੇ ਵੀ ਗਏ। ਹੋਰ ਉਥੇ ਮਹਾਂਪੁਰਸ਼ ਸੀਗੇ, ਬਾਬਾ ਧਿਆਨਾ ਵੀ ਉਥੇ ਸੀ ਤੇ ਇਕ ਹੋਰ ਵੱਡੇ ਸੂਖਸ਼ਮ ਬਿਰਤੀ ਵਾਲੇ ਮਹਾਂਪੁਰਸ਼ ਉਥੇ ਹੀ ਸਨ ਤ੍ਰਿਪੜੀ ਵਿਚ। ਪਰ ਸੰਜੋਗ ਨਹੀਂ ਸੀ ਬਨਦਾ। ਐਸਾ ਮਹਾਂਪੁਰਸ਼ ਨਾ ਮਿਲਿਆ ਜਿਸ ਨਾਲ ਦਿਲ ਦਾ ਸੌਦਾ ਕੀਤਾ ਜਾਵੇ। ਕਿਉਂਕਿ ਇਹ ਜੋ ਪੂਰਨ ਸਾਧੂ ਮਿਲਨਾ ਹੈ ਇਹ ਆਪਣੇ ਵਸ ਦੀ ਗੱਲ ਨਹੀਂ ਹੋਇਆ ਕਰਦੀ। ਗੁਰੂ ਦਾ ਮਿਲਾਪ, ਸਾਧੂ ਦਾ ਮਿਲਾਪ ਆਪਣੇ ਜ਼ੋਰ ਨਾਲ, ਆਪਣੀ ਅਕਲ ਨਾਲ, ਆਪਣੀ ਹਿੰਮਤ ਨਾਲ ਕਦੇ ਵੀ ਨਹੀਂ ਹੋਇਆ ਕਰਦਾ। ਜਿਨ੍ਹਾਂ ਪ੍ਰੇਮੀਆਂ ਨੇ ਜਿੰਨੇ ਤੁਸੀਂ ਬੈਠੇ ਓਂ, ਜਿਨ੍ਹਾਂ ਦੇ ਮਨ ਵਿਚ ਗੁਰੂ ਮਹਾਰਾਜ ਦਾ ਪਿਆਰ ਹੈ, ਸ਼ਰਧਾ ਹੈ। ਇਕ ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਪਿਛਲਾ ਕੋਈ ਤਪ ਕਰਿਆ ਹੋਇਆ ਹੈ ਸਾਰਿਆਂ ਨੇ। ਦਾਨ ਕਰੇ ਹੋਏ ਨੇ, ਨੇਕ ਕੰਮ ਕਰ ਕੇ ਹੋਏ ਨੇ ਕਿਉਂਕਿ ਉਸ ਤੋਂ ਬਗੈਰ ਸਤਿਸੰਗ ਨਹੀਂ ਪ੍ਰਾਪਤ ਹੋਇਆ ਕਰਦੀ। ਐਸਾ ਫੁਰਮਾਨ ਹੈ ਗੁਰੂ ਮਹਾਰਾਜ ਦਾ -

***ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥***
***ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥***

***ਅੰਗ - 642***

ਤ੍ਰੇਤੇ ਦੇ ਅੰਦਰ ਜੇ ਦੱਸ ਹਜ਼ਾਰ ਸਾਲ ਤਪਸਿਆ ਕਰੇ, ਸਤਿਜੁਗ ਦੇ ਅੰਦਰ ਉਹ ਤ੍ਰੇਤੇ ਦੀ ਕੀਤੀ ਹੋਈ ਇਕ ਹਜ਼ਾਰ ਸਾਲ ਦੀ ਤਪਸਿਆ ਦੇ ਬਰਾਬਰ ਹੋਇਆ ਕਰਦੀ ਹੈ। ਤ੍ਰੇਤੇ ਦੀ ਹਜ਼ਾਰ ਸਾਲ ਦੀ ਤਪਸਿਆ ਦੇ ਅੰਦਰ ਦੁਆਪਰ ਯੁੱਗ ਦੀ ਸੌ ਸਾਲ ਦੀ ਤਪਸਿਆ ਕੀਤੀ ਬਰਾਬਰ ਹੋਇਆ ਕਰਦੀ ਹੈ। ਕਲਜੁਗ ਨੂੰ ਐਨੀ ਮਹਾਨਤਾ ਗੁਰੂ ਨਾਨਕ ਪਾਤਸ਼ਾਹ ਨੇ ਦੇ ਦਿਤੀ। ਜਦੋਂ ਕਲਜੁਗ ਨੇ ਆਪਣਾ ਜ਼ੋਰ ਦਿਖਾਇਆ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ -

***ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ॥***
***ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ॥***

***ਅੰਗ - 902***

ਕਹਿੰਦੇ ਕਲਜੁਗ ਹੁਣ ਤੂੰ ਜ਼ੋਰ ਦਿਖਾ ਰਿਹਾ ਹੈਂ, ਸੰਸਾਰ ਨੂੰ ਪੁਠਿਆਂ ਰਾਹਾਂ ਤੇ ਪਾ ਰਿਹਾ ਹੈਂ। ਨਾ ਸ਼ਰਧਾ ਰਹਿਣ ਦਿਤੀ ਹੈ ਤੇ ਨਾ ਤੂੰ ਕਿਸੇ ਧਰਮ ਅਸਥਾਨ ਨੂੰ ਪਵਿੱਤਰ ਰਹਿਣ ਦਿਤਾ ਹੈ। ਨਾ ਤੀਰਥਾਂ ਨੂੰ ਪਵਿੱਤਰ ਰਹਿਣ ਦਿਤਾ ਹੈ। ਨਾ ਤੂੰ ਜਪ ਕਰਨ ਦਿੰਦਾ ਹੈਂ, ਨਾ ਤਪ।

***ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਛਣ ਏਈ॥***

***ਅੰਗ - 902***

ਸੰਨ 1936 ਵਿਚ ਰਾੜਾ ਸਾਹਿਬ ਵਿਖੇ ਅੰਮ੍ਰਿਤ ਵੇਲੇ ਦੇ ਦੀਵਾਨ ਦਾ ਇਕ ਦ੍ਰਿਸ਼

ਜਿਹੜਾ ਨਾਮ ਜਪਣ ਲੱਗ ਜਾਂਦਾ ਹੈ ਉਹਦੀ ਤੂੰ ਬਦਨਾਮੀ ਕਰਾਉਂਦਾ ਹੈਂ। ਸੰਸਾਰ ਨੂੰ ਤੂੰ ਉਲਟੇ ਚੱਕਰਾਂ 'ਚ ਪਾਉਂਦਾ ਹੈਂ, ਤੂੰ ਬੜੇ ਪਾਪ ਕੀਤੇ ਨੇ, ਤੇਰਾ ਲੇਖਾ ਅਸੀਂ ਲਵਾਂਗੇ ਦਰਗਾਹ 'ਚ। ਉਸ ਵੇਲੇ ਡਰ ਗਿਆ ਕਲਜੁਗ। ਗੁਰੂ ਨਾਨਕ ਦੇ ਚਰਨ ਫੜ ਲਏ। ਕਹਿਣ ਲੱਗਿਆ, ਪਾਤਸ਼ਾਹ! ਮੇਰਾ ਯੁੱਗ ਹੀ ਐਸਾ ਹੈ ਕਿਉਂਕਿ ਇਕ ਸਾਖੀ ਆਉਂਦੀ ਹੈ ਕਿ ਤ੍ਰੇਤੇ ਯੁੱਗ ਦੇ ਅੰਦਰ ਰਾਜੇ ਜਨਕ ਨੇ ਇਕ ਵਾਰੀ ਨਾਮ ਜਪ ਕੇ, ਸਿਰਫ ਇਕ ਵਾਰੀ –

***ਗਹਿਣੇ ਧਰਿਅਨੁ ਏਕ ਨਾਉ ਪਾਪਾ ਨਾਲਿ ਕਰੈ ਨਿਰਜਾਸੀ।***
***ਪਾਸੰਗਿ ਪਾਪੁ ਨ ਪੁਜਨੀ ਗੁਰਮੁਖਿ ਨਾਉ ਅਤੁਲ ਨ ਤੁਲਾਸੀ।***
***ਭਾਈ ਗੁਰਦਾਸ ਜੀ ਦੀ ਵਾਰ 10/5***

ਇਕ ਪਾਸਕੂ ਜਿੰਨਾ ਵੀ ਨਾ ਬਣਿਆ ਸਾਰਾ ਪਾਪ ਜਿੰਨਾ ਨਰਕਾਂ ਦਾ ਸੀ ਸਾਰਾ ਇਕੱਠਾ ਕਰਕੇ ਸਾਡੀ ਬੋਲੀ ਦੇ ਸਮਝਾਉਣ ਵਾਸਤੇ। ਇਕ ਤਕੜੀ 'ਚ ਪਾਪ ਪਾ ਲਏ, ਦੂਜੀ ਵਿਚ ਨਾਮ ਜਪਿਆ ਪਾ ਲਿਆ।

***ਨਰਕਹੁੰ ਛੁਟੇ ਜੀਅ ਜੰਤ ਕਟੀ ਗਲਹੁੰ ਸਿਲਕ ਜਮ ਫਾਸੀ॥***
***ਭਾਈ ਗੁਰਦਾਸ ਜੀ ਦੀ ਵਾਰ 10/5***

ਸਾਰੇ ਜੀਵ ਜੰਤ ਨਰਕਾਂ 'ਚੋਂ ਛੁਟ ਗਏ। ਹੁਣ ਉਹ ਨਰਕੀ ਜੀਵ ਛੁਟ ਤਾਂ ਗਏ ਪਰ ਥਾਂ ਨਹੀਂ ਮਿਲਦਾ ਕਿਤੇ। ਰਾਜਾ ਜਨਕ ਚਲੇ ਗਏ। ਬਹੁਤ ਸਮਾਂ ਭਟਕਣ ਤੋਂ ਬਾਅਦ ਇਕ ਵਾਰੀ ਰਾਜਾ ਜਨਕ ਫੇਰ ਆਏ ਤਾਂ ਉਨ੍ਹਾਂ ਪਾਪੀ ਪੁਰਸ਼ਾਂ ਨੇ ਜੋ ਜਲਦੇ ਬਲਦੇ ਕੱਢੇ ਸੀ। ਕਿਉਂਕਿ ਨਰਕ ਬਹੁਤ ਬੁਰੀ ਚੀਜ਼ ਹੈ –

***ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥***
***ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ॥***
***ਅੰਗ - 1425***

ਇਥੇ ਤਾਂ ਜ਼ੋਰ ਨਾਲ ਬਚ ਜਾਂਦਾ ਹੈ, ਅੱਗੇ ਜਿਹੜੀ ਸੱਚੀ ਕਚਹਿਰੀ ਹੈ ਉਸ ਥਾਂ ਤੇ ਬਚਣਾ ਬੜਾ ਮੁਸ਼ਕਲ ਹੈ। ਕੋਈ ਨਹੀਂ ਬਚ ਸਕਦਾ।

***ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ॥***
***ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ॥***
***ਅੰਗ - 1281***

ਸੋ ਭਟਕਦੇ ਫਿਰਦੇ ਨੇ, ਕੋਈ ਥਾਂ ਨਹੀਂ ਮਿਲਦਾ। ਰਾਜੇ ਜਨਕ ਦੇ ਕੋਲ ਰੋਣ ਲਗ ਗਏ ਸਾਰੇ। ਕਹਿਣ ਲੱਗਿਆ ਕਿ ਤੁਹਾਨੂੰ ਨਰਕਾਂ 'ਚੋਂ ਕੱਢ ਦਿਤਾ, ਤੁਸੀਂ ਰੋਂਦੇ ਕਿਉਂ ਹੋ। ਕਹਿਣ ਲੱਗੇ, ਮਹਾਰਾਜ! ਸਾਨੂੰ ਕੋਈ ਚੀਜ਼ ਨਹੀਂ ਮਿਲਦੀ। ਨਾ ਕੋਈ ਟਿਕਾਣਾ, ਅਸੀਂ ਆਹ ਆਸਮਾਨ ਦੇ ਵਿਚ ਭਟਕਦੇ ਫਿਰਦੇ ਹਾਂ। ਕਈ ਪ੍ਰੇਮੀਆਂ ਨੂੰ ਸ਼ਾਇਦ ਨਾ ਪਤਾ ਹੋਵੇ ਕਿ ਏਸ ਦਿਸਣ ਵਾਲੇ ਸੰਸਾਰ ਤੋਂ ਅੱਗੇ ਹੋਰ ਵੀ ਬੜੇ ਸੰਸਾਰ ਨੇ। ਸੂਖਸ਼ਮ ਸੰਸਾਰ ਨੇ, ਬੇਅੰਤ ਕਿਸਮ ਦੇ ਸਵਰਗ ਲੋਕ ਨੇ। ਬੇਅੰਤ ਕਿਸਮ ਦੇ ਨਰਕ ਨੇ। ਕਹਿਣ ਲੱਗੇ, ਮਹਾਰਾਜ! ਸਾਨੂੰ ਕੋਈ ਥਾਂ ਨਹੀਂ ਮਿਲਦਾ, ਥਾਂ ਦਿਵਾ ਦਿਓ। ਆਪ ਨੇ ਤ੍ਰੇਤੇ ਯੁੱਗ ਨੂੰ, ਥੋੜ੍ਹਾ ਜਿਹਾ ਰਹਿੰਦਾ ਸੀ, ਕਹਿ ਦਿਤਾ ਕਿ ਇਨ੍ਹਾਂ ਨੂੰ ਜਨਮ ਦੇ ਦੇ। ਪਹਿਲਾਂ ਧਰਮਰਾਜ ਨੂੰ ਕਿਹਾ ਕਿ ਇਨ੍ਹਾਂ ਨੂੰ ਸਵਰਗ ਦੇ ਦੇ। ਉਹ ਕਹਿੰਦਾ ਸਵਰਗ ਦੇ ਵਿਚ ਤਾਂ ਓਹੀ ਜਾਂਦੇ ਨੇ, ਜਿਹੜੇ ਦੁਨੀਆਂ ਵਿਚ ਆ ਕੇ ਦਾਨ ਪੁੰਨ ਕਰਦੇ ਨੇ –

***ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ॥***
***ਅੰਗ - 1414***

ਉਹਦਾ ਹਿਸਾਬ ਕਰਕੇ ਮੈਂ ਗੁਣਾ ਕਰਕੇ ਕਿ ਕਿਥੇ ਦਾਨ ਦਿਤਾ। ਬ੍ਰਹਮਗਿਆਨੀ ਮਹਾਂਪੁਰਸ਼ ਨੂੰ ਦਿਤਾ ਹੋਇਆ ਦਾਨ ਹਜ਼ਾਰਾਂ ਗੁਣਾਂ ਫਲਦਾ ਹੈ। ਇਕ ਰੁਪਿਆ ਲੱਖਾਂ ਤਕ ਪਹੁੰਚ ਜਾਂਦਾ ਹੈ। ਕਿਉਂਕਿ ਉਨ੍ਹਾਂ ਨੇ ਇਹੋ ਜਿਹੇ ਥਾਉਂ ਤੇ ਲਾਉਣਾ ਹੈ ਜਿਥੇ ਬਹੁਤ ਹੀ ਵੱਡਾ ਪਰਉਪਕਾਰ ਹੋਵੇ। ਜੇ ਆਮ ਥਾਵਾਂ ਤੇ ਦਿਓ ਸੱਤਰ ਗੁਣਾਂ ਫਲਦਾ ਹੈ। ਜੇ ਮਾੜੇ ਬੰਦੇ ਨੂੰ ਦੇ ਦਿਓ ਤਾਂ ਉਹ ਵੀ ਡੁੱਬਦਾ ਹੈ, ਜਜਮਾਨ ਨੂੰ ਵੀ ਡੋਬ ਲੈਂਦਾ ਹੈ। ਅੱਗੇ ਪਾਪ ਦਾ ਭਾਗੀ ਬਣਾਉਂਦਾ ਹੈ, ਜਾ ਕੇ ਸ਼ਰਾਬ ਪੀ ਲੈਂਦਾ ਹੈ, ਮਾਸ ਖਾ ਲੈਂਦਾ ਹੈ, ਮਾੜੇ ਕੰਮਾਂ ਤੇ ਪੈਸਾ ਲਾ ਦਿੰਦਾ ਹੈ। ਉਹ ਫੇਰ ਦਾਤੇ ਨੂੰ ਵੀ ਨਾਲ ਹੀ ਡੋਬ ਲੈਂਦਾ ਹੈ।

ਸੋ ਕਹਿਣ ਲੱਗਿਆ ਕਿ ਮੈਂ ਤਾਂ ਜੋ ਪੁੰਨ ਦਾਨ ਕਰਦੇ ਨੇ ਉਨ੍ਹਾਂ ਦਾ ਇਵਜ਼ਾਨਾ ਦਿੰਦਾ ਹਾਂ, ਫਲ ਦਿੰਦਾ ਹਾਂ। ਇਨ੍ਹਾਂ ਨਰਕੀ ਜੀਵਾਂ ਨੇ ਤਾਂ ਪਾਪ ਹੀ ਪਾਪ ਕਰੇ ਨੇ, ਪੁੰਨ ਦਾਨ ਦੀ ਤਾਂ ਗੱਲ ਹੈ ਹੀ ਨਹੀਂ। ਇਸ ਕਰਕੇ ਮੇਰੇ ਕੋਲ ਥਾਉਂ ਕੋਈ ਨਹੀਂ, ਮਹਾਰਾਜ ਤੁਸੀਂ ਵਾਹਿਗੁਰੂ ਨੂੰ ਕਹਿ ਕੇ ਕਾਨੂੰਨ ਬਦਲਾ ਦਿਓ। ਤੁਹਾਡੀ ਪਹੁੰਚ ਹੈ ਮਾਲਕ ਤੱਕ। ਨਹੀਂ ਤੁਸੀਂ ਦੁਆਪਰ ਯੁੱਗ ਨੂੰ ਪੁਛ ਲਓ। ਦੁਆਪਰ ਯੁੱਗ ਨੂੰ ਪੁਛਿਆ ਕਿ ਤ੍ਰੇਤੇ ਤੋਂ ਬਾਅਦ ਤੇਰਾ ਯੁੱਗ ਲੱਗਣਾ ਹੈ। 8 ਲੱਖ 64 ਹਜ਼ਾਰ ਸਾਲ ਦਾ ਹੈ। ਆਹ ਜੀਵ ਭਟਕ ਰਹੇ ਨੇ, ਤੂੰ ਇਨ੍ਹਾਂ ਨੂੰ ਆਪਣੇ ਯੁੱਗ ਦੇ ਵਿਚ ਜਨਮ ਦੇ ਦੇ। ਉਹ ਕਹਿਣ ਲੱਗਿਆ, ਮੇਰਾ ਜਿਹੜਾ ਜੁਗ ਹੈ ਇਹ ਪੁੰਨ ਦਾਨ ਦਾ, ਪੂਜਾ ਦਾ ਜੁਗ ਹੈ। ਇਹ ਨਰਕੀ ਲੋਕ ਜਿਹੜੇ ਨੇ ਇਹ ਨਾਸਤਕ ਨੇ, ਪਾਪੀ ਨੇ ਇਨ੍ਹਾਂ ਦੇ ਸੰਸਕਾਰ ਚੰਗੇ ਨਹੀਂ, ਇਸ ਕਰਕੇ ਮੇਰੇ ਜੁਗ ਨੂੰ ਦੂਸ਼ਿਤ ਕਰ ਦੇਣਗੇ। ਪਾਪ ਪ੍ਰਚਲਤ ਕਰ ਦੇਣਗੇ। ਜੇ ਕਰਨਾ ਹੀ ਹੈ ਤਾਂ ਨਿਰੰਕਾਰ ਜੀ ਨੂੰ ਪੁਛ ਲਓ। ਉਹਦੇ ਬਾਅਦ ਕਲਜੁਗ ਦੇ ਪਾਸ ਪਹੁੰਚੇ। ਕਹਿਣ ਲੱਗੇ ਆਹ ਸਮੱਸਿਆ ਹੈ ਸਾਮ੍ਹਣੇ ਆਈ ਹੋਈ। ਉਹ ਕਹਿੰਦਾ ਰਾਜਨ, ਕੋਈ ਗੱਲ ਨਹੀਂ, 8 ਲੱਖ 64 ਹਜ਼ਾਰ ਸਾਲ ਭਟਕ ਲੈਣ ਦਿਓ ਇਨ੍ਹਾਂ ਨੂੰ। ਮੇਰਾ ਜੁਗ ਆ ਜਾਣਾ ਹੈ ਮੇਰੇ ਵਲੋਂ ਖੁਲ੍ਹੀਆਂ ਛੁਟੀਆਂ ਨੇ ਆਉਣ ਦਿਓ ਜਿੰਨੇ ਆਉਂਦੇ ਨੇ। ਬੰਦੇ ਹੀ ਬੰਦੇ ਹੋ ਜਾਣਗੇ ਮੇਰੇ ਜੁਗ

ਦੇ ਅੰਦਰ। ਫਿਕਰ ਪੈ ਜਾਊ ਸਰਕਾਰਾਂ ਨੂੰ ਕਿ ਇਹ ਤਾਂ ਆਉਣ ਤੋਂ ਹੀ ਨਹੀਂ ਹਟਦੇ। ਫੈਮਲੀ ਪਲੈਨਿੰਗਾਂ ਕਰਨ ਲਗ ਜਾਣਗੇ। ਦੂਸਰਾ ਇਹ ਹੈ ਕਿ ਮੇਰੇ ਜੁਗ ਦੇ ਅੰਦਰ ਕਰਮ ਧਰਮ ਨੂੰ ਕੋਈ ਥਾਉਂ ਨਹੀਂ ਮਿਲਣਾ। ਮੈਨੂੰ ਤਾਂ ਇਹ ਸਾਰੇ ਬੰਦੇ ਸਹਾਇਕ ਹੋਣਗੇ। ਕਿਉਂਕਿ ਇਨ੍ਹਾਂ ਨੇ ਆ ਕੇ ਪਾਪ ਦਾ ਪਸਾਰਾ ਕਰਨਾ ਹੈ।

ਗੁਰੂ ਨਾਨਕ ਪਾਤਸ਼ਾਹ ਨੂੰ ਪੁਛਿਆ ਕਿ ਸੱਚੇ ਪਾਤਸ਼ਾਹ! ਆਹ ਬੰਦਿਆਂ ਨੂੰ ਸੋਝੀ ਕਿਉਂ ਨਹੀਂ ਆਉਂਦੀ। ਕਿਉਂ ਨਹੀਂ ਪ੍ਰਮੇਸ਼ਰ ਦਾ ਨਾਮ ਜਪਦੇ। ਕਿਉਂ ਇਹ ਖਹਿ-ਖਹਿ ਮਰਦੇ ਨੇ, ਆਪਸ ਵਿਚ ਈਰਖਾ ਕਰਦੇ ਨੇ ਵੈਰ, ਵਿਰੋਧ, ਝੂਠ, ਬਿਕਾਰ, ਮਹਾਂ, ਲੋਭ, ਧ੍ਰੋਹ ਇਹਦੇ ਵਿਚ ਕਿਉਂ ਜਨਮ ਲੈਂਦੇ ਨੇ। ਐਸਾ ਜੀਵਨ ਆਪਣਾ ਕਿਉਂ ਖਰਾਬ ਕਰਦੇ ਨੇ। ਮਹਾਰਾਜ ਕਹਿੰਦੇ ਪਿਆਰਿਓ! ਆਹ ਜਨਮ ਦੇ ਅੰਦਰ ਭਟਕੀਆਂ ਹੋਈਆਂ ਰੂਹਾਂ ਜਿਹੜੀਆਂ ਨਰਕੀ ਸੀ, ਭੂਤ ਪ੍ਰੇਤ ਉਹ ਜਨਮ ਲੈ ਰਹੇ ਨੇ।

***ਕਲੀ ਅੰਦਰਿ ਨਾਨਕਾ ਜਿੰਨਾ ਦਾ ਅਵਤਾਰੁ॥***
***ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ॥***
***ਅੰਗ - 556***

ਕਹਿੰਦੇ ਉਹ ਭੂਤਾਂ ਪ੍ਰੇਤਾਂ ਨੇ ਜਨਮ ਲੈਣਾ ਹੈ, ਕਰਮ ਧਰਮ ਭ੍ਰਿਸ਼ਟ ਹੋ ਜਾਣਾ ਹੈ। ਪ੍ਰਮੇਸ਼ਰ ਦਾ ਕਿਸੇ ਨੇ ਨਾਮ ਨਹੀਂ ਲੈਣਾ, ਸਾਧੂ ਸੰਤਾਂ ਦੀ ਨਿੰਦਿਆ ਕਰਨਗੇ, ਵੈਰ ਕਰਨਗੇ, ਵਿਰੋਧ ਕਰਨਗੇ, ਭਲਾ ਕਰਦੇ-ਕਰਦੇ ਉਨ੍ਹਾਂ ਦਾ ਬੁਰਾ ਕਰਨਗੇ। ਇਨ੍ਹਾਂ ਨੇ ਰਸਤਾ ਨਾ ਆਪ ਲੈਣਾ ਹੈ, ਨਾ ਕਿਸੇ ਨੂੰ ਲੈਣ ਦੇਣਾ ਹੈ। ਧਰਮ ਅਸਥਾਨਾਂ ਤੇ ਇਨ੍ਹਾਂ ਦਾ ਕਬਜ਼ਾ ਹੋ ਜਾਣਾ ਹੈ, ਇਨ੍ਹਾਂ ਨੇ ਉਹ ਗੱਲਾਂ ਕਹਿਣੀਆਂ ਨੇ ਜਿਹੜੀਆਂ ਕਿਸੇ ਨਾ ਵੇਦ, ਨਾ ਸਾਸ਼ਤਰ, ਨਾ ਗੁਰਬਾਣੀ ਵਿਚ। ਖੁਰਾਕ ਬਦਲ ਦੇਣਗੇ, ਲੋਕਾਂ ਦੀ ਬੁੱਧੀ ਭ੍ਰਿਸ਼ਟ ਕਰ ਦੇਣਗੇ। ਸੋ ਇਹ ਪ੍ਰਚਾਰ ਚੱਲਣਗੇ, ਪੂਜਾ ਦੇ ਧਾਨ ਖਾਣਗੇ। ਕਹਿੰਦੇ ਇਹ ਭੂਤ ਪ੍ਰੇਤ ਪੈਦਾ ਹੋ ਰਹੇ ਨੇ ਭਾਈ।

ਮਹਾਰਾਜ ਸੱਚੇ ਪਾਤਸ਼ਾਹ! ਸਾਨੂੰ ਵੀ ਪਤਾ ਲਗ ਜਾਏ ਕਿ ਇਹ ਬੰਦਾ ਹੈ ਕਿ ਭੂਤ ਪ੍ਰੇਤ ਹੈ। ਗੁਰਬਾਣੀ 'ਚ ਆਉਂਦਾ ਹੈ -

***ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ॥***
***ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ॥***
***ਅੰਗ - 1374***

ਜਿਥੇ ਨਾ ਜਪੁਜੀ ਸਾਹਿਬ ਦਾ ਪਾਠ ਹੁੰਦਾ ਹੈ, ਨਾ ਗਾਇਤ੍ਰੀ ਦਾ ਹੁੰਦਾ ਹੈ, ਨਾ ਨਮਾਜ਼ ਪੜ੍ਹੀ ਜਾਂਦੀ ਹੈ, ਨਾ ਕੋਈ ਪ੍ਰਮੇਸ਼ਰ ਦਾ ਨਾਮ ਲੈਂਦਾ ਹੈ, ਉਠੇ, ਉਠ ਕੇ ਪਹਿਲਾਂ ਰੋਟੀ ਖਾਧੀ, ਨਾ ਨਾਹੁਣਾ-ਧੋਣਾ। ਨਾ ਕੋਈ ਰਾਮ, ਅੱਲਾ, ਵਾਹਿਗੁਰੂ ਕਹਿਣਾ। ਕਹਿੰਦੇ ਉਹ ਜਿਹੜੇ ਘਰ ਨੇ ਉਨ੍ਹਾਂ ਦੀ ਨਿਸ਼ਾਨੀ ਹੋਏਗੀ ਉਹ ਸੰਤਾਂ ਦੀ ਨਿੰਦਿਆ ਕਰਦੇ ਨੇ, ਪ੍ਰਮੇਸ਼ਰ ਦੇ ਪਿਆਰਿਆਂ ਦੀ ਨਿੰਦਿਆ ਕਰਦੇ ਨੇ। ਉਨ੍ਹਾਂ ਨਾਲ ਈਰਖਾ ਕਰਦੇ ਨੇ। ਉਸ ਘਰ ਦੇ ਵਿਚ ਜਿਹੜੇ ਬੰਦੇ ਨੇ ਓਹੀ ਭੂਤ ਪ੍ਰੇਤਾਂ ਨੇ ਆ ਕੇ ਜਨਮ ਲਿਆ ਹੋਇਆ ਹੈ। ਸੋ ਇਸ ਕਲਜੁਗ ਦਾ ਬੁਰਾ ਹਾਲ ਹੋਣ ਕਰਕੇ ਇਹਦੇ 'ਚ ਉਧਾਰ ਹੋਣਾ ਹੀ ਨਹੀਂ ਸੀ ਕਿਸੇ ਦਾ। ਹੁਣ ਸਵਾਲ ਇਹ ਸੀ ਕਿ ਸਾਰੇ ਤਾਂ ਪਾਰ ਨਹੀਂ ਲੰਘੇ, ਨਾ ਸਤਿਜੁਗ ਵਾਲੇ, ਨਾ ਦੁਆਪਰ ਜੁਗ ਵਾਲੇ। ਇਨ੍ਹਾਂ ਦੇ ਕੀਤੇ ਹੋਏ ਕਰਮ ਬਕਾਇਆ ਸੀ, ਉਨ੍ਹਾਂ ਨੂੰ ਕਲਜੁਗ 'ਚ ਜਨਮ ਲੈਣਾ ਪੈਣਾ ਸੀ। ਹੁਣ ਇਥੇ ਆ ਕੇ ਕੀਤਾ ਕਰਾਇਆ ਸਭ ਭੁੱਲ ਜਾਣਾ ਸੀ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਮਿਹਰ ਕੀਤੀ ਕਹਿਣ ਲੱਗੇ, ਐ ਕਲਜੁਗ ਤੂੰ ਬੜਾ ਬਦਨਾਮ ਤੇਰਾ ਜੁਗ ਬੜਾ ਬਦਨਾਮ। ਤੇਰੀ ਅਧੀਨਤਾ ਦੇਖ ਕੇ, ਤੇਰੀ ਦੀਨ ਦਸ਼ਾ ਦੇਖ ਕੇ ਸਾਡੇ ਮਨ ਵਿਚ ਪ੍ਰਸੰਨਤਾ ਆਈ ਹੈ। ਤੇਰਾ ਮਾੜਾਪੁਣਾ ਸੀ ਉਹ ਕੱਢ ਦੇਣਾ ਚਾਹੁੰਦੇ ਹਾਂ। ਬੜਾ ਖੁਸ਼ ਹੋਇਆ ਕਹਿਣ ਲੱਗਿਆ, ਪਾਤਸ਼ਾਹ! ਕਿਵੇਂ ਕੱਢੋਗੇ? ਕਹਿੰਦੇ ਜੇ ਕੋਈ ਭੁੱਲ ਭੁਲੇਖੇ ਨਾਲ ਇਕ ਵਾਰੀ ਵਾਹਿਗੁਰੂ ਕਹਿ ਦੇਵੇਗਾ ਨਾ, ਉਧਰੋਂ ਤਾਂ ਜਮਦੂਤਾਂ ਨੇ ਫੜਿਆ ਹੋਵੇ, ਜਾਂ ਫੜਨ ਵਾਲਾ ਹੋਵੇ, ਉਹਦੇ ਮੁਖ 'ਚੋਂ ਰਾਮ, ਅੱਲਾ, ਨਾਰਾਇਣ, ਗੋਬਿੰਦ, ਵਾਹਿਗੁਰੂ ਨਿਕਲ ਜਾਵੇ ਕਹਿੰਦੇ ਉਹ ਜਿਹੜੀ ਗਲ 'ਚ ਫਾਸੀ ਪਾਈ ਹੈ, ਉਸੇ ਵੇਲੇ ਕਟ ਜਾਏਗੀ। ਉਹ ਨਰਕਾਂ ਨੂੰ ਨਹੀਂ ਜਾਏਗਾ ਤੇ ਉਸ ਨਾਮ ਦਾ ਫਲ ਐਨਾ ਅਰਬਾਂ-ਖਰਬਾਂ ਗੁਣਾਂ ਹੋਏਗਾ ਕਿ ਇਕ ਵਾਰੀ ਨਾਮ ਕਹੇਗਾ ਤੇ ਕਰੋੜਾਂ ਪਾਪਾਂ ਦਾ ਨਾਸ ਹੋ ਜਾਏਗਾ।

ਤੇ ਉਸ ਨਾਮ ਦੇ ਪ੍ਰਚਾਰ ਵਾਸਤੇ, ਉਸ ਨਾਮ ਦੇ ਜਪਣ ਵਾਸਤੇ ਮੇਰੇ ਘਰ ਦੇ ਅੰਦਰ, ਗੁਰਮੁਖ ਜਿਨ੍ਹਾਂ ਨੂੰ ਸਾਧੂ ਸੰਤ ਮਹਾਂਪੁਰਸ਼ ਕਹਿ ਕੇ ਪੁਕਾਰਨਗੇ ਉਹ ਆਉਂਦੇ ਹੀ ਰਹਿਣਗੇ। ਦੱਸ ਜਾਮੇ ਸਾਡੇ ਪ੍ਰਗਟ ਹੋਣਗੇ ਤੇ 74 ਜਾਮਿਆਂ ਵਿਚ ਐਸੇ-ਐਸੇ ਮਹਾਂਪੁਰਸ਼ ਭੇਜਾਂਗੇ ਜਿਹੜੇ ਸਾਡਾ ਹੀ ਰੂਪ ਹੋਣ। ਸੰਸਾਰ ਦਾ ਉਦਾਰ ਕਰਨਗੇ ਆ ਕੇ। ਸੋ ਤੂੰ ਫਿਕਰ ਨਾ ਕਰ।

ਸੋ ਮੈਂ ਬੇਨਤੀ ਕਰਦਾ ਕਿ ਕਲਜੁਗ ਦੇ ਵਿਚ ਕੌਣ ਹੈ ਤਪ ਕਰ ਲਏਗਾ। ਕਿਹੜਾ ਹੈ ਜਿਹੜਾ ਜੰਗਲਾਂ 'ਚ ਜਾਏਗਾ। ਜੰਗਲ ਰਿਹਾ ਹੀ ਨਹੀਂ ਕੋਈ। ਹੁਣ ਫੇਰ ਕੀ ਹੁੰਦਾ ਹੈ ਕਹਿੰਦੇ ਦੋ ਘੜੀ ਦਾ ਸਤਿਸੰਗ ਨਾ, ਸਾਢੇ 24 ਮਿੰਟ ਦੀ ਘੜੀ ਹੁੰਦੀ ਹੈ। 49 ਮਿੰਟ ਜੇ ਚਿੱਤ ਬਿਰਤੀਆਂ ਇਕਾਗਰ ਕਰਕੇ ਬੈਠ ਜਾਏਗਾ ਸਤਿਸੰਗ ਦੇ ਅੰਦਰ ਤਾਂ ਦੱਸ ਹਜ਼ਾਰ ਸਾਲ ਦੀ ਤਪਸਿਆ ਤੋਂ ਬਹੁਤਾ ਉਹਨੂੰ ਫਲ

ਹੋਏਗਾ। ਮੈਂ ਤਾਂ ਕਿਹਾ ਸੀ ਕਿ ਤੁਹਾਡੇ ਪਿਛਲੇ ਕਰਮ ਜਾਗੇ ਹੋਏ ਨੇ ਤਾਂ ਤੁਸੀਂ ਸਤਿਸੰਗ 'ਚ ਆਏ ਓਂ।

ਸੋ ਮੈਂ ਬੇਨਤੀ ਕਰਦਾ ਸੀ ਕਿ ਮਹਾਤਮਾ ਦਾ ਮਿਲਾਪ ਨਹੀਂ ਹੁੰਦਾ ਜਿੰਨਾ ਚਿਰ ਪੂਰਨ ਕਰਮ ਪਿਛੇ ਨਾ ਹੋਣ। ਇਕ ਤਾਂ ਹੁੰਦਾ ਹੈ ਸੰਤਾਂ ਨੂੰ ਦੇਖਣਾ, ਇਕ ਹੁੰਦੀ ਹੈ ਗੱਲਬਾਤ ਕਰਨੀ। ਇਕ ਹੁੰਦਾ ਹੈ ਭੇਟਣਾ ਜਿਵੇਂ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਭੇਟਾ ਰਖਦੇ ਹਾਂ ਨਾ, ਆਪਣੀ ਭਾਵਨਾ ਦੇ ਨਾਲ। ਏਸੇ ਤਰ੍ਹਾਂ ਆਪਣੇ ਆਪ ਨੂੰ ਮਹਾਂਪੁਰਸ਼ਾਂ ਦੇ ਭੇਟ ਕਰ ਦੇਣਾ। ਓਹੀ ਕਰ ਸਕਦਾ ਹੈ ਜਿਹਦੇ ਪੂਰਬਲੇ ਕਰਮ ਜਾਗੇ ਹੋਏ ਹੋਣ। ਉਹਨੂੰ ਭੇਟਣਾ ਕਹਿੰਦੇ ਨੇ। ਉਹਦੇ ਨਾਲ ਹੋਏਗਾ ਕੀ? ਕਿਉਂਕਿ ਉਹ ਮਹਾਂਪੁਰਸ਼ਾਂ ਦਾ ਹੋ ਗਿਆ।

***ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥***
***ਅੰਗ - 204***

ਉਹ ਅੰਧੇਰਾ ਜਿਹੜਾ ਅਗਿਆਨ ਦਾ ਸਾਡਾ ਮਨ ਵਿਚ ਪਿਆ ਹੋਇਆ ਉਹ ਮਿਟ ਜਾਏਗਾ। ਸਾਡੀ ਸੁਰਤ ਹੁਣ ਸੁਤੀ ਪਈ ਹੈ। ਅਸੀਂ ਕਹਿੰਦੇ ਹਾਂ ਕਿ ਅਸੀਂ ਤਾਂ ਕੰਮ ਕਰਦੇ ਹਾਂ, ਸੁੱਤੇ ਤਾਂ ਹੈ ਨਹੀਂ। ਇਹ ਤਾਂ ਹਉਮੈ ਦੀ ਸੁਰਤ ਵਿਚ ਜਿਵੇਂ ਸੁਰਤ ਲਈ ਦੀ ਹੈ, ਇਕ ਸੁਪਨਾ ਰਾਤ ਦਾ ਹੈ, ਇਕ ਸੁਪਨਾ ਅਸੀਂ ਹੁਣ ਲੈ ਰਹੇ ਹਾਂ। ਸੁਪਨੇ ਦੇ ਸ਼ੁਭ ਕਰਮ ਫਲਦੇ ਨੇ, ਜਾਗ ਹੋਰ ਹੁੰਦੀ ਹੈ, ਜਾਗ ਹੁੰਦੀ ਹੈ ਗਿਆਨ ਦੀ ਜਾਗ ਵਿਚ ਆ ਜਾਣਾ। ਪਤਾ ਲਗ ਜਾਣਾ ਕਿ ਇਥੇ ਹੈ ਕੀ। ਉਹ ਮਹਾਤਮਾ ਤੋਂ ਬਗੈਰ ਨਾ ਕੋਈ ਦੱਸ ਸਕਦਾ ਹੈ, ਨਾ ਕਿਸੇ ਨੂੰ ਅਖਤਿਆਰ ਹੈ। ਸੋ ਮਹਾਰਾਜ ਇਹ ਫੁਰਮਾਨ ਕਰਦੇ ਹਨ ਕਿ ਜੋ ਮਹਾਤਮਾ ਦਾ ਮਿਲਣਾ ਹੈ ਉਹਦੇ ਨਾਲ ਕੀ ਹੁੰਦਾ ਹੈ –

***ਹਰਿ ਜਨ ਸਗਲ ਉਧਾਰੇ ਸੰਗ ਕੇ॥***
***ਭਏ ਪੁਨੀਤ ਪਵਿਤ੍ਰ ਮਨ ਜਨਮ ਜਨਮ ਕੇ ਦੁਖ ਹਰੇ॥***
***ਅੰਗ - 1208***

ਜਿੰਨੇ ਉਨ੍ਹਾਂ ਦੀ ਸੰਗਤ ਵਿਚ ਆ ਜਾਣ, ਮਹਾਤਮਾ ਉਨ੍ਹਾਂ ਦਾ ਉਧਾਰ ਕਰਦਾ ਹੈ। ਉਨ੍ਹਾਂ ਦਾ ਮਨ ਪਵਿੱਤਰ ਹੋ ਜਾਏਗਾ ਤੇ ਪੁਨੀਤ ਹੋ ਜਾਣਗੇ। ਮਹਾਂਪਵਿੱਤਰ ਹੋ ਜਾਣਗੇ ਤੇ ਜਨਮਾਂ-ਜਨਮਾਂਤਰਾਂ ਦੇ ਜੋ ਦੁਖ ਲੱਗੇ ਹੋਏ ਨੇ। ਜੰਮਣ ਮਰਨ ਦਾ ਦੁਖ ਸਭ ਤੋਂ ਵੱਡਾ ਹੈ। ਜਨਮਾਂ-ਜਨਮਾਂਤਰਾਂ ਦੇ ਦੁਖ ਸੰਤਾਂ ਦੀ ਸੰਗਤ ਕਰਨ ਦੇ ਨਾਲ, ਉਹ ਦੂਰ ਹੋ ਜਾਂਦੇ ਨੇ। ਜਿਹੜੇ ਉਹ ਬਚਨ ਕਹਿੰਦੇ ਨੇ ਜਿਹੜਾ ਉਸ ਮਾਰਗ ਤੇ ਚੱਲੇਗਾ ਉਹਨੂੰ ਮਹਾਨ ਸੁਖ ਦੀ ਪ੍ਰਾਪਤੀ ਹੋ ਜਾਏਗੀ। ਜਿਨ੍ਹਾਂ ਦੇ ਵੱਡੇ ਭਾਗ ਨੇ ਉਨ੍ਹਾਂ ਨੂੰ ਸਾਧੂਆਂ ਦੀ ਸੰਗਤ ਪ੍ਰਾਪਤ ਹੁੰਦੀ ਹੈ।

ਸੋ ਸੰਤ ਮਹਾਰਾਜ ਜੀ ਅਜੇ ਸਾਧੂ ਨਾ ਮਿਲਣ ਕਰਕੇ, ਦਸਵੀਂ ਜਮਾਤ ਵਿਚ ਆਪ ਹੋ ਗਏ, ਉਸ ਵੇਲੇ ਸੰਸਕਾਰ ਬਣੇ ਤੇ ਆਪ ਰੇਰੂ ਸਾਹਿਬ ਵਾਲੇ ਮਹਾਂਪੁਰਸ਼ਾਂ ਦੀ ਚਰਨ ਸ਼ਰਨ ਚਲੇ ਗਏ। ਪਹਿਲਾਂ ਗਏ, ਫੇਰ ਗਏ, ਫੇਰ ਇਰਾਦਾ ਬਣਾ ਲਿਆ ਕਿ ਜਿਥੇ ਆਉਣਾ ਸੀ ਆ ਗਿਆ। ਮਹਾਤਮਾ ਕਹਿਣ ਲੱਗੇ ਪ੍ਰੇਮੀਆ! ਆ ਪਹੁੰਚਿਆ ਤੂੰ। ਕਹਿੰਦੇ ਬੜੀ ਦੇਰ ਦਾ ਤੇਰਾ ਇੰਤਜ਼ਾਰ ਕਰ ਰਹੇ ਸੀ ਅਸੀਂ। ਕਹਿਣ ਲੱਗੇ, ਮਹਾਰਾਜ ਮੈਨੂੰ ਆਪਣਾ ਬਣਾ ਲਓ, ਹੁਣ ਮੈਨੂੰ ਕੋਈ ਥਾਉਂ ਨਹੀਂ ਹੈ ਤੁਹਾਡੇ ਚਰਨਾਂ ਤੋਂ ਬਗੈਰ ਕ੍ਰਿਪਾ ਕਰੋ। ਮੈਨੂੰ ਆਪਣਾ ਬਣਾ ਲਓ। ਦੁਨੀਆਂ ਤੋਂ ਬਚਾ ਲਓ, ਕਲਜੁਗ ਦੀ ਅੱਗ ਤੋਂ ਬਚਾ ਲਓ। ਮਹਾਤਮਾ ਕਹਿਣ ਲੱਗੇ, ਦੇਖ ਭਾਈ! ਇਹ ਜਿਹੜਾ ਰਸਤਾ ਹੈ ਇਹ ਕੋਈ ਸੁਖਾਲਾ ਨਹੀਂ ਹੈ, ਸਾਧੂਆਂ ਵਾਲਾ। ਬਹੁਤ ਔਖਾ ਰਸਤਾ ਹੈ। ਇਹ ਜੇ ਤੈਨੂੰ ਪ੍ਰਵਾਨ ਹੈ ਤਾਂ ਪਹਿਲਾਂ ਸੁਣ ਲੈ। ਫੇਰ ਦੇਖ ਲਈਂ ਜੇ ਤੇਰਾ ਮਨ ਮੰਨਦਾ ਹੈ। ਠੀਕ ਹੈ ਤੇਰੇ ਪੁਰਾਣੇ ਸੰਸਕਾਰ ਐਨੇ ਜਬਰਦਸਤ ਨੇ, ਸਾਡੇ ਨਾਲ ਤੇਰਾ ਸਬੰਧ ਹੈ। ਪਰ ਫੇਰ ਵੀ ਅਸੀਂ ਚਿਤਾਵਨੀ ਦੇਣੀ ਚਾਹੁੰਦੇ ਹਾਂ।

ਕਹਿਣ ਲੱਗੇ, ਕਾਕਾ! ਅਜੇ ਤੇਰੀ ਉਮਰ ਛੋਟੀ ਹੈ, ਦਸਵੀਂ ਜਮਾਤ ਵਿਚ ਪੜ੍ਹਦਾ ਹੈਂ, ਇਹ ਜਿਹੜਾ ਫਕੀਰੀ ਦਾ ਰਾਹ ਹੈ ਇਹ ਬਹੁਤ ਔਖਾ ਹੈ।

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***
***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***
***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***
***ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।***
***ਪੀਹਣਿ ਹੋਇ ਜਦੀਦ ਪਾਣੀ ਢੋਵਣਾ।***
***ਪਖੇ ਦੀ ਤਾਗੀਦ ਪਗ ਮਲਿ ਧੋਵਣਾ।***
***ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।***
***ਦਰ ਦਰਵੇਸ ਰਸੀਦ ਪਿਰਮ ਰਸ ਭੋਵਣਾ।***
***ਚੰਦ ਮੁਮਾਰਖ ਈਦ ਪੁਗ ਖਲੋਵਣਾ॥***
***ਭਾਈ ਗੁਰਦਾਸ ਜੀ ਦੀ ਵਾਰ 3/18***

ਇਹਦੇ ਵਿਚ ਜੀਉਂਦੇ ਮਰਨਾ ਪੈਂਦਾ ਹੈ, ਸਾਰੇ ਦੁਖ ਸੁਖ ਝੱਲਣੇ ਪੈਂਦੇ ਨੇ। ਆਦਰ ਅਨਾਦਰ ਝੱਲਣਾ ਪੈਂਦਾ ਹੈ। ਤਿਆਗ ਕਰਨਾ ਪੈਂਦਾ ਹੈ। ਸੁਖਾਲਾ ਨਹੀਂ ਹੈ। ਸਿਦਕੀ ਤੇ ਸਬਰ ਇਹ ਸਾਰੇ ਗੁਣ ਧਾਰਨੇ ਪੈਣੇ ਨੇ। ਕਹਿੰਦੇ ਦੇਖ ਲੈ ਮੁਰਦਾ ਬਣਨਾ ਪੈਣਾ ਹੈ ਇਹਦੇ ਵਿਚ ਐਉਂ ਨਹੀਂ ਹੈ, ਸਾਧੂਆਂ ਕੋਲ ਆ ਕੇ ਰੋਟੀਆਂ ਖਾਂਦਾ ਰਿਹਾ ਤੇ ਸੁੱਤਾ ਰਿਹਾ। ਨੀਂਦ ਵੀ ਨਹੀਂ ਲੈਣੀ। ਉਸ ਵੇਲੇ ਮਹਾਰਾਜ ਜੀ ਚਰਨਾਂ ਤੇ ਢਹਿ ਪਏ ਕਹਿਣ ਲੱਗੇ ਮਹਾਰਾਜ! ਹੁਣ ਰੱਖ ਲਓ ਮੈਨੂੰ। ਅੱਗ ਜਲਦੀ ਹੈ ਬਾਹਰ। ਸੋ ਆਪ ਨੇ ਅੰਮ੍ਰਿਤ ਛਕਿਆ, ਪੰਜ ਪਿਆਰਿਆਂ ਨੇ ਨਾਮ ਦੀ ਦਾਤ ਦਿਤੀ ਤੇ ਮਹਾਂਪੁਰਸ਼ਾਂ ਨੇ ਬੁਲਾਇਆ। ਮਹਾਂ ਉਤਮ ਜਗਿਆਸੂ ਦੇਖਿਆ ਕਿ ਇਹ ਤਾਂ ਪੁੱਗਿਆ ਹੋਇਆ ਹੈ। ਪੂਰਾ ਹੀ

ਆਇਆ ਹੈ ਸਾਡੇ ਕੋਲ। ਅਧੂਰਾ ਨਹੀਂ ਆਇਆ। ਹੁਣ ਜਿਹੜਾ ਕੁਛ ਇਹਨੇ ਕਰਨਾ, ਸੰਸਾਰ ਨੂੰ ਸੁਮੱਤ ਦੇਣ ਵਾਸਤੇ ਕਰਨਾ ਹੈ। ਫੇਰ ਆਪ ਨੇ ਸਮਝਾਇਆ ਜੋਗ ਤੇ ਜੁਗਤ ਬਾਰੇ। ਕਿਵੇਂ ਜੋਗ ਕਰਨਾ ਹੈ ਕਿਵੇਂ ਪ੍ਰਮੇਸ਼ਰ ਨਾਲ ਜੁੜਨਾ ਹੈ। ਕਿਸ ਤਰ੍ਹਾਂ ਨਾਮ ਜਪਣਾ ਹੈ। ਅਸੀਂ ਕਹਿੰਦੇ ਤਾਂ ਹਾਂ ਕਿ ਨਾਮ ਜਪੋ, ਜਦ ਪਤਾ ਹੀ ਨਹੀਂ ਕਿ ਨਾਮ ਕਿਵੇਂ ਜਪੀਏ। ਜਿੰਨਾ ਚਿਰ ਕਿਸੇ ਨੇ ਸਮਝਾਇਆ ਹੀ ਨਹੀਂ, ਨਾਮ ਨਹੀਂ ਜਪ ਹੁੰਦਾ, ਸਾਧਸੰਗਤ ਜੀ, ਬੜਾ ਔਖਾ ਹੈ। ਇਹ ਅਗੰਮੀ ਰਸਤਾ ਹੈ। ਦੱਸੇ ਬਗੈਰ ਨਹੀਂ ਇਸ ਤੇ ਚੱਲ ਹੁੰਦਾ। ਉਹ ਵੀ ਦ੍ਰਿੜ੍ਹਤਾ ਹੋਵੇ, ਜਬਰਦਸਤ ਆਦਮੀ ਦੇ ਅੰਦਰ ਲਗਨ ਹੋਵੇ ਤਾਂ ਚਲਦਾ ਹੈ, ਨਹੀਂ ਰਸਤੇ ਵਿਚ ਰਹਿ ਜਾਂਦਾ ਹੈ।

***ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ॥***

***ਅੰਗ - 1369***

ਵਿਚਾਲੇ ਹੀ ਰਹਿ ਗਏ। ਆਏ ਤਾਂ ਸੀ ਮਿਲਣ ਵਾਸਤੇ। ਉਹ ਜੁਗਤ ਦਸਦੇ ਨੇ। ਧਿਆਨ ਦੇ ਨਾਲ ਸਰਵਣ ਕਰੋ ਕਿ ਜਿਸਦੇ ਮਨ ਵਿਚ ਨਾਮ ਜਪਣ ਦਾ ਸ਼ੌਕ ਹੈ। ਮਹਾਰਾਜ ਨੇ ਇਕ ਸ਼ਰਤ ਲਾ ਦਿਤੀ –

***ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ॥***

***ਅੰਗ - 728***

ਨਾਮ ਰੂਪੀ ਦੁਧ ਜੇ ਸਰੀਰ ਵਿਚ ਪਾਉਣਾ ਹੈ ਤਾਂ ਪਹਿਲਾਂ ਸਰੀਰ ਨੂੰ ਪਵਿੱਤਰ ਕਰੋ। ਇਹਦੇ ਵਿਚ ਗੁਣ ਲਿਆਓ, ਔਗੁਣ ਕੱਢੋ। ਪਾਣੀ ਦੇ ਨਾਲ ਧੋਣ ਤੇ ਨਹੀਂ ਮਨ ਪਵਿੱਤਰ ਹੋਇਆ ਕਰਦਾ। ਮਨ ਨੂੰ ਧੋਣਾ ਪੈਂਦਾ ਹੈ, ਨਾਮ ਜਪੁ ਸਿਮਰਨ ਰਾਹੀਂ। ਫੇਰ ਉਸ ਤੋਂ ਬਾਅਦ ਪੰਜ ਬਾਣੀਆਂ ਦਾ ਪਾਠ ਕਰ। ਉਸ ਤੋਂ ਬਾਅਦ ਜਿੰਨੀਆਂ ਪੜ੍ਹ ਹੁੰਦੀਆਂ ਨੇ ਪੜ੍ਹ। ਸੁਖਮਨੀ ਸਾਹਿਬ ਵੀ ਪੜ੍ਹ ਲੈ। ਆਸਾ ਦੀ ਵਾਰ ਵੀ ਯਾਦ ਕਰ ਲੈ। ਹੋਰ ਵੀ ਕਰ ਲੈ। ਵਿਹਲਾ ਨਾ ਰਹਿ। ਉਸ ਤੋਂ ਬਾਅਦ ਅਗਲੀ ਕਲਾਸ ਆ ਜਾਂਦੀ ਹੈ ਮਹਾਂਪੁਰਸ਼ ਕਹਿੰਦੇ ਹੁਣ ਤੂੰ ਐਉਂ ਕਰ। ਸ਼ੌਕ ਹੈਂਗਾ। ਕਹਿੰਦੇ ਹਾਂ ਜੀ। ਕਹਿੰਦੇ ਤੂੰ ਮੂਲਮੰਤਰ।

***ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਜਪੁ॥ ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥***

***ਅੰਗ - 1***

ਇਹਦੀਆਂ ਦੱਸ ਮਾਲਾ ਘੱਟ ਤੋਂ ਘੱਟ ਰੋਜ਼ ਕਰਨੀਆਂ ਹਨ। ਵੱਧ ਜਿੰਨੀਆਂ ਕਰ ਹੁੰਦੀਆਂ ਨੇ ਕਰੀ ਜਾਹ। ਮਹਾਰਾਜ ਜੀ ਦਾ ਇਹ ਤਰੀਕਾ ਹੁੰਦਾ, ਉਹ ਅੰਮ੍ਰਿਤ ਛਕਾਉਣ ਤੋਂ ਪਹਿਲਾਂ ਹੀ ਕਹਿ ਦਿੰਦੇ ਸੀ। ਤੂੰ ਨਾ ਸਵਾ ਲੱਖ ਪਾਠ ਕਰਕੇ ਆ ਸਾਡੇ ਕੋਲ। ਫੇਰ ਅਸੀਂ ਤੈਨੂੰ ਅੰਮ੍ਰਿਤ ਛਕਾਵਾਂਗੇ। ਸੋ ਉਹ ਪਹਿਲਾਂ ਤਿਆਰ ਕਰਦੇ। ਛੇ ਮਹੀਨੇ ਲਾਉਂਦੇ ਸੀ, ਬਈ ਐਨਾ ਪਾਠ ਕਰ ਲੈ। ਛੇ ਮਹੀਨੇ 'ਚ, ਸਵਾ ਲੱਖ ਪਾਠ ਤਾਂ ਛੇਤੀ ਹੀ ਹੋ ਜਾਂਦਾ ਹੈ ਸਵਾ ਮਹੀਨੇ 'ਚ। ਪੰਜ-ਪੰਜ ਲੱਖ ਪਾਠ ਕਰਾਉਂਦੇ ਸੀ। ਉਹ ਭਾਂਡਾ ਧੋਤਾ ਜਾਂਦਾ ਸੀ। ਫੇਰ ਉਹਨੂੰ ਨਾਮ ਦੀ ਦਾਤ ਦਿੰਦੇ ਸੀ। ਮੰਤ੍ਰ ਦਿੰਦੇ ਸੀ ਪੰਜ ਪਿਆਰੇ ਤੇ ਮਹਾਂਪੁਰਸ਼ ਜੁਗਤ ਦਸਦੇ ਸੀ ਕਿ ਨਾਮ ਕਿਵੇਂ ਜਪਣਾ ਹੈ। ਕਿਥੇ ਸੁਰਤ ਟਿਕਾਉਣੀ ਹੈ, ਕਿਸ ਤਰ੍ਹਾਂ ਬੈਠਣਾ ਹੈ। ਬੈਠਣ ਦਾ ਹੀ ਨਹੀਂ ਪਤਾ ਸਾਨੂੰ ਤਾਂ। ਜੇ ਬੈਠਣ ਦਾ ਨਹੀਂ ਪਤਾ ਨਾਮ ਚਲਦਾ ਹੀ ਨਹੀਂ ਹੈ ਕਿਉਂਕਿ ਇਹ ਸਾਰੀਆਂ ਚੀਜ਼ਾਂ ਸਾਇੰਟਿਫਿਕ ਨੇ ਐਵੇਂ ਅਟਕਲ ਪਚੂ ਬਾਤਾਂ ਨਹੀਂ। ਸਾਡੇ ਸਰੀਰ ਦੇ ਅੰਦਰ ਜਿਹੜਾ ਲਾਈਫ ਕਰੰਟ ਹੈ ਉਹ ਰੀੜ ਦੀ ਹੱਡੀ 'ਚ ਹੈ। ਜੇ ਰੀੜ ਦੀ ਹੱਡੀ ਸੁੰਨ ਹੋ ਜਾਏ ਲੱਤਾਂ ਚਲਦੀਆਂ ਹੀ ਨਹੀਂ। ਹੋਣਗੀਆਂ ਓਹੀ ਜਿਹੀਆਂ ਹੀ ਪਰ ਉਠ ਹੀ ਨਹੀਂ ਸਕਦਾ, ਕਿਉਂਕਿ ਉਨ੍ਹਾਂ 'ਚ ਕਮਜ਼ੋਰੀ ਆ ਗਈ, ਕਰੰਟ ਘਟ ਗਈ। ਰੀੜ੍ਹ ਦੀ ਹੱਡੀ ਦੇ ਹੇਠਲੇ ਪਾਸੇ ਕੁੰਡਲਨੀ ਹੈ ਜਿਥੋਂ ਸਾਰਾ ਕੁਛ ਕੰਟਰੋਲ ਹੁੰਦਾ ਹੈ। ਪਹਿਲੇ ਜ਼ਮਾਨਿਆਂ 'ਚ ਤਰੀਕੇ ਹੋਰ ਸੀ। ਉਹ ਸ੍ਵਾਸ ਦੇ ਬਲ ਨਾਲ ਚੜ੍ਹਦੇ ਸੀ ਉਹਦੇ ਵਿਚ। ਛੇ ਚੱਕਰ ਸੀਗੇ ਜਿਥੇ ਇਕਲਾ-ਇਕਲਾ ਭੇਦ ਕੇ, ਭੰਨ ਕੇ ਉਹਦੇ ਵਿਚ ਸ੍ਵਾਸ ਚੜ੍ਹਾਉਂਦੇ ਸੀ। ਬੈਠਣ ਦਾ ਵੀ ਤਰੀਕਾ ਹੁੰਦਾ। ਲੇਕਿਨ ਮਹਾਂਪੁਰਸ਼ਾਂ ਨੇ ਬਹੁਤ ਅਸਾਨ ਕਰ ਦਿਤਾ ਕਿ ਐਨਾ ਨਾ ਕਿਸੇ ਕੋਲ ਟਾਈਮ ਹੈ, ਨਾ ਕਰ ਸਕੇ, ਸਮੇਂ-ਸਮੇਂ ਸਿਰ ਚੀਜ਼ਾਂ ਬਦਲਦੀਆਂ ਰਹਿੰਦੀਆਂ ਨੇ। ਉਨ੍ਹਾਂ ਦਾ ਇਹ ਹੈ ਕਿ ਸੁਰਤ ਨੂੰ ਕਾਬੂ ਕਰੋ। ਕਿਉਂਕਿ ਹਰ ਵਕਤ ਸੋਚਦਾ ਹੈ –

***ਚਿੰਤਤ ਹੀ ਦੀਸੈ ਸਭੁ ਕੋਇ॥*** ***ਅੰਗ - 932***

ਉਹਦੇ ਵਾਸਤੇ ਮਹਾਂਪੁਰਸ਼ਾਂ ਦਸਦੇ ਨੇ ਕਿ ਪਹਿਲਾਂ ਭਾਈ ਤੂੰ ਆਪਣੇ ਬੈਠਣ ਦਾ ਪ੍ਰਬੰਧ ਕਰ ਸਹੀ। ਚੌਂਕੜਾ ਮਾਰ ਤੇ ਐਸੀ ਚੌਂਕੜੀ 'ਚ ਬੈਠ ਕਿ ਖੂਨ ਨਾ ਰੁਕ ਜਾਵੇ ਲੱਤਾਂ ਦਾ। ਫੇਰ ਲੱਤਾਂ ਹਿਲਾਏਂਗਾ, ਕਦੇ ਐਧਰ ਨੂੰ ਕਦੇ ਓਧਰ ਨੂੰ। ਉਹ ਤਰੀਕਾ ਦੱਸ ਦਿੰਦੇ ਨੇ। ਉਸ ਤੋਂ ਬਾਅਦ ਫੇਰ ਪਹਿਲਾਂ ਰਸਨਾ ਦਾ ਨਾਮ ਹੋਇਆ ਕਰਦਾ ਹੈ। ਰਸਨਾ ਦੇ ਨਾਮ ਨਾਲੋਂ ਸੌ ਗੁਣਾਂ ਫਲ ਜ਼ਿਆਦਾ ਹੋਇਆ ਕਰਦਾ ਹੈ, ਚੁੱਪ ਕਰਕੇ ਬੁੱਲ੍ਹ ਹਿਲਦੇ ਹੋਣ। ਉਸ ਤੋਂ ਸੌ ਗੁਣਾਂ ਫਲ ਹੋਇਆ ਕਰਦਾ ਹੈ, ਹਿਰਦੇ ਵਿਚ ਜਦੋਂ ਹੁੰਦਾ ਹੈ। ਉਸ ਤੋਂ ਸੌ ਗੁਣਾਂ ਫਲ ਹੋਇਆ ਕਰਦਾ ਹੈ ਨਾਭੀ 'ਚ ਜਪਣ ਦਾ। ਸੋ ਇਹ ਤਰੀਕੇ ਨੇ। ਜੁਗਤ ਸਮਝਾਉਂਦੇ ਨੇ।

ਮਹਾਂਪੁਰਸ਼ਾਂ ਦੇ ਪੰਜ ਪਿਆਰਿਆਂ ਨੂੰ ਪਤਾ ਹੁੰਦਾ ਹੈ ਕਿ ਇਨ੍ਹਾਂ ਨੂੰ ਹੁਣ ਆ ਜੁਗਤ ਦਸਣੀ ਹੈ ਨਾਮ ਜਪਣ ਦੀ। ਉਹ ਜੋਗ ਜੁਗਤ ਸਮਝਾਉਂਦੇ ਨੇ। ਕਹਿੰਦੇ ਐਵੇਂ ਨਾ ਫੁਰਨਿਆਂ ਦੇ ਵਿਚ ਪੈ ਜਾਈਂ। ਤੈਨੂੰ ਦੇਣਾ ਹੈ ਪ੍ਰਮੇਸ਼ਰ ਨੇ,

ਤੇਰੇ ਮੱਥੇ 'ਚ ਲਿਖਿਆ ਹੋਇਆ ਹੈ। ਵੱਧ ਨਹੀਂ ਤੂੰ ਲੈ ਸਕਦਾ ਹੈ, ਤੇਰਾ ਬਲ ਨਹੀਂ ਹੈ। ਥੋੜ੍ਹਾ ਖਾਹ ਪਾਣੀ ਅੰਨ੍ਹ, ਪੇਟ ਭਰ-ਭਰ ਕੇ ਨਾ ਖਾ। ਜੇ ਚਾਰ ਰੋਟੀਆਂ ਦੀ ਭੁੱਖ ਹੈ ਤਾਂ ਤਿੰਨ ਖਾ। ਜਿਹੜਾ ਭਜਨ ਕਰਨ ਵਾਲਾ ਹੈ, ਜੇ ਚਾਰ ਦੀ ਭੁੱਖ ਹੈ ਤਾਂ ਦੋ ਖਾਵੇ। ਥੋੜ੍ਹਾ ਖਾਵੇ।

ਫੇਰ ਇਹ ਨਹੀਂ ਸਾਰਾ ਦਿਨ ਗੱਪਾਂ ਮਾਰੀ ਜਾਵੇ। ਲੋਕਾਂ ਦੀਆਂ ਗੱਲਾਂ ਕਰੀ ਜਾਵੇ। ਸੋ ਮਹਾਰਾਜ ਕਹਿੰਦੇ ਨੇ ਭਾਈ ਗੁਰਦਾਸ ਜੀ ਦਸਦੇ ਨੇ -

***ਥੋੜਾ ਬੋਲਣ ਬੋਲ ਨਾ ਝਖਿ ਝਖਾਇਆ।***
***ਥੋੜੀ ਰਾਤੀ ਨੀਦ ਨ ਮੋਹਿ ਫਹਾਇਆ।***

***ਭਾਈ ਗੁਰਦਾਸ ਜੀ ਦੀ ਵਾਰ 20/15***

ਸਾਰੀ ਰਾਤ ਪਿਆ ਰਿਹਾ। ਮਹਾਰਾਜ ਕਹਿੰਦੇ ਐਉਂ ਨਹੀਂ ਪ੍ਰੇਮੀਆਂ, ਨੀਂਦ ਨੂੰ ਘਟਾ। ਜਦੋਂ ਥੋੜ੍ਹਾ ਅੰਨ੍ਹ ਖਾਏਂਗਾ, ਨੀਂਦ ਵੀ ਥੋੜ੍ਹੀ ਹੋ ਜਾਏਗੀ।

***ਨਾ ਮੋਹ ਫੁਰਾਇਆ।***
***ਸੋਹਣੇ ਅੰਦਰਿ ਜਾਇ ਨ ਲੋਭ ਲੁਭਾਇਆ॥***

***ਭਾਈ ਗੁਰਦਾਸ ਜੀ ਦੀ ਵਾਰ20/15***

ਸੁੰਦਰ ਵਸਤੂਆਂ ਦੇਖ-ਦੇਖ ਕੇ ਮਨ ਵਿਚ ਕੋਈ ਲੋਭ ਨਾ ਲਿਆ।

ਸੋ ਇਸ ਤਰ੍ਹਾਂ ਜਦੋਂ ਮਹਾਂਪੁਰਸ਼ਾਂ ਨੇ ਨਾਮ ਦੀ ਜੁਗਤ ਦੱਸੀ। ਉਸੇ ਵੇਲੇ ਬੈਠ ਗਏ ਆਪ। ਇਹ ਸਾਰੀਆਂ ਗੱਲਾਂ ਮਹਾਰਾਜ ਜੀ ਕਰਿਆ ਕਰਦੇ ਸੀ। ਐਨੀ ਲਗਨ ਲੱਗੀ ਕਿ ਸਾਡੇ ਨੇਤਰ ਹੀ ਨਾ ਖੁਲ੍ਹਣ। ਅੰਦਰ ਧੁਨ ਚਲ ਪਈ ਨਾਮ ਦੀ। ਉਹਦੇ ਵਿਚ ਹੀ ਬੈਠੇ ਰਿਹਾ ਕਰਨ।

ਵੱਡੇ ਮਹਾਰਾਜ ਰੇਰੂ ਸਾਹਿਬ ਵਾਲੇ ਰਾਤ ਨੂੰ, ਚਾਰ ਫੁੱਟ ਮੁਰੱਬਾ ਟੋਆ ਪੁਟਿਆ ਹੋਇਆ ਸੀ, ਉਹਦੇ ਵਿਚ ਬੈਠਦੇ ਹੁੰਦੇ। ਸਰਦੀਆਂ ਦੇ ਵਿਚ ਉਹਦੇ ਉਤੇ ਛਪਰੀ ਬੰਨ੍ਹ ਕੇ ਰੱਖ ਦਿੰਦੇ ਸੀ ਤੇ ਮਹਾਰਾਜ ਜੀ ਬਾਹਰ ਦਰਵਾਜ਼ੇ ਮੂਹਰੇ ਬੈਠੇ ਰਹਿੰਦੇ ਸੀ। ਬਹੁਤ ਘਾਲ ਕਮਾਈ ਕਰੀ ਤੇ ਅਵਸਥਾ ਪ੍ਰਾਪਤ ਕਰ ਲਈਆਂ ਜੋ ਨਾਮ ਵਾਲਿਆਂ ਨੂੰ ਪ੍ਰਾਪਤ ਹੁੰਦੀਆਂ ਨੇ।

ਇਹ ਨਹੀਂ ਹੈ ਕਿ ਅੰਮ੍ਰਿਤ ਛਕਿਆ। ਨਾਮ ਦਿੰਦੇ ਨੇ ਪੰਜ ਪਿਆਰੇ। ਮੁੜ ਕੇ ਪੁਛੋ ਪੰਜ ਪਿਆਰੇ ਨਾਮ ਦਿੰਦੇ ਨੇ। ਕਹਿੰਦਾ ਹੈ ਮੈਨੂੰ ਤਾਂ ਪਤਾ ਹੀ ਨਹੀਂ ਨਾਮ ਕੀ ਹੁੰਦਾ ਹੈ। ਫੇਰ ਕਈ ਬੰਦੇ ਮਿਲ ਜਾਂਦੇ ਨੇ ਕਹਿੰਦੇ, ਆਹ ਤੈਨੂੰ ਫਲਾਣੇ ਥਾਉਂ ਤੋਂ ਨਾਮ ਦਿਵਾ ਕੇ ਲਿਆਈਏ। ਧੋਖਾ ਖਾ ਜਾਂਦਾ ਹੈ, ਕਿਤੇ ਹੋਰ ਹੀ ਜਾ ਕੇ ਫਸ ਜਾਂਦਾ ਹੈ। ਗੁਰੂ ਨੂੰ ਛੱਡ ਜਾਂਦਾ ਹੈ, ਮਹਾਰਾਜ ਨੇ ਤਾਂ ਦੱਸ ਦਿਤਾ ਸਾਰਾ।

ਸੋ ਆਪ ਨੇ ਨਾਮ ਦੀ ਪ੍ਰਾਪਤੀ ਕਰਨ ਤੋਂ ਬਾਅਦ ਫੇਰ ਇਕ ਸਕਿੰਟ ਨਹੀਂ ਗਵਾਇਆ। ਦਿਨ ਰਾਤ ਹਰ ਵਕਤ ਨਾਮ ਜਪਦੇ ਨੇ।

ਇਕ ਵਾਰੀ ਮੇਰੇ ਕੋਲ ਚਿੱਠੀ ਆਈ ਦਿੱਲੀ ਤੋਂ। ਕੋਈ ਪ੍ਰੀਤਮ ਸਿੰਘ ਨਾਮ ਦੇ ਕਹਿਣ ਲੱਗੇ ਮਹਾਰਾਜ ਜੀ ਦਾ ਜੀਵਨ ਲਿਖਣਾ ਹੈ, ਤੁਹਾਡੇ ਨਾਲ ਕਾਫੀ ਰਹੇ ਨੇ ਤੁਸੀਂ ਸਾਖੀਆਂ ਭੇਜੋ। ਮੇਰੇ ਹੱਥ ਵਿਚ ਸੀ ਚਿੱਠੀ। ਮੈਂ ਕਿਹਾ ਮਹਾਰਾਜ ਇਹ ਚਿੱਠੀ ਆਈ ਹੈ ਦਿੱਲੀ ਤੋਂ। ਕਹਿੰਦੇ ਸਾਧੂ ਦੇ ਜੀਵਨ ਨੂੰ ਦੁਨੀਆਂ ਕੀ ਜਾਣਦੀ ਹੈ? ਉਹ ਤਾਂ ਆਹੀ ਹੈ, ਫਲਾਣੇ ਥਾਉਂ ਗਏ, ਫਲਾਣੇ ਥਾਉਂ ਦੀਵਾਨ ਲਾਇਆ। ਇਸ ਤੋਂ ਵੱਧ ਤਾਂ ਹੁੰਦਾ ਹੀ ਨਹੀਂ। ਮੈਂ ਕਿਹਾ ਕਿ ਅੱਜ ਮਹਾਂਪੁਰਸ਼ ਕੋਈ ਨਾ ਕੋਈ ਆਪਣਾ ਭੇਤ ਦੱਸਣਗੇ। ਪੁਛੀਏ। ਮੈਂ ਕਿਹਾ ਮਹਾਰਾਜ ਫੇਰ ਕਿਸ ਤਰ੍ਹਾਂ ਦੇ ਨਾਲ ਹੁੰਦਾ ਹੈ? ਕਹਿੰਦੇ ਅਸੀਂ ਨੌਂ ਸਾਲ ਪਿੱਠ ਨਹੀਂ ਲਾਈ ਧਰਤੀ ਨਾਲ। ਇਕ ਦੋ ਚਾਰ ਦਿਨ ਨਹੀਂ, ਮਹੀਨੇ ਦੋ ਮਹੀਨੇ ਨਹੀਂ, ਨੌਂ ਸਾਲ ਅਸੀਂ ਪਿੱਠ ਨਹੀਂ ਲਾਈ। ਕਹਿੰਦੇ ਕਿਸੇ ਨੂੰ ਵੀ ਨਹੀਂ ਪਤਾ। ਹਰ ਵਕਤ ਅਸੀਂ ਬੈਠੇ ਰਹਿੰਦੇ ਸੀ, ਮੰਜਾ ਡਿਠਿਆ ਹੁੰਦਾ, ਪਰ ਅਸੀਂ ਬੈਠੇ ਹੀ ਨਹੀਂ ਮੰਜੇ ਤੇ ਕਦੇ। ਮੈਂ ਕਿਹਾ ਮਹਾਰਾਜ ਫੇਰ ਸੌਣਾ ਵਗੈਰਾ ਕਿਵੇਂ ਹੈ? ਨੀਂਦ ਨਹੀਂ ਆਉਂਦੀ ਹੈ? ਕਹਿੰਦੇ ਸਿਰਫ ਪੰਜ ਮਿੰਟ ਨੀਂਦ ਹੁੰਦੀ ਹੈ ਸਾਧੂਆਂ ਦੀ। ਉਹਨੂੰ ਯੋਗ ਨੀਂਦ ਕਹਿੰਦੇ ਨੇ। ਉਹਦੇ ਵਿਚ ਜਿੰਨਾ ਗ੍ਰਹਿਸਤੀ ਅੱਠ ਘੰਟਿਆਂ 'ਚ ਸੌਂ ਕੇ ਠੀਕ ਹੁੰਦਾ, ਸਾਧੂ ਪੰਜ ਮਿੰਟ ਵਿਚ ਹੋ ਜਾਂਦੇ ਨੇ। ਕਹਿੰਦੇ ਉਹ ਵੀ ਅਸੀਂ ਖਤਮ ਕਰ ਦਿਤੀ ਸੀ। ਸੌਂਦੇ ਨਹੀਂ ਸੀ।

ਇਕ ਵਾਰੀ ਮਹਾਰਾਜ ਨਾਲ ਗੱਲ ਹੋਈ ਮੈਂ ਕਿਹਾ ਮਹਾਰਾਜ! ਮੰਜੇ ਤੇ ਤੁਸੀਂ ਪਏ ਹੁੰਦੇ ਓਂ ਤੇ ਨੀਂਦ ਤੁਹਾਡੀ ਖਤਮ ਹੋਈ ਹੋਈ ਹੈ। ਫੇਰ ਸਾਨੂੰ ਕਿਵੇਂ ਪਤਾ ਲੱਗੇ। ਕਹਿੰਦੇ ਅਸੀਂ ਪਏ ਨਹੀਂ ਹੁੰਦੇ, ਅਸੀਂ ਸਰੀਰ 'ਚੋਂ ਨਿਕਲ ਕੇ ਜਿਥੇ-ਜਿਥੇ ਸਾਨੂੰ ਕੋਈ ਯਾਦ ਕਰਦਾ ਹੈ, ਉਥੇ-ਉਥੇ ਜਾਂਦੇ ਹਾਂ। ਅਮਰੀਕਾ 'ਚ, ਇੰਗਲੈਂਡ 'ਚ ਹਰ ਥਾਂ ਦੇ ਉਤੇ ਬੈਠੇ ਯਾਦ ਕਰਦੇ ਨੇ। ਕਹਿੰਦੇ ਤਾਂ ਜੇ ਸਰੀਰ ਨੂੰ ਲਿਜਾਣਾ ਹੋਵੇ ਤਾਂ ਪਾਸਪੋਰਟ ਲੈਣਾ ਹੁੰਦਾ ਹੈ।

ਮੈਂ ਫੇਰ ਅਗਲਾ ਸਵਾਲ ਕਰਿਆ ਕਿ ਮਹਾਰਾਜ ਫੇਰ ਸਰੀਰ ਕਿਵੇਂ ਰਹਿੰਦਾ ਹੈ, ਜਦੋਂ ਤੁਸੀਂ ਚਲੇ ਜਾਂਦੇ ਓਂ? ਕਹਿੰਦੇ ਮਹਾਤਮਾ ਇਕ ਲਾਈਟ ਦੀ ਕਿਰਨ ਹੁੰਦੀ ਹੈ, ਉਹਨੂੰ ਅੰਗਰੇਜ਼ੀ ਵਿਚ ਸਿਲਵਰ ਕੋਡ ਕਹਿੰਦੇ ਨੇ। ਸਾਰੇ ਮਹਾਤਮਾ ਜਿਨ੍ਹਾਂ ਨੂੰ ਇਹ ਅਵਸਥਾਵਾਂ ਪ੍ਰਾਪਤ ਨੇ, ਉਹ ਸਭ ਚਲੇ ਜਾਂਦੇ ਨੇ ਸਰੀਰਾਂ 'ਚੋਂ। ਫੇਰ ਨਹੀਂ ਲੱਭਦੇ ਹੈਗੇ, ਪਤਾ ਨਹੀਂ ਕਿਥੇ ਗਏ ਹੁੰਦੇ ਨੇ। ਕਹਿੰਦੇ ਉਹ ਸਿਲਵਰ ਕੋਡ ਹੈ, ਉਹਦੇ ਨਾਲ ਸਰੀਰ ਜੀਉਂਦਾ ਰਹਿੰਦਾ ਹੈ। ਸੰਤਾਂ ਨੂੰ ਕਹਿੰਦੇ ਇਕ ਦਮ ਨਹੀਂ ਜਗਾਈਦਾ। ਉਹ ਸਰੀਰ ਵਿਚ ਤਾਂ ਹੁੰਦੇ ਨਹੀਂ, ਬਾਹਰ ਗਏ ਹੁੰਦੇ ਨੇ। ਜੇ ਕਿਤੇ ਸਿਲਵਰ ਕੋਡ ਟੁੱਟ ਜਾਵੇ, ਫੇਰ ਉਹ ਸਰੀਰ 'ਚ ਨਹੀਂ ਆਇਆ ਕਰਦੇ, ਬਾਹਰ ਹੀ ਰਹਿ ਜਾਂਦੇ ਨੇ।

ਬਾਬਾ ਰਾਮ ਰਾਇ ਕਹਿ ਗਿਆ ਸੇਵਕਾਂ ਨੂੰ ਕਿ ਅੱਠ ਦਿਨ ਨਹੀਂ ਮੈਂ ਆਉਣਾ, ਮੇਰੇ ਸਰੀਰ ਨੂੰ ਨਾ ਛੇੜਨਾ। ਉਹ

ਮਸੰਦ ਜਿਹੜੇ ਸੀ ਉਹ ਲਾਲਚੀ ਸੀ। ਮਾਤਾ ਪੰਜਾਬ ਕੌਰ ਦੇ ਕਹਿਣ ਦੇ ਬਾਵਜੂਦ ਉਨ੍ਹਾਂ ਤੀਸਰੇ ਚੌਥੇ ਦਿਨ ਸਰੀਰ ਚੁੱਕ ਲਿਆ ਉਨ੍ਹਾਂ ਦਾ ਉਥੋਂ। ਸਿਲਵਰ ਕੋਡ ਟੁੱਟ ਗਈ। ਗੁਰੂ ਦਸਵੇਂ ਪਾਤਸ਼ਾਹ ਨੂੰ ਪਤਾ ਲੱਗ ਗਿਆ ਕਿ ਇਨ੍ਹਾਂ ਨੇ ਆਪਣਾ ਗੁਰੂ ਮਾਰ ਦਿਤਾ। ਉਨ੍ਹਾਂ ਮਸੰਦਾਂ ਨੂੰ ਫੇਰ ਸਜ਼ਾ ਦਿਤੀ ਸੀ, ਤੇਲ 'ਚ ਸਾੜੇ ਸੀ ਕਿ ਗੁਰੂ ਦੀ ਹੱਤਿਆ ਕਰ ਦਿਤੀ ਤੁਸੀਂ।

ਮਹਾਰਾਜ ਕਹਿੰਦੇ ਸਿਲਵਰ ਕੋਡ ਹੁੰਦੀ, ਜਾ ਕੇ ਆਪਣੇ ਸਮੇਂ ਤੇ ਵਾਪਸ ਆ ਜਾਈਦਾ ਹੈ।

ਸੋ ਇਹ ਭਜਨ ਦੀਆਂ ਬਰਕਤਾਂ ਨੇ ਸਾਰੀਆਂ। ਭਾਈ ਗੁਰਦਾਸ ਜੀ ਲਿਖਦੇ ਨੇ-

***ਪਿਰਮ ਪਿਆਲਾ ਸਾਧ ਸੰਗ***
***ਸਬਦ ਸੁਰਤਿ ਅਨਹਦ ਲਿਵ ਲਾਈ॥***
***ਭਾਈ ਗੁਰਦਾਸ ਜੀ ਦੀ ਵਾਰ 11/8***

ਇਹ ਗੱਲਾਂ ਔਖੀਆਂ ਨੇ ਥੋੜ੍ਹੀਆਂ ਜਿਹੀਆਂ। ਭਜਨ ਕਰਨ ਵਾਲਿਆਂ ਨੂੰ ਤਾਂ ਪਤਾ ਹੈ ਸਾਧੂ ਸੰਤਾਂ ਨੂੰ ਕਿ ਸਬਦਿ ਸੁਰਤਿ ਕੀ ਹੁੰਦਾ ਹੈ। ਅਨਹਦ ਕੀ ਹੁੰਦਾ ਹੈ।

***ਧਿਆਨੀ ਚੰਦ ਚਕੋਰ ਗਤਿ ਅੰਮ੍ਰਿਤ ਦ੍ਰਿਸਟਿ ਸ੍ਰਿਸਟਿ ਵਰਸਾਈ।***
***ਭਾਈ ਗੁਰਦਾਸ ਜੀ ਦੀ ਵਾਰ 11/8***

ਜਿਵੇਂ ਚਕੋਰ ਚੰਦ ਨੂੰ ਦੇਖਦਾ ਰਹਿੰਦਾ ਹੈ, ਐਸ ਤਰ੍ਹਾਂ ਅੰਦਰਲੇ ਪਾਸੇ ਸਾਕਾਰ ਦਾ ਧਿਆਨ ਜੇ ਸੰਤ ਧਰਦੇ ਨੇ ਤਾਂ ਗੁਰੂ ਨਾਨਕ ਸਾਹਿਬ ਉਨ੍ਹਾਂ ਦੇ ਉਤੇ ਧਿਆਨ ਧਰਿਆ ਹੋਇਆ। ਕਿਉਂਕਿ ਹੁਕਮ ਹੈ ਗੁਰੂ ਗ੍ਰੰਥ ਸਾਹਿਬ ਦੇ ਅੰਦਰ-

***ਗੁਰ ਕੀ ਮੂਰਤਿ ਮਨ ਮਹਿ ਧਿਆਨੁ॥ ਅੰਗ - 864***

ਧਿਆਨ ਇਕ ਕਿਰਿਆ ਹੈ, ਜਿੰਨਾ ਚਿਰ ਧਿਆਨ ਦੀ ਕਿਰਿਆ 'ਚੋਂ ਨਹੀਂ ਲੰਘਦਾ ਓਨਾ ਚਿਰ ਅੱਗੇ ਦਾ ਰਾਹ ਨਹੀਂ ਮਿਲਦਾ। ਪਰ ਉਹ ਸੰਤਾਂ ਵਾਸਤੇ ਨਹੀਂ ਜਿਹੜੇ ਪਿਛਲੇ ਜਨਮਾਂ 'ਚ ਤਪਸਿਆ ਕਰਕੇ ਆਏ ਨੇ। ਉਹ ਪਹਿਲਾਂ ਹੀ ਉਪਰ ਚੜ੍ਹ ਜਾਂਦੇ ਨੇ। ਉਨ੍ਹਾਂ ਨੂੰ ਲੋੜ ਨਹੀਂ ਹੋਇਆ ਕਰਦੀ। ਉਨ੍ਹਾਂ ਨੂੰ ਟੀਚਰ ਵਾਂਗੂੰ ਲੋੜ ਹੁੰਦੀ ਹੈ, ਪਤਾ ਸਾਰਾ ਹੁੰਦਾ ਹੈ। ਲੇਕਿਨ ਹੇਠਾਂ ਨਹੀਂ ਰਹਿੰਦੇ, ਉਤੇ ਹੀ ਰਹਿੰਦੇ ਨੇ। ਉਤਲਾ ਭਜਨ ਕਰਦੇ ਨੇ।

***ਘਨਹਰ ਚਾਤ੍ਰਿਕ ਮੋਰ ਜਿਉ***
***ਅਨਹਦ ਧੁਨਿ ਸੁਣਿ ਪਾਇਲ ਪਾਈ।***
***ਭਾਈ ਗੁਰਦਾਸ ਜੀ ਦੀ ਵਾਰ 11/8***

ਹੁਲਾਰੇ ਲੈਂਦੇ ਨੇ ਅੰਦਰ ਨਾਮ ਜਪਦੇ ਹੋਏ। ਕਿਉਂਕਿ ਅੰਦਰ ਸ਼ਬਦ ਚਲ ਰਿਹਾ ਹੁੰਦਾ ਹੈ।

***ਚਰਣ ਕਵਲ ਮਕਰੰਦ ਰਸਿ ਸੁਖ ਸੰਪੁਟ ਹੁਇ ਭਵਰੁ ਸਮਾਈ।***
***ਭਾਈ ਗੁਰਦਾਸ ਜੀ ਦੀ ਵਾਰ 11/8***

ਨਾਮ ਦੀ ਐਨੀ ਸੁਗੰਧੀ ਹੁੰਦੀ ਹੈ ਆਦਮੀ ਦੇ ਅੰਦਰ। ਜਦੋਂ ਦਿਬਜ ਨਾਸਕਾ ਖੁਲ੍ਹ ਜਾਵੇ ਨਾ। ਇਕ ਤਾਂ ਆਹ ਅੱਖਾਂ ਨੇ ਸਾਡੀਆਂ, ਆਹ ਕੰਨ ਨੇ ਜਿਹੜੇ ਸਾਰਿਆਂ ਨੂੰ ਪਤਾ ਹੈ। ਇਕ ਇਨ੍ਹਾਂ ਦੇ ਥੱਲੇ ਦਿਬਜ ਨੇਤਰ ਨੇ। ਦਿਬਜ ਕੰਨ ਨੇ, ਦਿਬਜ ਨਾਸਕਾ ਹੈ, ਦਿਬਜ ਸਪਰਸ਼ ਹੈ। ਉਹ ਦਿਬਜ ਨਾਸਕਾ ਜਿਸ ਵਕਤ ਪ੍ਰਗਟ ਹੋ ਜਾਂਦੀ ਹੈ। ਸੁਗੰਧੀਆਂ ਹੀ ਆਉਂਦੀਆਂ ਨੇ ਬਾਹਰ। ਦੇਖਦਾ ਹੈ ਕਿ ਇਥੇ ਫੁੱਲ ਫਲ ਤਾਂ ਹੈ ਨਹੀਂ, ਸੁਗੰਧੀਆਂ ਕਿਥੋਂ ਆ ਰਹੀਆਂ ਨੇ। ਉਹ ਅੰਦਰੋਂ ਹੀ ਹੋਇਆ ਕਰਦੀਆਂ ਨੇ। ਉਹਦੇ ਵਿਚ ਮਸਤ ਹੋ ਜਾਂਦਾ ਹੈ ਜਿਵੇਂ ਭਉਰਾ ਹੁੰਦਾ ਹੈ।

***ਸੁਖ ਸਾਗਰ ਵਿਚਿ ਮੀਨ ਹੋਇ ਗੁਰਮੁਖਿ ਚਾਲਿ ਨ ਖੋਜ ਖੁਜਾਈ।***
***ਭਾਈ ਗੁਰਦਾਸ ਜੀ ਦੀ ਵਾਰ 11/8***

ਜਿਵੇਂ ਮੱਛੀ ਸਮੁੰਦਰ 'ਚ ਮਸਤ ਹੁੰਦੀ ਹੈ ਐਉਂ ਨਾਮ ਦੇ ਸਮੁੰਦਰ ਵਿਚ ਨਾਮ ਜਪਣ ਵਾਲੇ ਹੁੰਦੇ ਨੇ। ਪ੍ਰਮੇਸ਼ਰ ਤੋਂ ਬਾਹਰ ਨਹੀਂ ਨਿਕਲਦੇ। ਆਪਣਾ ਆਪਾ ਗਵਾਇਆ ਹੁੰਦਾ ਹੈ ਅਤੇ ਪ੍ਰਮੇਸ਼ਰ ਹੀ ਪ੍ਰਮੇਸ਼ਰ ਹੁੰਦਾ ਹੈ। ਫੁਰਨਾ ਮਹਾਂਪੁਰਸ਼ ਨਹੀਂ ਕਰਦੇ। ਫੁਰਨਾ ਵਾਹਿਗੁਰੂ ਕਰਾਉਂਦਾ ਹੈ। ਉਹ ਤਾਂ ਹੁਕਮ ਕਰਾਉਂਦਾ ਹੈ, ਹੁਕਮ ਉਨ੍ਹਾਂ ਤੋਂ ਘਰ ਬਾਰ ਕਰਾਉਂਦਾ ਹੈ। ਸੰਤ ਤਾਂ ਕੁਛ ਵੀ ਨਹੀਂ ਕਰਦੇ, ਜਿਹੜਾ ਹੈ ਨਹੀਂ ਉਹਨੇ ਕਰਨਾ ਕੀ ਹੈ। ਉਹਦਾ ਸਰੀਰ ਜਾਂਦਾ ਹੈ, ਸਾਰਾ ਕੰਮ ਕਰਦੇ ਨੇ। ਦੁਨੀਆਂ ਨੂੰ ਇਹ ਗੱਲ ਸਮਝ ਵਿਚ ਨਹੀਂ ਆਉਂਦੀ। ਏਸ ਕਰਕੇ ਕਿਉਂਕਿ ਉਹ ਹੁਕਮ ਸਰੀਰ ਰਾਹੀਂ ਚਲਦਾ ਹੈ। ਚਲਦਾ ਸਾਡੇ ਵਿਚ ਵੀ ਹੈ ਪਰ ਅਸੀਂ ਗਲਤੀ ਨਾਲ ਕਹਿੰਦੇ ਹਾਂ ਮੈਂ ਕਰਦਾ ਹੈ।

***ਅਪਿਓ ਪੀਅਣ ਨਿਝਰ ਝਰਣ ਅਜਰੁ ਜਰਣ ਨਾ ਅਲਖੁ ਲਖਾਈ।***
***ਭਾਈ ਗੁਰਦਾਸ ਜੀ ਦੀ ਵਾਰ 11/8***

ਐਨੀ ਅੰਮ੍ਰਿਤ ਦੀ ਵਰਖਾ ਹੁੰਦੀ ਹੈ, ਸਹਿਣਾ ਔਖਾ ਹੋ ਜਾਂਦਾ ਹੈ, ਉਠ-ਉਠ ਜਾਂਦਾ ਹੈ।

ਬੀਜੀ (ਬੀਬੀ ਰਣਜੀਤ ਕੌਰ ਜੀ) ਦੇ ਪਿਤਾ ਜੀ ਨਾਮ ਜਪ ਰਹੇ ਸੀ। ਜਪਦੇ-ਜਪਦੇ ਜਿਸ ਵਕਤ ਅਜਰ ਜਰਨ ਦੀ ਬਾਤ ਆਈ ਉਸ ਵੇਲੇ ਉਠ ਕੇ ਧਰਤੀ ਛੱਡ ਦਿਤੀ, ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਬੈਠੇ ਸੀ ਜਾ ਕੇ ਛੱਤ ਨਾਲ ਲੱਗ ਗਏ। ਫੇਰ ਹੇਠਾਂ ਆ ਗਏ। ਦੁਬਾਰਾ ਫੇਰ ਲਗ ਗਏ। ਗੁਰਦੁਆਰੇ ਦੀ ਕੰਧ ਦੀ ਛੱਤ ਦੇ ਨਾਲ ਹੋ ਕੇ, ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਆ ਕੇ ਲੰਮੇ ਪੈ ਗਏ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਦੇ ਨੇ ਕਿ ਕੀਰਤਨ ਹੋ ਰਿਹਾ ਸੀ। ਐਸੀ ਉਨ੍ਹਾਂ ਦੇ ਅੰਦਰੋਂ ਝੁਣ-ਝੁਣੀ ਬਾਹਰ ਨਿਕਲੀ, ਕਰੰਟ ਨਿਕਲੀ ਕਿ ਸਾਰੀ ਸੰਗਤ ਝੁਣ-ਝੁਣੀਆਂ ਲੈਣ ਲਗ ਗਈ। ਛੇ ਘੰਟੇ ਕੋਈ ਨਾ ਹਿਲਿਆ ਕਹਿੰਦੇ। ਥੋੜ੍ਹੀ ਦੇਰ ਬਾਅਦ ਲਾਈਟ ਦਾ ਗੋਲਾ ਜਿਹਾ ਨਿਕਲ ਕੇ ਗੁਰਦੁਆਰੇ 'ਚ ਫੈਲ ਜਾਵੇ। ਐਨੀ ਉਨ੍ਹਾਂ 'ਚ ਸ਼ਕਤੀ ਆ ਗਈ। ਜੇ ਕਿਸੇ ਨੇ ਕਿਹਾ ਕਿ ਮੇਰਾ ਨਾਮ ਨਹੀਂ ਚਲਦਾ ਬਾਪੂ, ਕੋਈ ਚਾਚਾ ਕਹਿੰਦਾ ਸੀ। ਉਨ੍ਹਾਂ ਨੇ ਹੱਥ ਪਿਠ ਤੇ ਰੱਖ ਦੇਣਾ, ਉਹ ਬੰਦਾ ਲਿਟਣ ਲਗ ਜਾਂਦਾ ਸੀ ਉਸੇ ਵੇਲੇ। 24 ਘੰਟੇ ਨਹੀਂ ਸੀ ਉਠਦਾ। ਅੰਮ੍ਰਿਤ

ਛਕਾਉਣ ਲੱਗੇ, ਜਦੋਂ ਨੇਤਰਾਂ ਵਲ ਦੇਖ ਕੇ ਛਿੱਟਾ ਮਾਰਿਆ। ਬੋਲੇ ਕਹੁ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ। ਉਸ ਬੱਚੇ ਤੋਂ ਬੋਲ ਨਾ ਹੋਇਆ। ਭਾਈ ਸਾਹਿਬ ਨੇ ਉਨ੍ਹਾਂ ਨੂੰ ਦੇਖ ਲਿਆ, ਕਹਿਣ ਲੱਗੇ ਕਿ ਸੰਤਹੁ ਇਹ ਕੀ ਹੋ ਗਿਆ? (ਉਨ੍ਹਾਂ ਨੂੰ ਸੰਤ ਕਹਿੰਦੇ ਸੀ ਉਹ। ਦੁਨੀਆਂ ਭਰ 'ਚ ਕਿਸੇ ਨੂੰ ਸੰਤ ਨਹੀਂ ਕਿਹਾ ਉਨ੍ਹਾਂ ਨੇ।) ਕਹਿੰਦੇ ਤਾਕਤ ਜ਼ਿਆਦਾ ਲਗ ਗਈ ਸਾਡੇ ਤੋਂ। ਕਹਿੰਦੇ ਹੁਣ? ਕਹਿੰਦੇ ਹੁਣ ਤਾਂ 56 ਘੰਟੇ ਸੁਰਤ ਨਹੀਂ ਇਹਦੀ ਉਤਰਨੀ ਹੇਠਾਂ। ਚੁੱਕ ਕੇ ਪਰ੍ਹੇ ਬਿਠਾ ਦਿਤਾ। ਲੁਧਿਆਣੇ ਖਾਲਸਾ ਸਕੂਲ ਦੀ ਗੱਲ ਹੈ। ਬੱਚਿਆਂ ਨੂੰ ਅੰਮ੍ਰਿਤ ਛਕਾ ਦਿਤਾ। ਉਸ ਤੋਂ ਬਾਅਦ ਅਖੰਡ ਪਾਠ ਸ਼ੁਰੂ ਹੋ ਗਏ ਤੇ ਜਦੋਂ 56 ਘੰਟੇ ਹੋਏ ਕੀਰਤਨ ਕਰ ਰਹੇ ਨੇ ਤਾਂ ਉਹ ਬੱਚਾ ਹਿਲਿਆ। ਹਿੱਲ ਕੇ ਸੰਗਤ ਦੇ ਉਤੇ ਐਉਂ ਤੈਰਨ ਲਗ ਗਿਆ ਜਿਵੇਂ ਮੱਛੀ ਪਾਣੀ 'ਚ ਤੈਰਦੀ ਹੈ। ਭਾਈ ਸਾਹਿਬ ਕਹਿੰਦੇ ਸਾਡੇ ਸੀਸ ਤੋਂ ਹੋ ਕੇ, ਵਾਜਿਆਂ ਤਬਲਿਆਂ ਦੇ ਉਤੋਂ ਦੀ ਹੋ ਕੇ, ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਲੰਮਾ ਪੈ ਗਿਆ। ਬਾਪੂ ਜੀ ਉਠ ਕੇ ਆਏ, ਕਹਿਣ ਲੱਗੇ ਭਾਈ ਸਾਹਿਬ, ਲਾਵਾਂ ਦਾ ਕੀਰਤਨ ਸ਼ੁਰੂ ਕਰੋ। ਇਹਦੀ ਰੂਹ ਏਸ ਵੇਲੇ ਅਕਾਲਪੁਰਖ ਦੇ ਦਰ ਤੇ ਖੜ੍ਹੀ ਸੰਜੋਗ ਮੰਗ ਰਹੀ ਹੈ।

ਕਿਥੇ ਪਹੁੰਚਾ ਦਿਤੇ ਨਾਮ ਨੇ। ਸੋ ਇਨ੍ਹਾਂ ਚੀਜ਼ਾਂ ਦੀ ਸਾਨੂੰ ਸੋਝੀ ਨਹੀਂ ਹੈ ਸਾਧਸੰਗਤ ਜੀ।

ਸੋ ਸੰਤ ਮਹਾਰਾਜ ਜੀ ਨੇ ਐਸ ਤਰ੍ਹਾਂ ਦਾ ਭਜਨ ਕੀਤਾ। ਅਸੀਂ ਤਾਂ ਸੋਚ ਵੀ ਨਹੀਂ ਸਕਦੇ ਕਿ ਕਰ ਲਵਾਂਗੇ। ਤਿੰਨ-ਤਿੰਨ ਸਾਲ ਆਪ ਬੋਲਦੇ ਨਹੀਂ ਸੀ ਹੁੰਦੇ। ਅੰਦਰ ਬੈਠੇ ਰਹਿੰਦੇ ਸੀ। ਪਹਿਲੀ ਵਾਰੀ ਬਾਬਾ ਜਵਾਲਾ ਸਿੰਘ ਆਏ ਉਹ ਕਹਿਣ ਲੱਗੇ ਕਿ ਤੁਸੀਂ ਤਿੰਨ ਸਾਲ ਨਾ ਬੋਲੋ। ਦੂਸਰੀ ਵਾਰੀ ਆਏ ਕਹਿਣ ਲੱਗੇ, ਤੁਸੀਂ ਇਕ ਘੰਟਾ ਸੰਗਤ ਨੂੰ ਮਿਲ ਲਿਆ ਕਰੋ। ਸੰਗਤਾਂ ਦਾ ਵੀ ਉਧਾਰ ਕਰਨਾ ਹੈ। ਫੇਰ ਆਪ ਇਕ ਘੰਟਾ ਮਿਲਣ ਲੱਗ ਗਏ। ਤੀਸਰੀ ਵਾਰੀ ਆਏ, ਕਹਿਣ ਲੱਗੇ ਤੁਸੀਂ ਹੁਣ ਕ੍ਰਿਪਾ ਕਰੋ, ਥੋੜ੍ਹਾ ਕੀਰਤਨ ਕਰਨ ਲਗ ਜਾਓ। ਸੋ ਇਸ ਤਰ੍ਹਾਂ ਦੇ ਨਾਲ ਆਪ ਨੇ ਘਾਲ ਕਮਾਈ ਕੀਤੀ।

ਇਕ ਵਾਰੀ ਮਹਾਰਾਜ ਜੀ ਨਾਲ ਗੱਲ ਹੋਈ, ਕਹਿਣ ਲੱਗੇ ਜਿਸ ਵਕਤ ਸ਼ਕਤੀਆਂ ਦਾ ਮੰਡਲ ਆਉਂਦਾ ਹੈ ਨਾ ਉਹ ਸਾਂਭਣਾ ਬੜਾ ਔਖਾ ਹੋ ਜਾਂਦਾ ਹੈ। ਕਿਉਂਕਿ ਬਹੁਤ ਸੰਤ ਤਾਂ ਸ਼ਕਤੀਆਂ 'ਚ ਫਸਦੇ ਨੇ। ਕਹਿਣ ਲੱਗੇ, ਜਦੋਂ ਸਾਡੇ ਕੋਲ ਆਈਆਂ। ਕਹਿੰਦੇ ਆਵਾਜ਼ ਆਈ ਕਿ ਮੈਨੂੰ ਅੰਗੀਕਾਰ ਕਰ ਲੈ। ਮੈਂ ਪ੍ਰੇਰਨਾ ਸ਼ਕਤੀ ਹਾਂ, ਦੁਨੀਆਂ ਦੇ ਵਿਚ ਜਿਹਦੇ ਵਲ ਵੀ ਤੂੰ ਫੁਰਨਾ ਕਰੇਂਗਾ ਉਹਨੂੰ ਤੇਰੇ ਚਰਨਾਂ 'ਚ ਲੈ ਆਇਆ ਕਰਾਂਗੇ। ਕਹਿੰਦੇ ਅਸੀਂ ਧਿਆਨ ਹੀ ਨਾ ਦਿਤਾ ਅਸੀਂ ਨਾਮ ਦੀ ਮਸਤੀ 'ਚ ਸੀ। ਦੂਸਰੀ ਸ਼ਕਤੀ ਆਈ ਕਹਿਣ ਲੱਗੀ ਮੈਂ ਅੰਤਰਜਾਮਤਾ ਹਾਂ, ਹਜ਼ਾਰਾਂ ਮੀਲਾਂ ਤੇ ਬੈਠੇ ਦੀਆਂ ਦਿਲ ਦੀਆਂ ਗੱਲਾਂ ਦੱਸ ਦਿਆ ਕਰਾਂਗੀ ਕਿ ਫਲਾਣਾ ਇਹ ਸੋਚ ਰਿਹਾ ਹੈ। ਵਾਰੀ-ਵਾਰੀ ਸ਼ਕਤੀਆਂ ਆਉਂਦੀਆਂ ਨੇ। ਕਹਿੰਦੇ ਅਸੀਂ ਨੇਤਰ ਵੀ ਨਾ ਕਰੇ। ਕਹਿੰਦੇ ਅਖੀਰ ਰੂਪ ਧਾਰ ਕੇ ਆ ਗਈਆਂ, ਬੀਬੀਆਂ ਦਾ। ਹੱਥ ਬੰਨ੍ਹੀ ਜਾਣ, ਪਰ ਸਾਡੇ ਅੰਦਰ ਕਹਿੰਦੇ ਐਨਾ ਵੈਰਾਗ ਸੀ ਕਿ ਅਸੀਂ ਨਿਗ੍ਹਾ ਚੁੱਕ ਕੇ ਵੀ ਨਾ ਦੇਖਿਆ। ਅਖੀਰ ਕੀ ਹੁੰਦਾ ਹੈ?

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ॥ ਅੰਗ - 649***

ਜਿਹਦੇ ਹਿਰਦੇ 'ਚ ਨਾਮ ਵਸ ਗਿਆ ਨਾ, ਆਹ ਰਿਧੀਆਂ ਸਿੱਧੀਆਂ ਬੇਨਤੀਆਂ ਕਰਦੀਆਂ ਫਿਰਦੀਆਂ ਨੇ। ਮਿੰਨਤਾਂ ਕਰਦੀਆਂ ਨੇ ਕਿ ਮਹਾਰਾਜ ਮੇਰੇ ਤੋਂ ਵੀ ਸੇਵਾ ਲਓ, ਮੇਰੇ ਤੋਂ ਵੀ ਲਓ। ਦਾਸੀਆਂ ਬਣ ਜਾਂਦੀਆਂ ਨੇ।

ਮਹਾਰਾਜ ਜੀ ਦੇ ਕੋਲ ਕਲਕੱਤੇ ਇਕ ਡਰਾਈਵਰ ਹੁੰਦਾ, ਭੁਚੋਮੰਡੀ ਦਾ ਸੀ। ਡਰਾਈਵਰਾਂ ਨੂੰ ਰਾਤ ਨੂੰ ਟਰੱਕ ਚਲਾਉਣੇ ਪੈਂਦੇ ਨੇ। ਕੁਦਰਤੀ ਤੌਰ ਤੇ ਸਰੀਰ ਖਰਾਬ ਕਰ ਬੈਠਦੇ ਨੇ। ਨਸ਼ੇ ਖਾਣ ਲਗ ਜਾਂਦੇ ਨੇ। ਉਨ੍ਹਾਂ ਨਾਲ ਹੌਲੀ ਹੌਲੀ ਸਰੀਰ ਗਰਕ ਹੋ ਜਾਂਦਾ ਹੈ। ਦੋ ਚੀਜ਼ਾਂ ਵਧ ਜਾਂਦੀਆਂ ਨੇ -

***ਕਾਮੁ ਕ੍ਰੋਧੁ ਕਾਇਆ ਕਉ ਗਾਲੈ॥***
***ਜਿਉ ਕੰਚਨ ਸੋਹਾਗਾ ਢਾਲੈ॥ ਅੰਗ - 741***

ਬਿਰਤੀਆਂ ਗਲਤ ਹੋ ਜਾਂਦੀਆਂ ਨੇ। ਚਰਿੱਤਰ ਰਹਿੰਦਾ ਨਹੀਂ ਹੈ, ਫੇਰ ਰੋਗਾਂ ਦਾ ਸ਼ਿਕਾਰ ਹੋ ਜਾਂਦਾ ਹੈ। ਉਸ ਪ੍ਰੇਮੀ ਨੂੰ ਟੀ.ਬੀ ਹੋ ਗਈ। ਇਲਾਜ ਕਰਾਇਆ ਉਸ ਨੇ ਕਲਕੱਤੇ ਰਹਿ ਕੇ। ਡਾਕਟਰ ਕਹਿਣ ਲੱਗਿਆ, ਮਹਿੰਦਰ ਸਿੰਘਾ ਤੇਰਾ ਪਿੰਡ ਬਠਿੰਡੇ 'ਚ ਹੈ। ਕਹਿੰਦਾ ਹਾਂ। ਕਹਿੰਦੇ ਮੈਂ ਤੈਨੂੰ ਸਲਾਹ ਦੇਵਾਂ ਤੇਰੀ ਜ਼ਿੰਦਗੀ 10 ਦਿਨ ਹੋਰ ਹੈ ਸਾਡੇ ਹਿਸਾਬ ਨਾਲ। ਇਥੇ ਮਰੇ ਪਏ ਨੂੰ ਲਿਜਾਣਾ ਬਹੁਤ ਔਖਾ ਹੋਏਗਾ। ਤੀਸਰੀ ਸਟੇਜੀ ਟੀ.ਬੀ. ਹੋ ਗਈ, ਤੇਰੇ ਫੇਫੜੇ ਦੇ ਵਿਚ ਕੋਈ ਥਾਂ ਨਹੀਂ ਜਿਥੇ ਨਾ ਅਸਰ ਹੋਇਆ ਹੋਵੇ। ਛਾਨਣੀ-ਛਾਨਣੀ ਹੋਇਆ ਪਿਆ ਹੈ ਫੇਫੜਾ ਤੇਰਾ। ਤੈਨੂੰ ਮੈਂ ਸਲਾਹ ਦਿੰਦਾ ਹਾਂ ਕਿ ਤੂੰ ਕੱਲ੍ਹ ਨੂੰ ਗੱਡੀ ਚੜ੍ਹ ਜਾਹ ਤੇ ਆਪਣੇ ਪਿੰਡ ਜਾ ਕੇ ਸੁਆਸ ਛੱਡ ਦੇ। ਘਰਦਿਆਂ ਨੂੰ ਬਿਪਤਾ ਪਾਏਂਗਾ। ਮਨ ਲਈ ਉਸ ਨੇ ਗੱਲ। ਚੱਲਿਆ ਤਾਂ ਅੰਬਾਲੇ ਆ ਗਿਆ। ਕੋਈ ਪ੍ਰੇਮੀ ਉਸ ਕੋਲ ਬੈਠਾ ਸੀ, ਮਹਾਤਮਾ ਦੀਆਂ ਗੱਲਾਂ ਕਰਨ ਲਗ ਗਿਆ ਕਿ ਸੰਤ ਰੇਖ 'ਚ ਮੇਖ ਮਾਰ ਦਿੰਦੇ ਨੇ। ਉਹ ਜੇ ਚਾਹੁੰਣ ਤਾਂ ਦੁਖ ਵੀ ਦੂਰ ਕਰ ਦਿੰਦੇ ਨੇ, ਕਿੱਡਾ ਹੀ ਵੱਡਾ ਦੁਖ ਕਿਉਂ ਨਾ ਹੋਵੇ।

ਡਾਕਟਰ ਜਵਾਬ ਦੇ ਦੇਣ, ਸੰਤ ਕਹਿ ਦਿੰਦੇ ਨੇ ਤੂੰ ਰਾਜ਼ੀ ਹੋ ਜਾਏਂਗਾ, ਫਿਕਰ ਨਾ ਕਰ। ਉਹ ਹੈਰਾਨ ਨੇ, ਡਾਕਟਰ ਨੇ ਦਵਾਈ ਕੋਈ ਨਹੀਂ ਦਿੱਤੀ। ਇਹ ਕਿਹੜੀ ਚੀਜ਼ ਹੋਈ ਜਿਸ ਨਾਲ ਰਾਜ਼ੀ ਹੋ ਗਏ। ਇਹ ਅਰੋਗ ਕਰਨ ਦੀ ਸ਼ਕਤੀ (ਹੀਲਿੰਗ ਪਾਵਰ) ਕਹਿੰਦੇ ਨੇ। ਮਹਾਤਮਾ 'ਚ ਕੁਦਰਤੀ ਤੌਰ ਤੇ ਆ ਜਾਇਆ ਕਰਦੀ ਹੈ। ਜਿਸ ਵਕਤ ਅੰਬਾਲੇ ਆਇਆ, ਗੱਡੀ ਬਦਲਣੀ ਸੀ ਬਠਿੰਡੇ ਵਾਲੀ। ਕਹਿੰਦਾ ਕੋਈ ਸੰਤ ਹੈ? ਮਹਾਰਾਜ ਜੀ ਨੂੰ ਜਾਣਦਾ ਸੀ। ਕਹਿੰਦਾ ਹਾਂ, ਰਾੜੇ ਸਾਹਿਬ ਨੇ। ਐਸ ਵੇਲੇ ਬਹੁਤ ਚੜ੍ਹਦੀ ਕਲਾ ਹੈ ਉਨ੍ਹਾਂ ਦੀ। ਕਹਿਣ ਲੱਗਿਆ ਮੈਨੂੰ ਸਟੇਸ਼ਨ ਦਸਦੇ ਕਿਹੜਾ ਹੈ ਮੈਂ ਟਿਕਟ ਲੈ ਲੈਂਦਾ ਹਾਂ। ਜਾ ਕੇ ਲਿਆ ਦੇ, ਮੇਰੇ ਤੋਂ ਤਾਂ ਤੁਰ ਨਹੀਂ ਹੁੰਦਾ। ਉਹਨੇ ਦੁਰਾਹੇ ਦਾ ਟਿਕਟ ਲਿਆ ਦਿਤਾ। ਦੱਸ ਦਿਤਾ ਕਿ ਉਥੋਂ ਕੋਈ ਸਵਾਰੀ ਤਾਂ ਜਾਂਦੀ ਨਹੀਂ, ਦੇਖ ਲਈ ਜੇ ਕੋਈ ਸਵਾਰੀ ਮਿਲ ਗਈ। ਉਨ੍ਹਾਂ ਦਿਨਾਂ ਵਿਚ ਘੱਟ ਹੀ ਸੀ ਬੱਸਾਂ ਵਗੈਰਾ। ਉਹ ਦੁਰਾਹੇ ਉਤਰਿਆ ਤਾਂ ਰਿਕਸ਼ਾ ਮਿਲ ਗਿਆ ਉਹਨੂੰ। ਕਹਿੰਦਾ ਮੈਨੂੰ ਰਾੜੇ ਸਾਹਿਬ ਲੈ ਚਲ। ਉਥੇ ਆ ਗਿਆ ਤਾਂ ਮਹਾਰਾਜ ਜੀ ਕੁਰਸੀ ਤੇ ਬੈਠੇ ਸੀ। ਉਥੇ ਬੈਠਾ ਰਿਹਾ, ਟਾਈਮ ਦੇ ਦਿਤਾ ਉਹਨੂੰ। ਕਹਿਣ ਲੱਗੇ, ਤੂੰ ਪ੍ਰੇਮੀਆਂ ਕਿਥੋਂ ਆਇਆ ਹੈਂ, ਅੱਗੇ ਤਾਂ ਕਦੇ ਦੇਖਿਆ ਨਹੀਂ? ਕਹਿਣ ਲੱਗਿਆ, ਮਹਾਰਾਜ, ਮੈਂ ਬੜਾ ਦੁਖੀ ਹਾਂ, ਮੈਂ ਕਲਕੱਤੇ ਤੋਂ ਆਇਆ ਹਾਂ, ਮੈਂ ਤੁਹਾਡੇ ਦੀਵਾਨ ਉਥੇ ਸੁਣਦਾ ਰਿਹਾ ਹਾਂ।

ਮਹਾਰਾਜ ਨੇ ਪੁਛਿਆ, ਕੀ ਗੱਲ ਹੈ?

ਕਹਿਣ ਲੱਗਿਆ, ਮਹਾਰਾਜ! ਮੈਨੂੰ ਡਾਕਟਰ ਨੇ ਕਹਿ ਦਿਤਾ ਕਿ ਤੇਰੀ ਦੱਸ ਦਿਨ ਉਮਰ ਹੋਰ ਹੈ, ਸਾਡੇ ਹਿਸਾਬ ਨਾਲ ਤੇ ਤੂੰ ਘਰ ਜਾ ਕੇ ਪ੍ਰਾਣ ਛੱਡ। ਮੈਨੂੰ ਤੀਸਰੇ ਦਰਜੇ ਦੀ ਟੀਬੀ ਹੋ ਚੁਕੀ ਹੈ। ਇਲਾਜ ਨਹੀਂ ਹੋਇਆ ਕੋਈ ਵੀ ਵਧਦੀ ਜਾਂਦੀ ਹੈ। ਸੋ ਮਹਾਰਾਜ ਮੈਂ ਤੁਹਾਡੇ ਚਰਨਾਂ 'ਚ ਆਪਣਾ ਸਰੀਰ ਛੱਡਣ ਆਇਆ ਹਾਂ।

ਮਹਾਰਾਜ ਕਹਿੰਦੇ, ਕੀ ਨਾਉਂ ਹੈ?

ਕਹਿੰਦਾ, ਮਹਿੰਦਰ ਸਿੰਘ।

ਕਹਿਣ ਲੱਗੇ, ਮਹਿੰਦਰ ਸਿੰਘਾ! ਸੰਤਾਂ ਕੋਲ ਸਰੀਰ ਛੱਡਣ ਨਹੀਂ ਆਈਦਾ, ਸਰੀਰ ਨੂੰ ਨਰੋਆ ਕਰਨ ਆਈਦਾ ਹੈ। ਮਰਨ ਨਹੀਂ ਆਈਦਾ, ਸੰਤਾਂ ਤੋਂ ਜੀਵਨ ਦਾਨ ਮੰਗੀਦਾ ਹੈ।

ਕਹਿਣ ਲੱਗਿਆ, ਸੱਚੇ ਪਾਤਸ਼ਾਹ! ਫੇਰ ਆਪ ਕ੍ਰਿਪਾ ਕਰੋ।

ਮਹਾਰਾਜ ਨੇ ਕਿਹਾ, ਐਉਂ ਕਰ ਤੈਨੂੰ ਹੋਈ ਹੋਈ ਹੈ ਟੀਬੀ। ਤੂੰ ਘੁੱਟ ਕੇ ਆਪਣਾ ਨੱਕ ਦੇ ਉਤੇ ਦੀ ਕਪੜਾ ਲੈ ਕੇ, ਮੂੰਹ ਬੰਨ੍ਹ ਲਿਆ ਕਰ। ਬਰਤਨ ਮਾਂਜੀ ਜਾਹ ਉਥੇ। ਇਕ ਮੰਤਰ ਤੈਨੂੰ ਦੱਸ ਦਿੰਦੇ ਹਾਂ, ਜਾਣਦਾ ਹੈ ਮੂਲਮੰਤਰ? ਕਹਿੰਦਾ ਨਹੀਂ ਮਹਾਰਾਜ।

ਮਹਾਰਾਜ ਨੇ ਕਿਹਾ ਕਿ ੴ ਸਤਿਨਾਮ ਤੋਂ ਲੈ ਕੇ ਨਾਨਕ ਹੋਸੀ ਭੀ ਸਚੁ॥ ਕਹਿ ਕੇ ਇਕ ਤੁਕ ਹੋਰ ਰਲਾ ਦਿਆ ਕਰ, 'ਸਰਬ ਰੋਗ ਕਾ ਅਉਖਦੁ ਨਾਮ' ਇਹ ਕਰੀ ਜਾਈਂ ਦਿਨ ਰਾਤ। ਗੱਲਬਾਤ ਨਾ ਕਿਸੇ ਨਾਲ ਕਰੀਂ। ਬਾਹਰ ਜਾ ਕੇ ਆਪਣਾ ਗਰਮੀਆਂ ਦਾ ਮਹੀਨਾ ਹੀ ਹੈ। ਬਾਹਰ ਘਾਹ ਫੂਸ ਦੀ ਝੌਂਪੜੀ ਪਾ ਲਈਂ, ਉਥੇ ਰਹੀ, ਸੰਗਤਾਂ 'ਚ ਨਾ ਰਹੀਂ, ਬਿਮਾਰੀ ਲਗ ਜਾਂਦੀ ਹੁੰਦੀ ਹੈ। ਉਸ ਦਿਨ ਪੂਰਨਮਾਸ਼ੀ ਸੀ, ਗੁਰਪੁਰਬ ਸੀ ਗੁਰੂ ਨਾਨਕ ਪਾਤਸ਼ਾਹ ਦਾ। ਪਾਠ ਕਰੀ ਗਿਆ, ਦਿਨੋ ਦਿਨ ਤਕੜਾ ਹੁੰਦਾ ਗਿਆ। ਅਖੀਰ ਜਿਸ ਦਿਨ ਹੌਲੇ ਮਹੱਲੇ ਦੀ ਪੂਰਨਮਾਸ਼ੀ ਆਈ। ਤਾਂ ਇਕ ਦਿਨ ਪਹਿਲਾਂ ਛੋਟੇ ਮਹਾਰਾਜ ਕੋਲ ਸੰਗਤ ਬੈਠੀ ਸੀ। ਇਹ ਦੋ ਸ਼ਤੀਰੀਆਂ ਮੋਢੇ ਤੇ ਚੁੱਕੀ ਜਾਵੇ ਇਕੱਠੀਆਂ ਹੀ। ਸਿੰਘ ਕਹਿਣ ਲੱਗੇ, ਆਹ ਸਿੰਘ ਤਾਂ ਬੜਾ ਤਕੜਾ ਹੈ, ਦੋ ਸ਼ਤੀਰੀਆਂ ਚੁੱਕੀ ਜਾਂਦਾ ਹੈ। ਕਹਿੰਦੇ ਫੇਰ? ਕਹਿੰਦਾ, ਮੈਂ ਇਹਨੂੰ ਚਾਰ ਕਿਲੋ ਘਿਉ ਦੇਣਾ ਚਾਹੁੰਦਾ ਹਾਂ, ਜੇ ਤੁਸੀਂ ਹੁਕਮ ਕਰ ਦਿਓ। ਮਹਾਰਾਜ ਕਹਿੰਦੇ ਅਸੀਂ ਤਾਂ ਕੁਛ ਨਹੀਂ ਕਹਿੰਦੇ। ਵੈਸੇ ਤਾਂ ਅਸੀਂ ਲੰਗਰ 'ਚ ਪਾਉਂਦੇ ਹਾਂ। ਜੇ ਤੂੰ ਇਹਨੂੰ ਦੇਣਾ ਹੈ ਦੇ ਦੇ। ਕਹਿੰਦੇ ਮਹਿੰਦਰ ਸਿੰਘ, ਉਰੇ ਆਈਂ ਸ਼ਤੀਰੀਆਂ ਰੱਖ ਕੇ। ਸ਼ਤੀਰੀਆਂ ਰੱਖੀਆਂ ਤਾਂ ਉਸ ਵੇਲੇ ਆ ਗਿਆ ਕੋਲ, ਮਹਾਰਾਜ ਕਹਿੰਦੇ, ਕੀ ਹਾਲ ਹੈ ਤੇਰਾ? ਤੈਨੂੰ ਘਿਉ ਦੇਣਾ ਹੈ ਇਹਨੇ। ਕਹਿੰਦਾ ਕੱਲ੍ਹ ਨੂੰ ਦੀਵਾਨ ਸੁਣਨਾ ਹੈ ਤੁਸੀਂ? ਉਹ ਕਹਿੰਦੇ ਹਾਂ। ਕਹਿੰਦਾ ਫੇਰ ਕੱਲ੍ਹ ਨੂੰ ਦੇ ਦੇਣਾ, ਦੀਵਾਨ 'ਚ ਬੈਠਣਾ, ਮੈਂ ਕੱਲ੍ਹ ਨੂੰ ਗੱਲ ਕਰਾਂਗਾ। ਦੂਸਰੇ ਦਿਨ ਮਹਾਰਾਜ ਜੀ ਨੇ ਕੀਰਤਨ ਕਰਿਆ, ਪੂਰਨਮਾਸ਼ੀ ਦਾ ਦੀਵਾਨ ਸੀ। ਉਸ ਤੋਂ ਬਾਅਦ ਇਹ ਉਠ ਕੇ ਖੜ੍ਹਾ ਹੋ ਗਿਆ, ਮਹਿੰਦਰ ਸਿੰਘ। ਸਾਧਸੰਗਤ ਜੀ! ਮੇਰੀ ਵੀ ਬੇਨਤੀ ਸੁਣ ਲਓ, ਕਹਿੰਦਾ ਮੈਂ ਡਰਾਈਵਰ ਸੀਗਾ ਕਲਕੱਤੇ, ਭੂਤੋ ਮੰਡੀ ਦਾ ਰਹਿਣ ਵਾਲਾ। ਮੈਨੂੰ ਡਾਕਟਰ ਨੇ ਕਿਹਾ ਸੀ ਕਿ ਤੇਰੇ ਦੱਸ ਦਿਨ ਹੋਰ ਰਹਿੰਦੇ ਨੇ। ਮੈਂ ਇਸ ਤਰ੍ਹਾਂ ਰਾੜਾ ਸਾਹਿਬ ਪਹੁੰਚ ਗਿਆ। ਟੀਬੀ ਮੈਨੂੰ ਤੀਸਰੇ ਦਰਜੇ ਦੀ ਸੀ ਤੇ ਮਹਾਂਪੁਰਸ਼ਾਂ ਦੀ ਚਰਨ ਸ਼ਰਨ 'ਚ ਆਇਆ। ਮਹਾਂਪੁਰਸ਼ਾਂ ਨੇ ਮੈਨੂੰ ਕਹਿ ਦਿਤਾ ਕਿ ਕੁਛ ਨਹੀਂ ਹੁੰਦਾ, ਰਾਜ਼ੀ ਹੋ ਜਾਏਂਗਾ।

ਜਿਹੜੀ ਅੱਗੇ ਦੀ ਮਿਹਨਤ ਹੈ ਉਹ ਤਾਂ ਭੁਲੇਖਾ ਪਾਉਣ ਨੂੰ ਮਹਾਤਮਾ ਕਰਾਇਆ ਕਰਦੇ ਨੇ। ਕੋਈ ਮਾਇਨੇ ਨਹੀਂ ਰੱਖਦੀ। ਜੇ ਕਹਿ ਦਿਤਾ ਰਾਜ਼ੀ ਹੋਣਾ ਹੈ, ਰਾਜ਼ੀ ਹੋ ਜਾਣਾ ਹੈ। ਕਿਉਂ ਰਾਜ਼ੀ ਹੋਣਾ ਹੈ? ਉਹ ਭੇਤ ਹੈ –

*ਪ੍ਰਭ ਜੀ ਬਸਹਿ ਸਾਧ ਕੀ ਰਸਨਾ॥ ਅੰਗ - 263*

ਜੇ ਉਨ੍ਹਾਂ ਨੇ ਕਹਿ ਦਿਤਾ ਰਾਜ਼ੀ ਹੋ ਜਾਏਂਗਾ ਤਾਂ ਰਾਜ਼ੀ ਹੋ ਜਾਣਾ ਹੈ। ਕੋਈ ਦਵਾਈ ਦੀ ਲੋੜ ਨਹੀਂ ਹੈ। ਪਰ ਉਨ੍ਹਾਂ ਦਾ ਬਚਨ ਮੰਨਣਾ ਪੈਂਦਾ ਹੈ, ਬਚਨ ਦੇ ਪਿਛੇ ਫੇਰ ਉਨ੍ਹਾਂ ਦੀ ਸ਼ਕਤੀ ਹੁੰਦੀ ਹੈ। ਸੋ ਪਾਠ ਉਸ ਨੇ ਕਰਿਆ, ਗੁਰੂ ਨਾਨਕ ਪਾਤਸ਼ਾਹ ਦੇ ਜਨਮ ਦਿਨ ਤੋਂ ਸ਼ੁਰੂ ਕਰਕੇ, ਸੇਵਾ ਕਰੀ ਤੇ ਹੋਲੇ ਵਾਲੇ ਦਿਨ ਕਹਿਣ ਲੱਗਿਆ, ਸਾਧਸੰਗਤ ਜੀ! ਮੇਰੀ ਵੀ ਬੇਨਤੀ ਸੁਣੋ। ਉਹ ਪ੍ਰੇਮੀ ਵੀ ਬੈਠਾ ਸੀ ਜਿਹੜਾ ਕਹਿੰਦਾ ਸੀ ਕਿ ਮੈਂ ਚਾਰ ਸੇਰ ਘਿਉ ਦੇਣਾ ਹੈ। ਕਹਿੰਦਾ ਜਦੋਂ ਮੈਂ ਇਥੇ ਆਇਆ ਸੀ ਤਾਂ ਮੈਨੂੰ ਡਾਕਟਰਾਂ ਨੇ ਕਹਿ ਦਿਤਾ ਸੀ ਕਿ ਤੂੰ ਨਹੀਂ ਬਚ ਸਕਦਾ। ਮੈਂ ਇਥੇ ਆ ਗਿਆ, ਮਹਾਂਪੁਰਸ਼ਾਂ ਨੇ ਕਿਹਾ ਕਿ ਤੈਨੂੰ ਕੁਛ ਨਹੀਂ ਹੁੰਦਾ। ਤੂੰ ਸੇਵਾ ਕਰ, ਨਾਲ ਤੂੰ ਆਹ ਪਾਠ ਕਰੀ ਜਾਹ। ਕਹਿੰਦਾ ਹੁਣ ਮੈਂ ਕੱਲ੍ਹ ਦੋ ਸ਼ਤੀਰੀਆਂ ਚੁਕੀਂ ਜਾਂਦਾ ਸੀ, ਮੈਨੂੰ ਆਹ ਪ੍ਰੇਮੀ ਨੇ ਕਿਹਾ ਹੈ ਕਿ ਘਿਉ ਦੇਣਾ ਹੈ। ਕਹਿੰਦਾ ਮੈਂ ਲੁਧਿਆਣੇ ਗਿਆ ਤੇ ਜਾ ਕੇ ਐਕਸਰੇ ਕਰਾਏ। ਪਹਿਲੇ ਵੀ ਮੈਂ ਨਾਲ ਲੈ ਗਿਆ। ਉਹ ਡਾਕਟਰ ਮੰਨਦਾ ਹੀ ਨਹੀਂ। ਕਹਿੰਦਾ ਹੋ ਹੀ ਨਹੀਂ ਸਕਦਾ ਕਿ ਕਿਸੇ ਹੋਰ ਦਾ ਐਕਸਰਾ ਚੁੱਕ ਲਿਆਇਆ ਤੂੰ ਟੀਬੀ ਦੇ ਮਰੀਜ਼ ਦੀ। ਹੁਣ ਕਹਿੰਦਾ ਹੈ ਕਿ ਤੇਰੇ ਫੇਫੜੇ ਦੇ ਵਿਚ ਇਕ ਵੀ ਸੁਰਾਖ ਨਹੀਂ ਹੈ।

ਸਾਧਸੰਗਤ ਜੀ! ਇਹ ਗੱਲਾਂ ਐਵੇਂ ਨਹੀਂ ਨੇ ਪ੍ਰੈਕਟੀਕਲ ਨੇ। ਬਹੁਤ ਮਿਸਾਲਾਂ ਨੇ ਐਸੀਆਂ। ਸੋ ਪ੍ਰਮੇਸ਼ਰ ਦਾ ਰੂਪ ਹੁੰਦੇ ਨੇ ਸਾਧੂ। ਪ੍ਰਮੇਸ਼ਰ ਕੀ ਕਹਿੰਦਾ ਹੈ ਇਸ ਬਾਰੇ-

***ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥***
***ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥***
*ਅੰਗ - 686*

ਕਿੱਡਾ ਵੱਡਾ ਪਾਰਬ੍ਰਹਮ ਹੈ ਜਿਹਦਾ ਆਦਿ ਨਹੀਂ ਅੰਤ ਨਹੀਂ, ਨਾ ਕਿਤੇ ਪਤਾ ਲਗਦਾ ਹੈ। ਉਹ ਅਕਾਲ ਪੁਰਖ ਸਾਕਾਰ ਮੰਡਲ ਵਾਲਾ ਹੈ। ਕਹਿੰਦਾ ਮੇਰੇ ਨਾਲੋਂ ਮੇਰੇ ਸੰਤਾਂ ਦੇ ਵਿਚ ਬਹੁਤੀ ਤਾਕਤ ਹੈ। ਮੇਰੀ ਬੰਨ੍ਹੀ ਹੋਈ ਸੰਤ ਛੁਡਾ ਦਿੰਦੇ ਨੇ। ਜੇ ਸੰਤ ਬੰਨ੍ਹ ਦੇਣ ਮੇਰੇ ਤੋਂ ਨਹੀਂ ਛੁਟਦੀ।

ਵੱਡੇ ਮਹਾਰਾਜ ਅਤਰ ਸਿੰਘ ਜੀ ਸੈਦੋ ਜਾਇਆ ਕਰਦੇ ਸੀ ਹਰ ਸਾਲ ਤੇ ਆਪ ਕਲਪਾਣੀ ਨਦੀ ਦੇ ਕੰਢੇ ਦੇ ਬੈਠੇ ਨੇ। ਰਾਤ ਨੂੰ ਇਕ ਬਹੁਤ ਵੱਡੀ ਉਮਰ ਦਾ ਪਠਾਣ ਜਿਸ ਦਾ ਨਾਮ ਨਜੂਲਾ ਖਾਨ ਸੀ। ਰਈਸ ਸੀ, ਇਲਾਕੇ ਦਾ। ਜਰਨੈਲੀ ਪੈਨਸ਼ਨ ਲੈਂਦਾ ਸੀ। 90 ਸਾਲ ਦੀ ਉਮਰ ਹੈ ਲਾਲਟੈਨ ਫੜੀ ਹੋਈ ਹੈ। ਕਿੰਨੀ ਹੀ ਜ਼ਮੀਨ ਦਾ ਮਾਲਕ ਸੀ, ਬੜੇ ਖੂਹ ਲੱਗੇ ਹੋਏ ਸੀ ਜ਼ਮੀਨ ਵਿਚ। ਸੇਵਾਦਾਰ ਕਹਿਣ ਲੱਗਿਆ, ਬਾਬਾ ਜੀ! ਲਾਲਟੈਨ ਨਾਲ ਕੋਈ ਬੰਦੇ ਆ ਰਹੇ ਨੇ। ਬਾਬਾ ਅੱਤਰ ਸਿੰਘ ਜੀ ਮਹਾਰਾਜ ਕਹਿਣ ਲੱਗੇ, ਪਿਆਰ ਦੀ ਸੁਗੰਧੀ ਆ ਰਹੀ ਹੈ ਆਉਣ ਦਿਓ ਕੋਈ ਨਹੀਂ। ਉਹ ਹੌਲੀ-ਹੌਲੀ ਚਲਦੇ-ਚਲਦੇ ਬਾਬਾ ਜੀ ਕੋਲ ਪਹੁੰਚ ਗਏ। ਇਥੇ ਆ ਕੇ ਕਹਿਣ ਲੱਗੇ, ਮਹਾਰਾਜ ਮੇਰਾ ਸਿਜਦਾ ਪ੍ਰਵਾਨ ਹੋਵੇ। ਮੱਥਾ ਟੇਕਿਆ ਜਿਵੇਂ ਨਮਾਜ਼ ਪੜ੍ਹਨ ਵੇਲੇ ਟੇਕਦੇ ਨੇ। ਕਹਿੰਦੇ, ਖਾਨ ਸਾਹਿਬ! ਕੀ ਗੱਲ ਹੈ?

ਕਹਿਣ ਲੱਗਿਆ, ਮਹਾਰਾਜ! ਮੇਰੇ ਓਲਾਦ ਨਹੀਂ ਹੈ। ਮੈਂ ਸਾਰੇ ਘਰ ਦੇਖ ਲਏ ਇਕ ਆਹ ਦਰ ਰਹਿ ਗਿਆ ਤੇ ਮੈਨੂੰ ਮੇਰੇ ਸਾਥੀਆਂ ਨੇ, ਸ਼ਰਧਾ ਵਾਲਿਆਂ ਨੇ, ਭਰੋਸੇ ਵਾਲਿਆਂ ਨੇ ਦੱਸਿਆ ਕਿ ਗੁਰੂ ਨਾਨਕ ਦੇ ਸਾਧੂ ਜਿਹੜੇ ਨੇ ਜੇ ਉਨ੍ਹਾਂ ਦੇ ਚਰਨ ਫੜ ਲਵੇਂ ਨਾ, ਤੇਰੇ ਬੱਚਾ ਹੋ ਜਾਵੇਗਾ। ਮਹਾਰਾਜ ਕਹਿਣ ਲੱਗੇ, ਜਰਨੈਲ ਸਾਹਿਬ! ਉਮਰ ਕਿੰਨੀ ਹੈ ਤੇਰੀ। ਕਹਿਣ ਲੱਗਿਆ, ਮੇਰੀ ਉਮਰ ਤਾਂ 90 ਸਾਲ ਦੀ ਹੈ। ਸਭ ਯਤਨ ਕਰੇ ਨੇ, ਪੰਜ ਵਿਆਹ ਕਰੇ ਨੇ ਬੱਚੇ ਵਾਸਤੇ। ਹੋਇਆ ਹੀ ਨਹੀਂ ਕਿਸੇ ਦੇ। ਚੁੱਪ ਕਰ ਗਏ ਮਹਾਂਪੁਰਸ਼। ਦੇਖ ਲਿਆ ਕਿ ਪ੍ਰਮੇਸ਼ਰ ਵਲੋਂ ਬੰਦ ਹੈ ਇਹਦੇ ਪੁੱਤਰ ਨਹੀਂ ਹੋਣਾ। ਉਹਦੀ ਦੀਨਤਾ ਦੇਖ ਕੇ, ਨਿਮਰਤਾ ਦੇਖ ਕੇ ਦਇਆ ਆ ਗਈ ਸਾਧੂ ਦੇ ਮਨ ਵਿਚ। ਕਿੰਨੀ-ਕਿੰਨੀ ਉਮਰ ਹੈ ਤੇਰੀਆਂ ਬੇਗਮਾਂ ਦੀ। ਕਹਿੰਦਾ ਦੋ ਤਾਂ ਮਰ ਗਈਆਂ। ਜਿਹੜੀ ਤੀਸਰੇ ਸਾਲ ਦੀ ਹੈ ਉਹਦੀ ਸੱਤਰ ਸਾਲ ਦੀ ਉਮਰ ਹੈ। ਉਸ ਤੋਂ ਅੱਗੇ 60 ਸਾਲ ਦੀ ਹੈ, ਫੇਰ 55 ਸਾਲ ਦੀ। ਕਹਿੰਦੇ ਚੰਗਾ ਫੇਰ ਜੇ ਗੁਰੂ ਨਾਨਕ ਦੇ ਘਰੋਂ ਦਿਵਾਉਣਾ ਹੈ ਤਾਂ ਵੱਡੀ ਦੇ ਝੋਲੀ 'ਚ ਪਾਵਾਂਗੇ ਇਹ ਦਾਤ। ਮਤਾ ਫੇਰ ਕੋਈ ਸ਼ੱਕ ਕਰਨ ਉਨ੍ਹਾਂ ਤੇ। ਕਹਿੰਦਾ ਮਹਾਰਾਜ, ਮੈਂ ਤਾਂ ਹੁਣ ਆਇਆ ਹਾਂ, ਸ਼ਰਾ ਵਾਲਿਆਂ ਤੋਂ ਲੁਕ ਕੇ। ਫੇਰ ਮੈਂ ਵਾਜੇ ਵਜਾਉਂਦਾ ਆਊਂਗਾ। ਭੰਗੜੇ ਪਾਉਂਦਾ ਆਉਂਗਾ, ਪਠਾਣਾਂ ਨੂੰ ਲੈ ਕੇ। ਅਗਲੇ ਸਾਲ ਮਹਾਂਪੁਰਸ਼ ਜਾਂਦੇ ਨੇ। ਬਾਬਾ ਜੀ ਜਾ ਕੇ ਬੈਠੇ। ਉਥੇ ਬੈਂਡ ਵਾਜੇ ਵਜਦੇ ਆਉਂਦੇ ਨੇ, ਟੋਕਰੇ ਚੁੱਕੇ ਹੋਏ ਨੇ। ਬਦਾਮਾਂ, ਪਿਸ਼ਤਾਂ, ਹੋਰ ਚੀਜ਼ਾਂ ਦੇ। ਲਿਆ ਕੇ ਬਾਬਾ ਜੀ ਕੋਲ ਚਰਨਾਂ ਤੇ ਪਾ ਦਿਤਾ। ਕਹਿਣ ਲੱਗੇ, ਮਹਾਰਾਜ ਅਸੀਂ ਨਾਉਂ ਨਹੀਂ ਰੱਖਿਆ, ਹੁਣ ਆਪ ਕ੍ਰਿਪਾ ਕਰਕੇ ਨਾਉਂ ਵੀ ਰੱਖ ਦਿਓ। ਮਹਾਰਾਜ ਕਹਿੰਦੇ ਭਾਈ ਇਹ ਖੁਦਾ ਨੇ ਦਿਤਾ ਹੈ ਇਹਦਾ ਨਾਉਂ ਖੁਦਾਦਾਤ ਰੱਖ ਲੈ। ਨਾਉਂ ਰੱਖ ਦਿਤਾ।

ਮਹਾਰਾਜ ਜੀ ਨੇ ਇਥੇ ਸਾਡੇ ਕੋਲ ਦੀਵਾਨ ਲਾਇਆ, ਦੀਵਾਨ ਲਾਉਣ ਤੋਂ ਬਾਅਦ ਚੰਡੀਗੜ੍ਹ ਆਪ ਭੀਮ ਤਾਲ ਨੂੰ ਤੁਰੇ ਤਾਂ ਮੁਰਾਦਾਬਾਦ ਆਪਣੇ ਸਿੰਘ ਰਹਿੰਦੇ ਸੀ। ਚੰਨਣ ਸਿੰਘ। ਉਨ੍ਹਾਂ ਨੇ ਰੋਕ ਲਏ ਮਹਾਰਾਜ। ਕਹਿਣ ਲੱਗੇ, ਮਹਾਰਾਜ! ਦੁਪਹਿਰਾ ਕੱਟ ਕੇ ਜਾਣਾ। ਆਪ ਰਮੇਸ਼ ਕੁਮਾਰ ਸ਼ਾਹੂ ਦੀ ਕੋਠੀ ਵਿਚ ਰੁਕ ਗਏ। ਚਾਰ ਵਜ ਗਏ। ਸ਼ਾਹੂ ਰਾਜਾ ਸੀ ਛੋਟਾ ਕੋਟਦੁਆਰ ਦਾ, ਸੁਰਜੀਤ ਨੂੰ ਕਹਿਣ ਲੱਗਿਆ ਕਿ ਮੈਂ ਸਾਧੂ ਦੇਖੇ ਨੇ, ਦਰਸ਼ਨ ਕਰੇ ਨੇ, ਬਹੁਤ

ਦਿਲ ਖੁਸ਼ ਹੁੰਦਾ। ਦੇਖ ਕੇ ਹੀ ਖਿੱਚ ਪੈਂਦੀ ਹੈ। ਮੇਰੀ ਵੀ ਆਸ ਪੂਰੀ ਹੋ ਜਾਏਗੀ। ਉਹ ਕਹਿਣ ਲੱਗਿਆ, ਪ੍ਰੇਮੀਆ! ਸਾਡੇ ਗੁਰੂ ਸਾਹਿਬ ਨੇ ਇਕ ਬਚਨ ਕੀਤਾ ਉਹ ਮੈਂ ਤੈਨੂੰ ਸਮਝਾ ਦੇਵਾਂ। ਫੇਰ ਤੂੰ ਗੱਲ ਕਰੀ –

*ਚਾਰਿ ਪਦਾਰਥ ਜੇ ਕੋ ਮਾਗੈ॥*
*ਸਾਧ ਜਨਾ ਕੀ ਸੇਵਾ ਲਾਗੈ॥*
*ਜੇ ਕੋ ਆਪੁਨਾ ਦੂਖੁ ਮਿਟਾਵੈ॥*
*ਹਰਿ ਹਰਿ ਨਾਮੁ ਰਿਦੈ ਸਦ ਗਾਵੈ॥*
*ਜੇ ਕੋ ਆਪੁਨੀ ਸੋਭਾ ਲੋਰੈ॥*
*ਸਾਧਸੰਗਿ ਇਹ ਹਉਮੈ ਛੋਰੈ॥*
*ਜੇ ਕੋ ਜਨਮ ਮਰਣ ਤੇ ਡਰੈ॥*
*ਸਾਧ ਜਨਾ ਕੀ ਸਰਨੀ ਪਰੈ॥*
*ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥*
*ਨਾਨਕ ਤਾ ਕੈ ਬਲਿ ਬਲਿ ਜਾਸਾ॥ ਅੰਗ - 266*

ਕਹਿਣ ਲੱਗਿਆ, ਸ਼ਾਹੂ ਸਾਹਿਬ, ਸਾਡੇ ਗੁਰੂ ਸਾਹਿਬ ਨੇ ਸੁਖਮਨੀ ਸਾਹਿਬ ਵਿਚ ਇਸ ਤਰ੍ਹਾਂ ਫੁਰਮਾਇਆ ਹੈ। ਚਾਰ ਪਦਾਰਥ – ਧਰਮ, ਅਰਥ, ਕਾਮ, ਮੋਖਸ਼। ਕਾਮ – ਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਨੇ। ਮੁਕਤੀ ਮਿਲ ਜਾਂਦੀ ਹੈ, ਪੈਸੇ ਟਕੇ ਦੀ ਬਹੁਲਤਾ ਹੋ ਜਾਂਦੀ ਹੈ। ਧਰਮ ਦਾ ਜੀਵਨ ਹੋ ਜਾਂਦਾ ਹੈ। ਇਸ ਤੋਂ ਇਲਾਵਾ ਹੋਰ ਵੀ ਬਹੁਤ ਕੁਛ ਉਸ ਦੇ ਵਿਚ ਦੱਸਿਆ ਹੋਇਆ ਹੈ। ਮੈਂ ਤੈਨੂੰ ਸਲਾਹ ਦਿੰਦਾ ਹਾਂ, ਮਹਾਂਪੁਰਸ਼ਾਂ ਨੇ ਚਾਰ ਵਜੇ ਜਾਣਾ ਹੈ, ਪੂਰੀ ਸ਼ਰਧਾ ਦੇ ਨਾਲ ਤੂੰ ਆ ਜਾਈਂ। ਉਹ ਕਹਿ ਕੇ ਚਲਿਆ ਗਿਆ, ਬਾਹਰ ਬੈਠ ਗਿਆ। ਮਹਾਰਾਜ ਆਰਾਮ ਕਰਦੇ ਸੀ। ਚਾਰ ਵਜੇ ਮਹਾਰਾਜ ਜੀ ਤਿਆਰ ਹੋ ਗਏ। ਜਲ ਪਾਣੀ ਛਕ ਲਿਆ ਆਪ ਨੇ, ਉਸ ਵੇਲੇ ਰਾਜਾ ਜਿਹੜਾ ਸੀ ਰਮੇਸ਼ ਕੁਮਾਰ। ਰਾਣੀ ਨੂੰ ਇਸ਼ਨਾਨ ਕਰਾਇਆ, ਆਪ ਇਸ਼ਨਾਨ ਕਰਿਆ, ਸਫੈਦ ਵਸਤਰ ਪਹਿਨੇ, ਸੁਥਰੇ। ਬਾਗ ਵਿਚੋਂ ਘਾਹ ਮੰਗਾਇਆ ਮਾਲੀ ਤੋਂ। ਕੁਛ ਹੱਥ ਵਿਚ ਫੜਿਆ ਹੋਇਆ ਹੈ, ਦੋਹਾਂ ਜਣਿਆ ਨੇ। ਪੱਲੇ ਗਲਾਂ 'ਚ ਪਾਏ ਹੋਏ ਨੇ। ਗਲ 'ਚ ਪੱਲਾ ਪਾਉਣਾ, ਸਾਧੂ ਮਹਾਤਮਾ ਨੂੰ ਕਹਿੰਦੇ ਨੇ ਕਿ ਪੱਲੇ ਕਿਉਂ ਪਾਉਂਦੇ ਨੇ? ਇਹਦਾ ਮਤਲਬ ਹੁੰਦਾ ਹੈ ਕਿ ਮੈਂ ਤੇਰਾ ਗੁਲਾਮ ਹਾਂ। ਨਿਮਰਤਾ ਦਾ ਸੂਚਕ ਹੁੰਦਾ ਹੈ ਪੱਲਾ। ਉਸ ਵੇਲੇ ਮਹਾਰਾਜ ਜੀ ਦੇ ਹਜ਼ੂਰ ਜਾ ਕੇ ਨਮਸਕਾਰਾਂ ਕਰੀਆਂ। ਮਹਾਰਾਜ ਕਹਿਣ ਲੱਗੇ, ਕੌਣ ਨੇ ਭਾਈ ਇਹ? ਕਹਿਣ ਲੱਗੇ, ਜਿਨ੍ਹਾਂ ਦੇ ਮਹੱਲ ਵਿਚ ਰਹੇ ਹਾਂ ਆਪਾਂ, ਕੋਠੀ 'ਚ। ਇਹ ਰਾਜਾ ਹੈ ਕੋਟ ਦੁਆਰ ਦਾ। ਰਮੇਸ਼ ਕੁਮਾਰ ਸਾਹੂ ਇਸਨੂੰ ਆਖਦੇ ਨੇ। ਬੜਾ ਭਲਾ ਲੋਕ ਹੈ। ਮਹਾਰਾਜ ਜਾਣ ਗਏ ਕਿ ਅਤਿ ਅਧੀਨਤਾ ਦੇ ਨਾਲ ਆਏ ਨੇ। ਜਦੋਂ ਕੋਈ ਹੱਦ ਤੋਂ ਜ਼ਿਆਦਾ ਅਧੀਨਤਾ ਦੇ ਨਾਲ ਜਾਂਦਾ ਹੈ, ਸੱਚੇ ਦਿਲ ਨਾਲ। ਇਕ ਤਾਂ ਪਾਖੰਡ ਹੁੰਦਾ ਹੈ, ਐਵੇਂ ਹੀ ਘਾਹ ਫੜ ਕੇ ਚਲਿਆ ਜਾਵੇ, ਦੂਜਿਆਂ ਨੂੰ ਧੋਖਾ ਦੇਣ। ਉਹ ਅੰਦਰਲੀ ਜਾਣ ਗਏ ਕਿ ਸ਼ਰਧਾ ਵਾਲਾ ਪ੍ਰੇਮੀ ਹੈ। ਦਿਆਲ ਹੋ ਗਏ, ਕਹਿਣ ਲੱਗੇ, ਸ਼ਾਹੂ ਸਾਹਿਬ ਕੀ ਮਨੋਰਥ ਹੈ ਤੁਹਾਡਾ। ਕਹਿਣ ਲੱਗਿਆ, ਮਹਾਰਾਜ! 25 ਸਾਲ ਪਹਿਲਾਂ ਇਕ ਲੜਕੀ ਹੋਈ ਸੀ। ਜਾਇਦਾਦ ਬਹੁਤ ਹੈ, ਸ਼ਹਿਰ ਦੇ ਅੰਦਰ ਬਜ਼ਾਰ ਨੇ, ਕੋਠੀਆਂ ਨੇ। ਲੇਕਿਨ ਸਾਂਭਣ ਵਾਲਾ ਕੋਈ ਨਹੀਂ। ਲੜਕੀ ਨੇ ਆਪਣੇ ਘਰ ਚਲੀ ਜਾਣਾ ਹੈ, ਪਤਾ ਨਹੀਂ ਸੁਖੀ ਰਹਿਣਾ ਹੈ, ਪਤਾ ਨਹੀਂ ਦੁਖੀ ਰਹਿਣਾ ਹੈ। ਇਹਦਾ ਵੀ ਕੋਈ ਸਹਾਰਾ ਨਹੀਂ ਸਾਡੇ ਬਾਅਦ। ਕ੍ਰਿਪਾ ਕਰੋ, ਇਕ ਪੁੱਤਰ ਦੀ ਦਾਤ ਬਖਸ਼ ਦਿਓ। ਮਹਾਰਾਜ ਕਹਿਣ ਲੱਗੇ, ਪਹਿਲਾਂ ਕੋਈ ਯਤਨ ਵੀ ਕਰਿਆ ਹੈ? ਕਹਿਣ ਲੱਗਿਆ, ਹਾਂ ਅਠਾਹਠ ਤੀਰਥਾਂ ਦਾ ਇਸ਼ਨਾਨ ਵਿਧੀਪੂਰਵਕ ਕਰਕੇ, ਵਿਧੀ ਪੂਰਵਕ ਦਾਨ ਦਿਤਾ ਹੈ। ਉਸ ਤੋਂ ਇਲਾਵਾ ਸਾਧੂਆਂ ਨੂੰ ਬੁਲਾ-ਬੁਲਾ ਕੇ ਜਗਰਾਤੇ ਕਰਾਏ ਨੇ। ਗੰਗਾ ਤੋਂ ਆਏ ਸਾਧੂਆਂ ਨੂੰ ਇਥੇ ਰਿਹਾਇਸ਼ ਦੇ ਕੇ, ਉਨ੍ਹਾਂ ਦੀਆਂ ਅਸ਼ੀਰਵਾਦਾਂ ਲਈਆਂ ਨੇ। ਪਰ ਮਹਾਰਾਜ ਅਜੇ ਤਕ ਮੇਰੀ ਝੋਲੀ ਵਿਚ ਖੈਰ ਨਹੀਂ ਪਈ। ਕਹਿੰਦੇ ਕੋਈ ਭਜਨ ਪਾਠ ਵੀ ਕਰਦਾ ਹੁੰਦਾ ਹੈਂ? ਕਹਿੰਦਾ ਹਾਂ ਮਹਾਰਾਜ! ਇਕ ਮਹਾਤਮਾ ਨੇ ਮੈਨੂੰ ਦੱਸਿਆ ਸੀ, ਮੈਂ ਵਿਸ਼ਨੂੰ ਜੀ ਦੀ ਉਪਾਸ਼ਨਾ ਕਰਦਾ ਹਾਂ। ਮਹਾਰਾਜ ਚੁੱਪ ਕਰ ਗਏ। ਕਹਿੰਦੇ ਅੱਛਾ, ਫਕੀਰ ਦੀ ਤਾਂ ਹੁੰਦੀ ਹੈ ਦੁਆ, ਦੇਣ ਵਾਲਾ ਵਾਹਿਗੁਰੂ।

ਕਹਿੰਦੇ ਐਉਂ ਕਰ ਜਿਥੇ ਵਿਸ਼ਨੂੰ ਜੀ ਦੀ ਫੋਟੋ ਰੱਖੀ ਹੈ। ਗੁਰੂ ਨਾਨਕ ਸਾਹਿਬ ਦੀ ਵੀ ਲਿਆ ਕੇ ਰੱਖ ਲੈ। ਤੇ ਤੂੰ ਕਿਹਾ ਕਰੀਂ ਗੁਰੂ ਨਾਨਕ ਸਾਹਿਬ ਦੇ ਅਸੀਂ ਵੀ ਕਹਾਂਗੇ। ਗੁਰੂ ਮਹਾਰਾਜ ਤੇਰੀ ਆਸ ਪੂਰੀ ਕਰ ਦੇਣਗੇ। ਬਚਨ ਕਰ ਦਿਤਾ ਤੇ ਆਪ ਭੀਮਤਾਲ ਨੂੰ ਚਲੇ ਗਏ। ਉਸ ਤੋਂ ਬਾਅਦ ਇਕ ਸਾਲ ਬਾਅਦ ਜਦੋਂ ਮਹਾਰਾਜ ਜੀ ਦੁਬਾਰਾ ਮੁਰਾਦਾਬਾਦ ਗਏ। ਬੱਚਾ ਲੈ ਕੇ ਆ ਗਏ। ਜਦੋਂ ਮੈਂ ਦੇਖਿਆ ਪੰਜ ਸਾਲ ਦਾ ਸੀ, ਲੰਗਰ ਵਰਤਾਉਂਦਾ ਫਿਰਦਾ ਸੀ। ਸੋ ਇਸ ਤਰ੍ਹਾਂ ਦੇ ਨਾਲ –

*ਜੇਹਾ ਮਨੋਰਥੁ ਕਰਿ ਆਰਾਧੇ ਸੋ ਸੰਤਨ ਤੇ ਪਾਵੈ॥*
*ਅੰਗ - 397*

ਜਿਹੋ ਜਿਹਾ ਮਨੋਰਥ ਕਰਕੇ ਕੋਈ ਅਰਾਧਨਾ ਕਰਦਾ ਹੈ। ਉਹ ਸਾਧੂਆਂ ਤੋਂ ਮਿਲ ਜਾਂਦਾ ਹੈ।

ਮਹਿੰਦਰ ਸਿੰਘ ਲਾਹੌਰ ਦਾ ਹੁੰਦਾ, ਮੈਂ ਨਾਲ ਸੀ ਮਹਾਰਾਜ ਜੀ ਦੇ। ਉਥੇ ਬੀਬੀਆਂ ਇਕੱਠੀਆਂ ਹੋ ਕੇ ਆ ਗਈਆਂ ਮਹਾਰਾਜ ਜੀ ਦੇ ਚਰਨਾਂ 'ਚ। ਨਾਲ ਬੀਬੀ ਨੂੰ ਲੈ ਆਈਆਂ, ਨਾਲ ਮਹਿੰਦਰ ਸਿੰਘ ਨੂੰ। ਇਥੇ ਕਾਲਕਾ ਰੇਲਵੇ 'ਚ ਮੁਲਾਜ਼ਮ ਸੀਗਾ। ਬਾਅਦ ਵਿਚ ਇਥੇ ਰਿਹਾ। ਬੇਨਤੀ ਕਰ ਦਿਤੀ ਮਹਾਰਾਜ ਜੀ ਨੂੰ, ਉਸ ਵੇਲੇ ਮਹਾਰਾਜ ਜੀ ਦੀ ਉਮਰ ਵੀ ਥੋੜ੍ਹੀ ਹੀ ਸੀ, 29 ਸਾਲ ਦੇ ਸੀ ਆਪ।

ਮਹਾਰਾਜ ਨੇ ਕਿਹਾ, ਕੀ ਗੱਲ ਭਾਈ ਤੁਸੀਂ ਇਕੱਠੀਆਂ ਹੋ ਕੇ ਆਈਆਂ। ਕਹਿਣ ਲੱਗੀਆਂ, ਸੱਚੇ ਪਾਤਸ਼ਾਹ! ਵਿਆਹ ਹੋਏ ਨੂੰ ਬੜਾ ਚਿਰ ਹੋ ਗਿਆ, ਕੋਈ ਬੱਚਾ ਨਹੀਂ ਹੈ। ਬਾਰ-ਬਾਰ ਬੇਨਤੀ ਕਰੀ, ਆਪਣੀ ਮੌਜ ਵਿਚ ਆ ਗਏ। ਕਹਿੰਦੇ ਇਕ, ਦੋ, ਤਿੰਨ, ਚਾਰ, ਪੰਜ, ਛੇ, ਸੱਤ, ਅੱਠ। ਜਦੋਂ ਅੱਠ ਕਿਹਾ, ਕਹਿੰਦੇ ਮਹਾਰਾਜ ਨੌਂ ਨਾ ਕਹਿਣਾ। ਕਹਿੰਦੇ ਅਸੀਂ ਤਾਂ ਇਕ ਮੰਗਿਆ ਸੀ? ਕਹਿੰਦੇ ਭਾਈ, ਤੁਸੀਂ ਰੋਕਿਆ ਨਹੀਂ ਅਸੀਂ ਤਾਂ ਗਿਣੀ ਜਾਣਾ ਸੀ। ਨੌਂ ਬੱਚੇ ਹੋਏ ਫੇਰ।

ਸੋ ਇਹ ਮਹਾਤਮਾ ਦਾ ਪ੍ਰਤਾਪ ਹੋਇਆ ਕਰਦਾ ਹੈ। ਕੁਛ ਕਹਿ ਦੇਣ ਵਾਹਿਗੁਰੂ ਨੂੰ ਮੰਨਣਾ ਹੀ ਪੈਂਦਾ ਹੈ।

*ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ॥*
*ਭਗਤਾ ਬਣਿ ਆਈ ਪ੍ਰਭ ਅਪਨੇ ਸਿਉ*
*ਜਲਿ ਥਲਿ ਮਹੀਅਲਿ ਸੋਈ॥*
*ਕੋਟਿ ਅਪ੍ਰਾਧੀ ਸੰਤਸੰਗਿ ਉਧਰੈ*
*ਜਮੁ ਤਾ ਕੈ ਨੇੜਿ ਨ ਆਵੈ॥*
*ਜਨਮ ਜਨਮ ਕਾ ਬਿਛੁੜਿਆ ਹੋਵੈ*
*ਤਿਨ ਹਰਿ ਸਿਉ ਆਣਿ ਮਿਲਾਵੈ॥* *ਅੰਗ - 353*

ਸਾਡੇ ਪਿੰਡ ਦਾ ਬੰਦਾ ਸੀ, ਉਹ ਚੜ੍ਹਾਈ ਕਰ ਗਿਆ। ਮੈਨੂੰ ਆਪ ਹੀ ਦੱਸੀ ਸੀ ਸਾਰੀ ਗੱਲ ਰੋ-ਰੋ ਕੇ ਦੱਸੀ ਸੀ। ਕਹਿੰਦਾ ਜਦੋਂ ਮੈਂ ਚੜ੍ਹਾਈ ਕਰਿਆ। ਮੈਨੂੰ ਜਮਦੂਤਾਂ ਨੇ ਫੜ ਲਿਆ। ਕਹਿੰਦਾ ਮੈਂ ਬੜੇ ਧਿਆਨ ਧਿਆਏ। ਕੋਈ ਨਾ ਬਹੁੜਿਆ। ਕਹਿੰਦਾ ਜਦੋਂ ਮੈਂ ਸਹੁਰਿਆਂ ਨੂੰ ਜਾਂਦਾ ਸੀ ਘਣਕਸਾਂ ਨੂੰ, ਮੇਰਾ ਇਹ ਨਿਤਨੇਮ ਸੀ ਕਿ ਮਹਾਰਾਜ ਨੂੰ ਨਮਸਕਾਰ ਕਰਕੇ, ਕੁਰਸੀ ਤੇ ਬਚਨ ਸੁਣ ਕੇ ਜਾਣੇ। ਸ਼ਰਧਾ ਸੀ ਮੇਰੇ ਮਨ ਵਿਚ। ਮੈਂ ਕਿਹਾ ਮਹਾਂਪੁਰਸ਼ੋ ਤੁਸੀਂ ਹੀ ਰੱਖ ਲਓ। ਕਹਿੰਦਾ ਐਨਾ ਹੀ ਕਿਹਾ ਉਸੇ ਵੇਲੇ ਆ ਗਏ। ਆ ਕੇ ਜਮਦੂਤਾਂ ਨੂੰ ਕਿਹਾ, ਭਾਈ ਇਹਨੂੰ ਨਾ ਫੜੋ, ਇਹਦੀ ਤਾਂ ਅਜੇ ਅੱਠ ਸਾਲ ਉਮਰ ਹੋਰ ਰਹਿੰਦੀ ਹੈ। ਜਦੋਂ ਐਨੀ ਗੱਲ ਕਹੀ ਜਮਦੂਤਾਂ ਨੇ ਛੱਡ ਦਿਤਾ। ਜਮਦੂਤਾਂ ਦੀ ਤਾਂ ਤਾਕਤ ਨਹੀਂ ਹੈ ਸਾਧੂਆਂ ਦੇ ਮੁਕਾਬਲੇ ਤੇ। ਕਿਉਂਕਿ ਜਮ ਦੌੜ ਜਾਂਦਾ ਹੈ, ਨੇੜੇ ਨਹੀਂ ਆਉਂਦਾ। ਜਿਹੜਾ ਸਾਧੂਆਂ ਨੂੰ ਹੱਥ ਬੰਨ੍ਹ ਕੇ ਫਤਹਿ ਬੁਲਾਉਂਦਾ ਹੈ, ਉਹਦੇ ਵੀ ਜਮਦੂਤ ਨੇੜੇ ਨਹੀਂ ਆਉਂਦਾ, ਸੋਚ ਕੇ ਹੱਥ ਪਾਉਂਦਾ ਹੈ। ਸੋ ਉਹਨੂੰ ਛੱਡ ਦਿਤਾ। ਕਹਿੰਦਾ ਮੈਂ ਬਾਗ ਉਥੇ ਹੀ ਮੱਥਾ ਟੇਕ ਦਿਤਾ। ਐਨੇ ਨੂੰ ਮੈਂ ਅਰਥੀ ਤੇ ਪਾਇਆ ਹੋਇਆ, ਜੀਉਂਦਾ ਹੋ ਗਿਆ। ਘਰਵਾਲੀ ਆਈ ਮੇਰੀ ਰੋਂਦੀ, ਮੈਂ ਕਿਹਾ ਕਿ ਹੁਣ ਦੇਖ ਲੈ ਬਾਗ ਜਿਹੜਾ ਹੈ, ਸਾਡੇ ਖੂਹ ਦੇ ਨਾਲ ਲਗਦਾ ਹੈ, 25 ਵਿਘਿਆਂ ਦਾ ਬਾਗ ਸੀ, ਬੰਨੇ ਨਾਲ ਬੰਨਾ ਲਗਦਾ ਹੈ। ਮੈਂ ਬਾਗ ਮਹਾਂਪੁਰਸ਼ਾਂ ਦੇ ਚਰਨੀਂ ਭੇਟਾ ਕਰ ਦਿਤਾ। ਉਹ ਕਹਿੰਦੀ ਮੈਨੂੰ ਤੇਰੀ ਲੋੜ ਹੈ, ਬਾਗ ਦੀ ਲੋੜ ਨਹੀਂ ਹੈ। ਕਹਿੰਦਾ ਅੱਠ ਸਾਲ ਦੀ ਉਮਰ ਮੈਨੂੰ ਹੋਰ ਬਖਸ਼ ਦਿਤੀ। ਰਾਜ਼ੀ ਹੋ ਗਿਆ, ਰਾਜ਼ੀ ਹੋ ਕੇ ਰਾੜਾ ਸਾਹਿਬ ਚਲਿਆ ਗਿਆ। ਮਹਾਰਾਜ ਜੀ ਨੇ ਕਿਹਾ ਕਿਵੇਂ ਆਏ ਹੋਂ ਤੁਸੀਂ ਸੇਠ ਜੀ! ਕਹਿੰਦਾ, ਮਹਾਰਾਜ ਐਉਂ ਹੋਇਆ ਸੀ, ਤੁਸੀਂ ਮੈਨੂੰ ਜਮਦੂਤਾਂ ਤੋਂ ਛੁਡਾਇਆ। ਨਾਲੇ ਕਿਹਾ ਕਿ ਅੱਠ ਸਾਲ ਦੀ ਉਮਰ ਹੋਰ ਹੈ। ਤੇ ਮੈਂ ਉਥੇ ਆਪਣਾ ਬਾਗ ਤੁਹਾਡੇ ਚਰਨਾਂ ਵਿਚ ਭੇਟਾ ਕਰ ਦਿਤਾ। ਮਹਾਰਾਜ ਕਹਿੰਦੇ, ਹੁਣ ਗੁਜ਼ਾਰਾ ਕਿਵੇਂ ਕਰੇਗਾ? ਕਹਿੰਦਾ, ਮੇਰੇ ਕੋਲ ਚੱਕੀ ਹੈਗੀ, ਉਥੇ ਮੇਰਾ ਗੁਜ਼ਾਰਾ ਵਧੀਆ ਚੱਲੀ ਜਾਣੈ। ਮਹਾਰਾਜ ਕਹਿੰਦੇ, ਐਉਂ ਕਰ ਛੋਟੇ ਸੰਤਾਂ ਕੋਲ ਚਲਿਆ ਜਾਹ। ਉਹ ਕਹਿੰਦੇ, ਦੇਖ ਲਾਲਾ! ਅਸੀਂ ਖੇਤੀ ਤਾਂ ਕਰਨੀ ਨਹੀਂ ਐਡੀ ਦੂਰ ਜਾ ਕੇ। ਐਉਂ ਕਰ ਬਾਗ ਦਾ ਮੁੱਲ ਪਾ ਲੈ। ਪਰ ਅਸੀਂ ਪਾਉਣਾ ਹੈ, ਤੈਨੂੰ ਨਹੀਂ ਪਾਉਣ ਦੇਣਾ। ਦੂਜੀ ਸ਼ਰਤ ਇਹ ਹੈ ਕਿ ਤੂੰ ਇਹ ਨਹੀਂ ਕਹਿਣਾ ਕਿ ਘੱਟ ਹੈ ਕਿ ਵੱਧ ਸੀ। 25 ਵਿਘੇ ਛੇ ਏਕੜ ਗਿਣੀ। ਬਹੁਤ ਹੀ ਸੋਹਣੀ, ਪਿੰਡ ਦੇ ਨਾਲ ਲਗਦੀ। ਮਹਾਰਾਜ ਕਹਿੰਦੇ 25 ਵਿਘੇ, ਸੌ ਰੁਪਿਆ ਵਿੱਘਾ ਮੁੱਲ। ਉਹਦੇ ਵਿਚ ਬੇਅੰਤ ਦਰਖਤ ਖੜ੍ਹੇ ਅੰਬਾਂ ਦੇ, ਟਾਹਲੀਆਂ ਖੜ੍ਹੀਆਂ। ਲੱਖਾਂ ਰੁਪਏ ਦਾ ਬਾਗ ਸੀ। ਕਹਿੰਦੇ 2500 ਰੁਪਏ ਵਿਚ। ਕਹਿੰਦੇ ਹੁਣ ਨਾ ਬੋਲੀ। ਕਹਿੰਦਾ, ਮਹਾਰਾਜ ਕੀ ਨਾ ਬੋਲਾਂ, ਤੁਸੀਂ ਤਾਂ ਕੁਛ ਵੀ ਮੁੱਲ ਨਾ ਪਾਇਆ। 2500 ਰੁਪਿਆ ਉਹਨੇ ਦੇ ਦਿਤਾ। ਰਾੜਾ ਸਾਹਿਬ ਕਿਸੇ ਦਾ ਨਾਮ ਨਹੀਂ ਸੀ ਲਿਖਿਆ ਹੁੰਦਾ, ਛੋਟੇ ਮਹਾਰਾਜ ਦਾ ਕਮਰਾ ਉਹਦੇ ਮੂਹਰੇ ਲਿਖਿਆ ਹੁੰਦਾ ਹੈ, ਧਮੋਟ ਦੇ ਅਮਰਨਾਥ ਨੇ 2500 ਰੁਪਏ ਦਾ ਕਮਰਾ ਬਣਾਇਆ। 2500 ਨਾਲ ਤਾਂ ਬਣਦਾ ਹੀ ਨਹੀਂ। ਆਪ ਹੀ ਬਣਾ ਕੇ ਉਹਦਾ ਨਾਉਂ ਕਰ ਦਿਤਾ। ਸੋ ਇਸ ਤਰ੍ਹਾਂ ਨਾਲ -

*ਕੋਟਿ ਅਪ੍ਰਾਧੀ ਸੰਤਸੰਗਿ ਉਧਰੈ ਜਮੁ ਤਾ ਕੈ ਨੇੜਿ ਨ ਆਵੈ॥*
*ਅੰਗ - 242*

ਸੋ ਇਸ ਤਰ੍ਹਾਂ ਦੇ ਨਾਲ ਮਹਾਂਪੁਰਸ਼ ਪੂਰਨ ਗਿਆਨਵਾਨ, ਇਹ ਨਹੀਂ ਕਿ ਉਹ ਤਪ ਕਰਕੇ ਹੋਏ। ਬਚਪਨ ਤੋਂ ਹੀ ਧੁਰ ਤੋਂ ਆਏ ਹੋਏ ਸੀ।

ਮੈਂ ਜਦੋਂ ਪਹਿਲੀ ਵਾਰੀ ਦਰਸ਼ਨ ਕਰੇ, ਮਾਤਾ ਜੀ ਮੇਰੇ ਲੈ ਗਏ। 16ਵਾਂ ਸਾਲ ਮੇਰਾ ਪੂਰਾ ਹੋ ਗਿਆ ਸੀ। 17ਵੇਂ ਦੇ ਵਿਚ ਸੀ। ਮੈਂ ਬਾਹਰ ਖੜ੍ਹ ਗਿਆ, ਦਰਸ਼ਨ ਕਰਕੇ। ਮਾਤਾ ਮੇਰੀ ਕਹਿਣ ਲੱਗੀ ਕਿ ਅੰਦਰ ਆ ਜਾ। ਮੈਂ ਕਿਹਾ ਮੈਂ ਕਰ ਲਏ ਦਰਸ਼ਨ। ਸਾਧੂਆਂ, ਸੰਤਾਂ ਕੋਲ ਬਹੁਤ ਮੈਂ ਘੁੰਮਦਾ ਸੀ। ਕੋਈ ਨਹੀਂ ਸੀ ਛੱਡਿਆ।

ਬੇਬੇ ਮੇਰੀ ਮੈਨੂੰ ਖਿੱਚ ਕੇ ਲੈ ਗਈ, ਤਕੜੀ ਸੀ। ਮਹਾਰਾਜ ਕਹਿਣ ਲੱਗੇ, ਕੀ ਗੱਲ? ਕਹਿਣ ਲੱਗੀ, ਮਹਾਰਾਜ ਜੀ! ਇਹ ਹੈ ਤਾਂ ਚੰਗਾ, ਪਰ ਆਉਂਦਾ ਨਹੀਂ ਸੀ ਅੰਦਰ। ਮਹਾਰਾਜ ਜੀ ਕਹਿਣ ਲੱਗੇ, ਮੈਨੂੰ ਦੇਖ, ਤੂੰ ਕੌਣ ਹੈਂ? ਸੰਗਤ ਬੈਠੀ ਸੀ ਬੇਅੰਤ ਮੈਂ ਚੁੱਪ ਕਰ ਗਿਆ।

ਸੰਗਤ ਕਹਿੰਦੀ ਕਾਕਾ, ਸੁਣਿਆ ਨਹੀਂ ਤੂੰ, ਤੈਨੂੰ ਮਹਾਰਾਜ ਨੇ ਪੁਛਿਆ ਹੈ ਕਿ ਤੂੰ ਕੌਣ ਹੈਂ? ਮੈਂ ਕਿਹਾ ਦਸਦਾ ਹਾਂ। ਮਹਾਰਾਜ ਕਹਿੰਦੇ ਖਾਮੋਸ਼, ਤੁਹਾਨੂੰ ਨਹੀਂ ਪਤਾ ਕੀ ਗੱਲ ਹੈ। ਮੈਨੂੰ ਇਕ ਮਿੰਟ ਲੰਘ ਗਿਆ। ਮਹਾਰਾਜ ਨੇ ਫੇਰ ਕਿਹਾ ਕਿ ਤੂੰ ਦੱਸਿਆ ਨਹੀਂ ਕਿ ਤੂੰ ਕੌਣ ਹੈਂ। ਮੈਂ ਕਿਹਾ ਦਸਦਾ ਹਾਂ ਮਹਾਰਾਜ। ਸਕੂਲ 'ਚੋਂ ਪੜ੍ਹ ਕੇ ਹਟਿਆ ਸੀ, ਨਾ ਮੈਂ ਕਦੇ ਫਿਲਾਸਫੀ ਸੁਣੀ, ਨਾ ਕਿਤੇ ਇਹੋ ਜਿਹੇ ਬਚਨ ਸੁਣੇ। ਸਵਾਲ ਪਾ ਦਿਤਾ ਮਹਾਂਪੁਰਸ਼ਾਂ ਨੇ, ਤਿੰਨ ਮਿੰਟ ਲੰਘ ਗਏ, ਮਹਾਰਾਜ ਕਹਿੰਦੇ ਦਸਦਾ ਹੈਂ ਤੂੰ ਕੌਣ ਹੈ? ਮੈਂ ਕਿਹਾ ਮਹਾਰਾਜ ਮੈਨੂੰ ਦਸਣਾ ਨਹੀਂ ਆਉਂਦੀ। ਸਾਰੀ ਸੰਗਤ ਹੱਸ ਪਈ। ਕਹਿੰਦੇ ਐਉਂ ਨਹੀਂ ਪਤਾ ਕਿ ਮੈਂ ਕੌਣ ਹੈਂ। ਮਹਾਰਾਜ ਕਹਿੰਦੇ ਕਿਵੇਂ ਨਹੀਂ ਆਉਂਦਾ ਤੈਨੂੰ। ਮੈਂ ਕਿਹਾ, ਮਹਾਰਾਜ ਜੇ ਦਰਵਾਜ਼ਾ ਬੰਦ ਹੁੰਦਾ, ਮੈਂ ਖੜਕਾਉਂਦਾ, ਤੁਸੀਂ ਮੈਨੂੰ ਪੁਛਦੇ ਕਿ ਤੂੰ ਕੌਣ ਹੈਂ। ਮੈਂ ਆਪਣਾ ਨਾਮ ਦੱਸ ਦਿੰਦਾ। ਜੇ ਮੈਂ ਪੰਗਤ ਵਿਚ ਪ੍ਰਸ਼ਾਦਾ ਛਕਦਾ ਹੁੰਦਾ, ਤੁਸੀਂ ਕਹਿੰਦੇ ਕੌਣ ਹੈਂ? ਮੈਂ ਜਾਤ ਦੱਸਣੀ ਸੀ। ਜੇ ਮੇਰੇ ਰਲਵੇਂ ਕੱਪੜੇ ਪਾਏ ਹੁੰਦੇ। ਨਾ ਬੀਬੀਆਂ ਵਰਗੇ, ਨਾ ਆਦਮੀਆਂ ਵਰਗੇ। ਮੈਂ ਦਸਣਾ ਸੀ ਕਿ ਮੈਂ ਲੜਕਾ ਹਾਂ। ਮੈਂ ਤੁਹਾਡੇ ਸਾਮ੍ਹਣੇ ਖੜ੍ਹਾ ਹਾਂ, ਤੁਸੀਂ ਪੁਛ ਲਿਆ ਕਿ ਮੈਂ ਕੌਣ ਹਾਂ। ਮੈਂ ਕਿਹਾ ਸੱਚੇ ਪਾਤਸ਼ਾਹ! ਮੈਂ ਪਹਿਲਾਂ ਦੱਸਣ ਲੱਗਿਆ ਸੀ ਕਿ ਪੰਜ ਸਾਲ ਤਾਂ ਨਾਮ ਹੋਰ ਸੀਗਾ। 11 ਸਾਲ ਤੋਂ ਮੇਰਾ ਨਾਮ ਵਰਿਆਮ ਸਿੰਘ ਹੈ। ਮੈਂ ਕਿਹਾ ਮੈਨੂੰ ਪਿਛਲੇ ਜਨਮ ਦੇ ਨਾਮ ਦਾ ਵੀ ਪਤਾ ਹੈ, ਹਰਨਾਮ ਸਿੰਘ ਸੀਗਾ। ਮਹਾਰਾਜ ਮੈਂ ਹੋਰ ਪਿਛੇ ਚਲਿਆ ਗਿਆ। ਜਿਵੇਂ ਖੂਹ ਹੋਵੇ ਡੂੰਘਾ, ਸੌ ਦੋ ਸੌ ਮੀਲ, ਭਉਣੀ ਦੇ ਉਤੇ ਗੰਢ ਦਿਤੀ ਹੋਵੇ। ਉਹਦੇ ਵਿਚ ਡੋਰ ਸੁੱਟ ਦਿਓ। ਉਹਦੇ ਵਿਚ ਭਉਣੀ ਘੁੰਮੀ ਜਾਏਗੀ। ਅਖੀਰ ਉਹ ਗੰਢ ਆ ਜਾਏਗੀ। ਕਹਿੰਦੇ ਗੱਲ ਦੇ ਬਹੁਤ ਨੇੜੇ ਪਹੁੰਚ ਗਿਆ ਤੂੰ। ਮਹਾਰਾਜ ਮੈਨੂੰ ਹੁਣ ਦਸਣਾ ਨਹੀਂ ਆਉਂਦਾ, ਮੈਂ ਉਹ ਹਾਂ ਜਿਹੜਾ ਪਹਿਲੇ ਦਿਨ ਬਣਿਆ ਸੀ। ਉਸ ਤੋਂ ਬਾਅਦ ਜਿਹੜਾ ਸਫਰ ਹੈ ਉਹਦੇ ਬਾਰੇ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥* *ਅੰਗ - 176*

ਸੋ ਮਹਾਰਾਜ ਮੈਨੂੰ ਨਹੀਂ ਪਤਾ।

ਮਹਾਰਾਜ ਕਹਿਣ ਲੱਗੇ, ਬਹਿ ਜਾ ਇਥੇ। ਮਹਾਰਾਜ ਨੇ ਨੇਤਰ ਬੰਦ ਕਰ ਲਏ, 45 ਮਿੰਟ ਕੋਈ ਬਚਨ ਹੀ ਨਾ ਕਰਿਆ। ਫੇਰ ਮੈਨੂੰ ਕਹਿਣ ਲੱਗੇ, ਨੇਤਰ ਖੋਲ੍ਹ ਕਹਿਣ ਲੱਗੇ, ਸੰਗਤ ਨੂੰ ਕਿ ਤੁਸੀਂ ਹਸਦੇ ਸੀ ਨਾ ਮੁੰਡੇ ਤੇ। ਮੈਨੂੰ ਕਹਿੰਦੇ ਕਾਕਾ, ਇਹਨੂੰ ਕੋਈ ਵੀ ਨਹੀਂ ਦਸ ਸਕਦਾ। ਜਿਥੇ ਤੂੰ ਗੱਲ ਕਰਦਾ ਹੈਂ, ਉਥੇ ਇਹਦਾ ਨਾਉਂ ਸਿਆਣਿਆਂ ਨੇ ਜੀਵ ਆਤਮਾ ਪਾ ਲਿਆ। ਕਹਿੰਦੇ, ਅੱਗੇ ਕਿਵੇਂ ਤੈਨੂੰ ਲਗਦਾ ਹੈ। ਮੈਂ ਕਿਹਾ ਮੈਨੂੰ ਐਉਂ ਲਗਦਾ ਹੈ ਜਿਵੇਂ ਵੱਡੇ ਪ੍ਰਕਾਸ਼ ਦੇ ਵਿਚੋਂ ਇਕ ਨਿੱਕੀ ਜਿਹੀ ਹੋਂਦ ਵਖਰੀ ਹੋ ਰਹੀ ਹੈ। ਕਹਿੰਦੇ ਬੱਸ, ਆਹ ਜਿਹੜੀ ਗੱਲ ਤੂੰ ਕਹੀ ਹੈ ਨਾ, ਅੱਗੇ ਨੂੰ ਕਦਮ ਪੁੱਟ ਲੈ। ਮਹਾਤਮਾ ਨੇ ਮਿਲਦੀ ਸਾਰ ਐਸਾ ਅਸਰ ਕਰਿਆ, ਉਥੇ ਹੀ ਮੇਰੀ ਬਿਰਤੀ ਲਗ ਗਈ। ਘਰ ਨਹੀਂ ਆਇਆ, ਮੈਂ ਸਿੱਧਾ ਹੀ ਮਸਤੂਆਣੇ ਆ ਗਿਆ। ਮਸਤੂਆਣੇ ਬੈਠਾ ਰਿਹਾ, ਨਾ ਉਹ ਗੱਲ ਟੁੱਟੇ, ਨਾ ਦਿਮਾਗ 'ਚੋਂ ਨਿਕਲੇ। ਤੇ ਨਾਲ ਮਹਾਂਪੁਰਸ਼ਾਂ ਨੇ ਕਿਹਾ, ਸੱਚੀ ਗੱਲ ਜਿਹੜੀ ਹੈ, ਉਹ ਤੈਨੂੰ ਅਸੀਂ ਦੱਸ ਦਿੰਦੇ ਹਾਂ।

ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥ ਅੰਗ – 485

ਕਹਿੰਦੇ ਲੈ ਬਈ ਆਹ ਸਬਕ ਯਾਦ ਕਰ ਲੈ, ਜੇ ਕਦਮ ਪੁੱਟ ਗਿਆ ਤਾਂ ਖੱਟ ਗਿਆ। ਮੈਂ ਕਿਹਾ, ਮਹਾਰਾਜ ਜ਼ਿੰਦਗੀ ਬੜੀ ਔਖੀ ਹੈ। ਪਤਾ ਨਹੀਂ ਕਿਹੜੀਆਂ ਲਹਿਰਾਂ 'ਚ ਗਿਰਨਾ ਹੈ। ਜੇ ਆਪ ਕ੍ਰਿਪਾ ਕਰਕੇ ਸਿਰ ਤੇ ਹੱਥ ਰੱਖੋਂਗੇ। ਮੇਰੀਆਂ ਭੁੱਲਾਂ ਨੂੰ ਨਹੀਂ ਵਿਚਾਰੋਂਗੇ। ਆਪ ਦੀ ਮਦਦ ਨਾਲ ਤਾਂ ਲੰਘ ਜਾਵਾਂਗੇ, ਪਰ ਇਹ ਮੁਸ਼ਕਲ ਹੈ।

ਜਦ ਤਕ ਸਾਧਨ ਨਹੀਂ ਹੈ ਇਹਦੇ ਵਾਸਤੇ ਲਗਾਤਾਰ ਮਿਹਨਤ ਕਰਨੀ ਪੈਂਦੀ ਹੈ ਸਾਰੀ ਜ਼ਿੰਦਗੀ। ਜੇ ਹਟ ਗਿਆ, 'ਮੈਂ' ਮਰ ਗਈ, ਫੇਰ –

*ਸੋਇ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ॥*
*ਅੰਗ - 1369*

ਨਿਹਚਾ ਕਰਨਾ ਹੈ।

*ਸਭੁ ਆਤਮ ਰਾਮੁ ਪਛਾਨਿਆ*
*ਤਾ ਇਕੁ ਰਵਿਆ ਇਕੋ ਓਤਿ ਪੋਤਿ॥ ਅੰਗ - 309*

ਸੋ ਆਖਰੀ ਸਬਕ ਹੈ ਜੇ ਆ ਜਾਵੇ ਕਿਸੇ ਦੇ ਭਾਗਾਂ ਦੇ ਵਿਚ। ਉਹ ਲੰਘ ਗਿਆ, ਜਿੰਨਾ ਚਿਰ ਨਹੀਂ ਆਉਂਦਾ ਓਨਾ ਚਿਰ –

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥*
*ਅੰਗ - 466*

ਸੋ –

*ਹਰਿ ਕੇ ਸੇਵਕ ਜੋ ਹਰਿ ਭਾਏ ਤਿਨੑ ਕੀ ਕਥਾ ਨਿਰਾਰੀ ਰੇ॥*
*ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ॥*
*ਅੰਗ - 855*

# ਕਰਿ ਸਾਧਸੰਗਤਿ ਸਿਮਰੁ ਮਾਧੋ.......

**ਪ੍ਰਭਜੋਤ ਕੌਰ**

ਤਿੰਨ ਜਾਂ ਸਾਢੇ ਤਿੰਨ ਸਾਲ ਤੋਂ ਉਪਰ ਸਮਾਂ ਜਾ ਚੁੱਕਿਆ ਹੈ, ਸਾਨੂੰ ਉਸ ਸਰੀਰ ਤੋਂ ਜੁਦਾ ਹੋਏ, ਜਿਸ ਦੀ ਮਹਿਮਾ ਅਵਰਨੀਯ ਹੈ। ਰਤਵਾੜਾ ਸਾਹਿਬ ਵਿਖੇ ਹਫਤਾਵਾਰੀ ਸਤਿਸੰਗ ਨਿਰੰਤਰ ਜਾਰੀ ਹੈ। ਹਾਲਾਤ ਬਦਲੇ ਪਰ ਉਸ ਨੇਮ ਵਿਚ ਕਦੀ ਫਰਕ ਨਹੀਂ ਪਿਆ। ਬਹੁਤ ਕੋਸ਼ਿਸ਼ਾਂ ਕੀਤੀਆਂ ਗਈਆਂ ਕਿ ਰਤਵਾੜਾ ਸਾਹਿਬ ਸਭ ਕੰਮ ਠੱਪ ਹੋ ਜਾਏ, ਪਰ ਠੱਪ ਤਾਂ ਤਦੇ ਹੋਵੇ ਜੇ ਕਿਸੇ ਬੰਦੇ ਦਾ ਘਰ ਹੋਵੇ, ਗੁਰੂ ਨਾਨਕ ਦੇ ਦਰ ਨੂੰ ਵੀ ਕਦੇ ਤਾਲੇ ਲੱਗੇ ਨੇ? ਸੋ ਇਹ ਬਹੁਤ ਵੱਡੀ ਬਾਤ ਹੈ ਕਿ ਸਤਿਸੰਗ ਸਮਾਗਮਾਂ ਦਾ ਸਿਲਸਿਲਾ ਜਾਰੀ ਹੈ। ਭਾਵੇਂ ਕਿ ਸਥਾਨ ਤੋਂ ਦੂਰ ਰਹਿਣ ਵਾਲੇ ਪ੍ਰੇਮੀਆਂ ਵਿਚ ਕਈ ਤਰ੍ਹਾਂ ਦੇ ਭਰਮ ਭੁਲੇਖੇ ਪਾਉਣ ਦੀ ਕੋਸ਼ਿਸ਼ ਕੀਤੀ ਗਈ, ਪਰ ਸੱਚ ਨੂੰ ਕੋਈ ਆਂਚ ਨਹੀਂ ਆ ਸਕਦੀ। ਸੱਚੇ ਪਾਤਸ਼ਾਹ ਜੀ ਦੀ ਕਿਰਪਾ ਨਾਲ ਸਤਿਸੰਗ, ਅਖੰਡਪਾਠ ਸਾਹਿਬ, ਕੀਰਤਨ ਪ੍ਰੋਗਰਾਮ ਸਭ ਕੁਝ ਪਹਿਲਾਂ ਵਾਂਗ, ਹਮੇਸ਼ਾਂ ਵਾਂਗ ਚਲ ਰਿਹਾ ਹੈ। ਇਸ ਤੋਂ ਵੱਡੀ ਕਿਰਪਾ ਸਤਿਗੁਰਾਂ ਦੀ, ਸਤਿਪੁਰਖਾਂ ਦੀ ਹੋਰ ਕੀ ਹੋਵੇ ਕਿ ਐਡੇ ਬਿਖੜੇ ਦਾਉ ਆਏ। ਪਰ ਸਭ ਅੱਖ ਫਿਰਕੇ ਵਿਚ ਪਾਰ ਕਰਾ ਦਿਤੇ। ਕਿਸੇ ਪ੍ਰੇਮੀ ਨੇ ਕੁਝ ਸਮਾਂ ਪਹਿਲਾਂ ਆਪਣੇ ਪਿਆਰ ਭਾਵ ਵਿਚ ਰਤਵਾੜਾ ਸਾਹਿਬ ਨੂੰ 'ਰੱਤੇ ਹੋਇਆਂ ਦਾ ਵਾੜਾ' ਕਿਹਾ ਸੀ, ਸੱਚਮੁੱਚ ਇਹ ਰੱਤੇ ਹੋਇਆਂ ਦਾ ਵਾੜਾ ਅੱਜ ਵੀ ਹਰ ਆਉਣ ਵਾਲੇ ਨੂੰ ਕਿਸੇ ਅਗੰਮੀ ਰੰਗ 'ਚ ਰੰਗਦਾ ਹੈ। ਪ੍ਰੇਮੀ ਇਕੱਠੇ ਮਿਲ ਬੈਠਦੇ ਹਨ, ਵੀਚਾਰਾਂ ਹੁੰਦੀਆਂ ਹਨ। ਪਰਮ ਪਿਆਰੇ ਬੀਜੀ ਦੇ ਦਰਸ਼ਨ ਦੀਦਾਰ ਤੇ ਪਿਆਰ ਮਿਲਦਾ ਹੈ। ਮਨ ਕ੍ਰਿਤ-ਕ੍ਰਿਤ ਹੁੰਦਾ ਹੈ। ਖਿੰਡੀਆਂ ਹੋਈਆਂ ਸੁਰਤੀਆਂ-ਬਿਰਤੀਆਂ ਟਿਕਾਉ ਦੇ ਘਰ ਆਉਂਦੀਆਂ ਹਨ। ਮਨ ਦੀਆਂ ਹੁਜਤਾਂ, ਸ਼ਰਾਰਤਾਂ ਉਠਦੀਆਂ ਵੀ ਉਦੋਂ ਹਨ ਜਦੋਂ ਆਦਮੀ ਗੁਰੂ ਤੋਂ ਬੇਮੁਖ ਹੋ ਜਾਵੇ ਅਤੇ ਮਨ ਸ਼ਾਂਤ ਹੀ ਉਦੋਂ ਹੁੰਦਾ ਹੈ ਜਦੋਂ ਗੁਰੂ ਦੇ ਦਰਸ਼ਨ ਨਾਲ, ਬਚਨਾਂ ਨਾਲ, ਸ਼ਰਧਾ ਦੇ ਘਰ 'ਚ ਆ ਕੇ ਦ੍ਰਵਦਾ ਹੈ। ਜ਼ਾਹਰ ਹੈ ਸਥਾਨ ਤੇ ਇਹ ਸਭ ਕਿਰਪਾ ਸਤਿਗੁਰੂ ਜੀ ਦੀ ਹੈ। ਸਤਿਪੁਰਸ਼ਾਂ ਦੀ ਹੀ ਹੈ ਪਰ ਫਿਰ ਵੀ ਇਕ ਭੁੱਖ ਹੈ, ਇਕ ਤ੍ਰਾਸ ਹੈ ਜੋ ਹਰ ਪ੍ਰੇਮੀ ਨੂੰ ਬੇਚੈਨ ਕਰਦੀ ਜਾ ਰਹੀ ਹੈ। ਹਰ ਪ੍ਰੇਮੀ ਦੇ ਅੰਦਰ ਵਲਵਲੇ ਉਠਦੇ ਹਨ, ਉਬਾਲ ਉਠਦਾ ਹੈ, ਉਛਾਲਾ ਆਉਂਦਾ ਹੈ, ਪਰ ਕੀ ਕਹਿਆ ਜਾਵੇ, ਉਸ ਸਰੀਰ ਦਾ ਮੁੜ ਮਿਲਣਾ ਨਾ ਮੁਮਕਿਨ ਹੈ।

ਆਪ ਜੀ ਦੇ ਅਤਿ-ਪ੍ਰੇਮੀਆਂ ਨੂੰ ਮਿਲਣ ਦਾ ਸੁਭਾਗ ਕਦੇ-ਕਦੇ ਮਿਲ ਜਾਂਦਾ ਹੈ। ਆਪ ਜੀ ਦੇ ਬਾਰੇ ਬਹੁਤ ਬਾਤਾਂ ਕਹੀਆਂ ਜਾਂਦੀਆਂ ਹਨ। ਬੇਅੰਤ ਹੱਡ ਬੀਤੀਆਂ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ, ਪਰ ਫਿਰ ਸਭ ਖਾਮੋਸ਼ ਹੋ ਜਾਂਦੇ ਹਨ। ਇਹ ਖਾਮੋਸ਼ੀ ਬਹੁਤ ਗਹਿਰੀ ਹੁੰਦੀ ਹੈ। ਕਿਸੇ ਪ੍ਰੇਮੀ ਕੋਲੋਂ ਆਪ ਜੀ ਦੀ ਬਾਤ ਕਹਿ ਨਹੀਂ ਹੁੰਦੀ। ਐਂ ਲਗਦਾ ਹੈ ਕਿ ਹਰ ਪ੍ਰੇਮੀ ਇਸ ਦੁੱਖ ਤੋਂ ਬਹੁਤ ਬੇਹਬਲ ਹੈ। ਇਸ ਨੂੰ ਜਰਨ ਦਾ ਸਭ ਤੋਂ ਸ਼ਾਂਤ ਤਰੀਕਾ ਸ਼ਾਇਦ ਖਾਮੋਸ਼ੀ ਹੀ ਹੈ। ਕੀ ਲਿਖਾਂ? ਹਰ ਵਾਰ ਇਕੋ ਸਵਾਲ ਆ ਖੜ੍ਹਾ ਹੁੰਦਾ ਹੈਂ। ਖਿਆਲ ਉਠਦਾ ਹੈ, ਪਰ ਕਲਮ ਆਪਣੀ ਅਸਮਰਥਾ ਪਹਿਲਾਂ ਹੀ ਬਿਆਨ ਕਰ ਦਿੰਦੀ ਹੈ। ਇਕ ਸਦਮਾ ਹੈ ਜੋ ਹਰ ਪ੍ਰੇਮੀ ਦੇ ਦਿਲ ਵਿਚ ਬਹੁਤ ਗਹਿਰਾ ਉਤਰ ਚੁੱਕਿਆ ਹੈ, ਨਾ ਉਹ ਬੋਲੇ ਤੋਂ ਛੁਪਦਾ ਹੈ ਅਤੇ ਨਾ ਹੀ ਚੁੱਪ ਰਹੇ ਤੋਂ। ਅਰ ਸ਼ੁਕਰ ਹੈ ਉਸ ਪਿਆਰੇ ਦਾ ਕਿ ਉਨ੍ਹਾਂ ਨੇ ਹਰ ਪ੍ਰੇਮੀ ਦੀ ਝੋਲੀ ਵਿਚ ਆਪਣੀ ਯਾਦ ਤੇ ਪਿਆਰ ਪਾਇਆ ਹੈ, ਜੋ ਹਮੇਸ਼ਾ ਆਤਮਾ ਦੇ ਸਫਰ ਵਿਚ ਉਸ ਦਾ ਸਾਥੀ ਅਤੇ ਸਹਾਰਾ ਬਣ ਕੇ ਨਾਲ ਨਿਭੇਗਾ। ਸਾਡੇ ਕਦਮ ਸ਼ਾਇਦ ਹਜ਼ਾਰਾਂ ਵਾਰ ਨਿੱਤ ਥਿੜਕਦੇ ਹਨ, ਪਰ ਮੋੜਨ ਵਾਲਾ ਬਹੁਤ ਡਾਢਾ ਹੈ। ਇਕ ਵਾਰੀ ਆਪ ਜੀ ਨੇ ਦੱਸਿਆ ਕਿ ਬਚਪਨ ਤੋਂ ਹੀ ਆਪ ਜੀ ਸਾਧੂਆਂ ਦੇ ਬਹੁਤ ਸ਼ਰਧਾਲੂ ਸਨ। ਕਹਿੰਦੇ ਮੈਂ ਹਟਦਾ ਨਹੀਂ ਸੀ ਹੁੰਦਾ, ਬਥੇਰਾ ਸਮਝਾਉਣਾ ਸਾਰਿਆਂ ਨੇ, ਮੈਨੂੰ ਮਹਾਰਾਜ ਜੀ ਨੇ ਵੀ ਘੂਰਨਾਂ। ਕਈ ਵਾਰ ਮੈਂ ਗਲਤੀ ਵੀ ਕਰ ਲੈਂਦਾ ਸੀ, ਪਰ ਮੇਰਾ ਜਿਹੜਾ ਮਾਲਕ ਸੀ ਨਾ ਉਹ ਬਹੁਤ ਡਾਢਾ ਸੀ। ਉਹ ਮੈਨੂੰ ਆਪ ਜੀ ਦੇ ਬਚਨ ਸਾਡੇ ਸਾਰਿਆਂ ਤੇ ਆਇਦ ਹੁੰਦੇ ਜਾਪਦੇ ਹਨ। ਸੰਸਾਰ ਭਟਕ ਰਿਹਾ ਹੈ, ਬਥੇਰਾ ਸਮਝਾਉਂਦੇ ਨੇ ਮਹਾਂਪੁਰਸ਼, ਪਰ ਉਹ ਅਗਿਆਨ ਦੀ ਬੇਹੋਸ਼ੀ 'ਚ ਐਨਾ ਗਹਿਰਾ ਚਲਿਆ ਗਿਆ ਬਈ ਮਹਾਰਾਜ ਕਹਿੰਦੇ ***'ਫਰੀਦਾ ਕੂਕੇਦਿਆ ਚਾਗੇਦਿੰਆ ਮਤੀ ਦੇਦਿਆ ਨਿਤ॥ ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥' ਅੰਗ-1378*** ਉਸ ਸ਼ੈਤਾਨ ਦੇ ਬਹਿਕਾਵੇ 'ਚ ਆ ਕੇ ਪਤਾ ਨਹੀਂ ਕਿਧਰੋਂ ਕਿਧਰ ਹੋ ਤੁਰਿਆ। ਆਪਣੇ ਆਲੇ ਦੁਆਲੇ ਆਪ ਹੀ ਜਾਲ ਬੁਣੀ ਜਾਂਦੈ ਤੇ ਅੰਤ ਵਿਚ ਉਸ ਵਿਚ ਫਸ ਕੇ ਆਪੇ ਹੀ ਫਨਾਹ ਹੋ ਜਾਂਦੈ। ਸੋਝੀ ਨਹੀਂ ਪੈਂਦੀ, ਜ਼ੋਰ ਲਾ ਲਉ ਜਿੰਨਾ ਮਰਜ਼ੀ, ਮੰਨ ਤਾਂ ਮੰਨਦਾ ਹੀ ਨਹੀਂ। ਕੇਵਲ ਸਾਧਨਾ ਕਰਨ ਵਾਲੇ ਹੀ ਦੱਸ ਸਕਦੇ ਹਨ ਕਿ ਮਨ ਨੂੰ ਕਿਵੇਂ ਟਿਕਾਇਆ ਜਾ ਸਕਦਾ ਹੈ। ਰਸਤਾ ਬਹੁਤ ਔਖਾ ਹੈ ਤੇ ਸਮਾਂ ਬਹੁਤ ਥੋੜ੍ਹਾ ਹੈ। ਕਰਿਆ ਕੀ ਜਾਵੇ, ਪਿਆਰੇ ਨਾਲ ਕਿੱਦਾਂ ਜੁੜਿਆ ਜਾਵੇ? ਇਕ ਸਮੱਸਿਆ ਹੈ-ਬਹੁਤ ਭਾਰੀ। ਮਹਾਰਾਜ ਜੀ ਫੁਰਮਾਉਂਦੇ ਹਨ 'ਰੇ ਮਨ ਰਾਮ ਸਿਉ ਕਰਿ ਪ੍ਰੀਤ' ਕਹਿੰਦੇ ਰੱਬ ਨਾਲ ਜੁੜਨਾ,

ਉਹਦੇ ਨਾਲ ਪ੍ਰੀਤ ਪਾ ਲੈ। ਗੀਤ ਗਾਉਣ ਤੋਂ ਵਰਜਿਆ ਨਹੀਂ। ਗੁਰਬਾਣੀ ਨੇ ਪਰ ਮਹਾਰਾਜ ਜੀ ਦਾ ਕਥਨ ਹੈ ਕਿ ਤੂੰ ਵਾਹਿਗੁਰੂ ਦੇ ਪਿਆਰ 'ਚ ਆ ਕੇ ਉਸਦੀ ਮਹਿਮਾ ਕਰ। ਅੱਗੇ ਆਪ ਜੀ ਦਾ ਪਵਿੱਤਰ ਫੁਰਮਾਨ ਹੈ,

*ਕਰਿ ਸਾਧਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ॥*
*ਅੰਗ - 631*

ਤੂੰ ਸਾਧ ਜਨਾ ਦੀ ਸੰਗਤ ਕਰ ਅਤੇ ਸਿਮਰਨ ਕਰ ਫਿਰ ਹੋਏਗਾ ਕੀ? ਮਹਾਰਾਜ ਜੀ ਦਾ ਸੁੰਦਰ ਕਥਨ ਹੈ ਕਿ ਐਸਾ ਕਰਨ ਨਾਲ ਤੂੰ ਪਵਿੱਤਰ ਤੋਂ ਪੁਨੀਤ, ਨਿਰਮਲ ਹੋ ਜਾਏਂਗਾ। ਬਿਬੇਕ ਬੁੱਧੀ ਤੈਨੂੰ ਪ੍ਰਾਪਤ ਹੋ ਜਾਵੇਗੀ। ਕਿੰਨਾ ਮਹਾਤਮ ਦੱਸਿਆ ਹੈ ਸਾਧਸੰਗਤ ਦਾ ਅਤੇ ਆਪ ਜੀ ਨਿਰਣਾ ਦਿੰਦੇ ਫੁਰਮਾਉਂਦੇ ਹਨ ਕਿ ਇਸ ਸੰਸਾਰ ਤੋਂ ਓਹੀ ਪਾਰ ਉਤਰਦੇ ਹਨ ਜੋ ਪ੍ਰਭੂ ਦੇ ਗੁਣ ਗਾਉਂਦੇ ਹਨ –

*ਇਹੁ ਸਾਗਰੁ ਸੋਈ ਤਰੈ ਜੋ ਹਰਿ ਗੁਣ ਗਾਏ॥*
*ਅੰਗ - 23*

ਬਹੁਤ ਜ਼ਿਆਦਾ ਅਹਿਮੀਅਤ ਹੈ ਸਾਧਸੰਗਤ ਦੀ। ਪਰ ਮੁਸ਼ਕਲ ਇਹ ਹੈ ਕਿ ਸਾਧਸੰਗਤ ਮਿਲਦੀ ਬਹੁਤ ਮੁਸ਼ਕਿਲ ਨਾਲ ਹੈ। ਕਲਜੁਗ ਦੇ ਘੋਰ ਸਮੇਂ ਵਿਚ ਸਭ ਤੋਂ ਮੁਸ਼ਕਿਲ ਹੈ ਸਾਧਸੰਗਤ ਦੀ ਪ੍ਰਾਪਤੀ। ਇਕੱਠ ਵੱਡੇ-ਵੱਡੇ ਹੋਣਗੇ, ਗੁਰੂ ਘਰ ਦੇ ਕੀਰਤਨੀਏ, ਬਹੁਤ ਸੁੰਦਰ ਢੰਗ ਨਾਲ ਬਾਣੀ ਦਾ ਗਾਇਨ ਕਰਨਗੇ, ਵੱਡੇ-ਵੱਡੇ ਗਿਆਨੀ, ਵੀਚਾਰਵਾਨ ਮਿਲਣਗੇ, ਚੰਗੇ ਸੋਹਣੇ ਲੰਗਰ ਵੀ ਚਲਦੇ ਹੋਣਗੇ, ਪਰ ਉਹ ਸਾਧਸੰਗਤ ਫਿਰ ਨਹੀਂ ਪ੍ਰਤੀਤ ਹੁੰਦੀ। ਕੋਈ ਬੁਰਾ ਨਹੀਂ ਹੈ, ਸਭ ਅੱਛੇ ਹਨ। ਆਪੋ-ਆਪਣੀ ਸੋਝੀ ਦੇ ਮੁਤਾਬਿਕ ਹਰ ਕੋਈ ਯਤਨ ਕਰਦਾ ਹੈ। ਲੇਕਿਨ ਸਾਧਸੰਗਤ ਬਹੁਤ ਕੀਮਤੀ ਤੋਹਫਾ ਹੈ ਵਾਹਿਗੁਰੂ ਜੀ ਦਾ। ਸੰਸਾਰ ਵਿਚ ਹਜ਼ਾਰਾਂ ਕੀ, ਕਰੋੜਾਂ ਰੂਹਾਂ ਤੁਰੀਆਂ ਫਿਰਦੀਆਂ ਹਨ, ਪਰ 'ਸੰਤ' ਕੋਈ ਵਿਰਲਾ ਹੀ ਹੈ। ਮਹਾਰਾਜ ਜੀ ਦਾ ਫੁਰਮਾਨ ਹੈ – 'ਕੋਟਨ ਮੈ ਨਾਨਕ ਕੋਊ' ਕਰੋੜਾਂ 'ਚ ਕੋਈ ਇਕ ਅੱਧਾ ਹੀ ਹੁੰਦਾ ਹੈ। ਪਿਤਾ ਜੀ ਤਾਂ ਅਕਸਰ ਹੀ ਫੁਰਮਾਉਂਦੇ ਹੁੰਦੇ ਕਿ ਸਾਧਸੰਗਤ ਜੀ ਮੈਨੂੰ ਤਾਂ ਇਕੋ ਹੀ ਮਿਲਿਆ ਸੀ। ਵੱਡੇ ਮਹਾਰਾਜ ਜੀ ਰਾੜਾ ਸਾਹਿਬ ਵਾਲੇ। ਉਸ ਤੋਂ ਬਾਅਦ ਵੈਸਾ ਕੋਈ ਨਹੀਂ ਦਿਸਿਆ। ਅਰ ਉਹੀ ਬਚਨ ਬੀਜੀ ਦੇ ਹਨ। ਪਰ ਯਥਾਰਥ ਇਹੀ ਹੈ, ਇਹ ਇਕ ਬਹੁਤ ਕੌੜਾ ਸੱਚ ਹੈ, ਪਰ ਸਾਧੂ ਕੋਈ ਵਿਰਲੇ ਹੀ ਹਨ। ਰਹੋ ਵਿਚਾਰ, ਕਾਸ਼ ਕੋਈ ਸਾਧੂ ਮਿਲ ਜਾਏ। ਜੇ ਕਿਸੇ ਇਨਸਾਨ ਨੇ ਜ਼ਿੰਦਗੀ ਵਿਚ ਜ਼ਿੰਦਗੀ ਦਾ ਪੂਰਾ ਆਨੰਦ ਲੈਣਾ ਹੈ ਤਾਂ ਉਹ ਇਹੀ ਅਰਦਾਸ ਕਰੇ ਕਿ ਹੇ ਵਾਹਿਗੁਰੂ! ਇਕ ਪੂਰਾ ਗੁਰੂ ਮਿਲ ਜਾਏ ਤੇ ਇਕ ਪੂਰਾ ਸਾਧੂ। ਦੋ ਚੀਜ਼ਾਂ ਜਿਸ ਨੂੰ ਜ਼ਿੰਦਗੀ ਵਿਚ ਮਿਲ ਗਈਆਂ। ਤੀਸਰੀ ਦੀ ਇਸਨੂੰ ਕੋਈ ਲੋੜ ਨਹੀਂ ਰਹਿੰਦੀ। ਐਨਾ ਸੁੱਖ ਹੈ ਸਾਧੂ ਦੀ ਸੰਗਤ ਵਿਚ, ਮਹਾਰਾਜ ਜੀ ਕਹਿੰਦੇ ਹਨ –

*ਜਿਸੁ ਸੁਖ ਕਉ ਨਿਤ ਬਾਛਹਿ ਮੀਤ॥*
*ਸੋ ਸੁਖ ਸਾਧੂ ਸੰਗਿ ਪਰੀਤਿ॥* *ਅੰਗ - 288*

ਕਹਿੰਦੇ ਜਿਹੜਾ ਸੁਖ ਤੂੰ ਰੋਜ਼ ਭਾਲਦਾ ਫਿਰਦੈਂ, ਜਿਹੜੇ ਸੁਖ ਦੀ ਤੂੰ ਕਾਮਨਾ ਕਰਦੈਂ, ਉਹ ਤੇ ਸਾਧੂ ਦੀ ਪ੍ਰੀਤ 'ਚੋਂ ਹੀ ਮਿਲ ਜਾਂਦਾ ਹੈ। ਇਨਸਾਨ ਸਾਰੀ ਉਮਰ ਕਾਹਦੇ ਪਿਛੇ ਖੱਪ ਖੱਪ ਕੇ ਮਰਦੈ ਕਿ ਮੈਂ ਸੁੱਖੀ ਹੋ ਜਾਵਾਂ। ਤਮਾਮ ਦੁੱਖਾਂ ਤੋਂ ਬਰੀ ਹੋਣ ਲਈ ਸਾਰੇ ਹੱਥਕੰਡੇ ਵਰਤਦਾ ਹੈ। ਪਰ ਮਹਾਰਾਜ ਜੀ ਦਾ ਫੁਰਮਾਨ ਹੈ ਕਿ ਜੇ ਤੂੰ ਸੁਖੀ ਹੋਣਾ ਹੈ ਤਾਂ ਸਾਧੂਆਂ ਨਾਲ ਪ੍ਰੇਮ ਕਰ। ਹੁਣ ਮੁਸ਼ਕਿਲ ਹੈ ਬਈ ਸੰਸਾਰ 'ਚ ਕੋਈ ਸੰਤ ਬੜੀ ਮੁਸ਼ਕਿਲ ਨਾਲ ਲੱਭਦਾ ਹੈ। ਫਿਰ ਉਸਦੀ ਸੰਗਤ ਛੇਤੀ ਨਾਲ ਨਹੀਂ ਮਿਲਦੀ। ਜੇ ਮਿਲ ਵੀ ਜਾਏ ਤਾਂ ਪ੍ਰੀਤ ਨਹੀਂ ਪੈਂਦੀ। ਜੇ ਪੈ ਜਾਏ ਤਾਂ ਵਿਘਨ ਟਿਕਣ ਨਹੀਂ ਦਿੰਦੇ। ਕਹਿਣ ਤੋਂ ਭਾਵ ਹੈ ਕਿ ਸਤਿਗੁਰੂ ਦੀ ਪ੍ਰੀਤ ਦਾ ਪੈਂਡਾ, ਸਾਧੂ ਦੀ ਪ੍ਰੀਤ ਦਾ ਪੈਂਡਾ ਬਹੁਤ ਬਿਖੜਾ ਹੈ, ਪਰੰਤੂ ਪਰਮ ਸੁਖਦਾਈ ਹੈ। ਚਾਕਰੀ ਤਾਂ ਇਕ ਆਮ ਜਿਹੇ ਦੁਨੀਆਂ ਦੇ ਰਾਜੇ ਦੀ ਨਹੀਂ ਮਾਣ ਹੁੰਦੀ ਜਿਥੇ ਚਾਕਰੀ ਰੱਬ ਦੀ ਹੋਏ, ਸਤਿਪੁਰਸ਼ਾਂ ਦੀ ਹੋਵੇ, ਉਥੇ ਤਾਂ ਕਹਿਣਾ ਹੀ ਕੀ। ਜਿੱਡਾ ਵੱਡਾ ਰੱਬ, ਓਡੀ ਕੁ ਔਖੀ ਉਹਦੀ ਚਾਕਰੀ। ਪਰ ਇਹ ਚਾਕਰੀ ਅਤਿ ਸੁਖਦਾਈ, ਪਰਮ ਅਨੰਦਮਈ ਹੈ, ਅਤਿ-ਨਿਰਮਲ ਹੈ। ਫਿਰ ਕੀ ਹੁੰਦਾ ਹੈ? ਮਹਾਰਾਜ ਜੀ ਫੁਰਮਾਉਂਦੇ ਹਨ "ਨਾਨਕ ਭਗਤਾ ਸਦਾ ਵਿਗਾਸ' ਹਮੇਸ਼ਾ ਹੀ ਖੇੜਾ ਬਣਿਆ ਰਹਿੰਦਾ ਹੈ। ਮਹਾਂਪੁਰਸ਼ਾਂ ਦੇ ਸਰੂਪ ਐਸੇ ਬਣ ਜਾਂਦੇ ਹਨ, ਮਾਨੋਂ ਕੋਈ ਚੁੰਬਕੀਏ ਸ਼ਕਤੀ ਹੋਵੇ ਤਾਂ ਹਰ ਇਕ ਧਿਆਨ ਨੂੰ ਟੁੰਬਦੇ ਹਨ। ਬਦੋ-ਬਦੀ ਧਿਆਨ 'ਚ ਉਤਰ ਜਾਂਦੇ ਨੇ। ਆਦਮੀ ਨੂੰ ਭੁੱਲਦੇ ਹੀ ਨਹੀਂ। ਫਿਰ ਉਨ੍ਹਾਂ ਦੇ ਪਿਆਰ 'ਚ ਹੀ ਜ਼ਿੰਦਗੀ ਗੁਜ਼ਰਨ ਲਗ ਜਾਂਦੀ ਹੈ। ਫਿਰ ਹੌਲੀ-ਹੌਲੀ ਪਰਮੇਸ਼ਰ ਦੀ ਕਿਰਪਾ ਨਾਲ, ਉਹ ਪਿਆਰ ਹੀ, ਪਿਆਰੇ ਦਾ ਪਿਆਰ ਹੀ ਜ਼ਿੰਦਗੀ ਬਣ ਜਾਂਦਾ ਹੈ, ਜਿਸ ਬਾਬਤ ਗੁਰਬਾਣੀ ਦਾ ਫੁਰਮਾਨ ਹੈ 'ਆਖਾ ਜੀਵਾ, ਵਿਸਰੇ ਮਰ ਜਾਉ' ਪਰ ਬਹੁਤ ਪੇਚੀਦਾ ਗੰਢ ਹੈ।

ਆਦਮੀ ਹਰ ਚੀਜ਼ ਨਾਲ ਜੁੜ ਸਕਦਾ ਹੈ। ਪਰ ਸਭ ਤੋਂ ਔਖਾ ਕੰਮ ਹੈ ਵਾਹਿਗੁਰੂ ਨਾਲ ਜੁੜਨਾਂ, ਗੁਰੂ ਮਹਾਰਾਜ ਜੀ ਨਾਲ ਜੁੜਨਾਂ, ਮਹਾਂਪੁਰਖਾਂ ਨਾਲ ਜੁੜਨਾ। ਜੁੜਨ ਲਈ ਸਭ ਤੋਂ ਵੱਡੀ ਚਾਟਸਾਲ, ਸਭ ਤੋਂ ਵੱਡਾ ਘਰ ਸਾਧਸੰਗਤ ਹੈ, ਉਥੇ ਨਾਮ ਵੀ ਹੈ, ਸੇਵਾ ਵੀ ਹੈ। ਕਿਸੇ ਤਰੀਕੇ ਵੀ ਲੱਗੇ, ਪਰ ਇਨਸਾਨ ਜੁੜਦਾ ਜ਼ਰੂਰ ਹੈ। ਨਹੀਂ, ਗੁਰੂ ਉਸਨੂੰ ਆਪ ਬਾਂਹ ਫੜ ਕੇ ਆਪਣੇ ਨਾਲ ਜੋੜਦਾ ਹੈ। ਇਨਸਾਨ ਦੇ ਹੱਥ ਵਸ ਕਦੇ ਕੁਝ ਨਹੀਂ ਹੁੰਦਾ, ਜੋ ਕਰਦਾ ਹੈ, ਉਹ ਸਭ ਮਾਲਕ ਹੀ ਕਰਦਾ ਹੈ। ਸਭ ਉਸੇ ਦਾ ਖੇਲ੍ਹ ਹੋ ਰਿਹਾ ਹੈ। ਵਾਸਤਵ ਵਿਚ ਸਾਰੇ ਖੇਲ੍ਹ ਦਾ ਰਚਣਹਾਰ ਉਹ ਆਪ ਹੀ ਹੈ। ਕਿਤੇ

ਹਉਮੈ ਪੈਦਾ ਕਰ ਦਿਤੀ, ਕਿਤੇ ਜੀਵ ਪੈਦਾ ਕਰ ਦਿਤਾ। ਸਾਰੀ ਪ੍ਰਕ੍ਰਿਤੀ ਸਾਜ ਦਿਤੀ। ਕਿਤੇ ਆਪ ਹਰ ਜੀਵ ਦੇ ਘਰ ਵਿਚ ਆਪਣਾ ਨਿਵਾਸ ਕਰ ਲਿਆ। ਕਿਤੇ ਸਾਧੂ ਬਣ ਕੇ ਸੰਸਾਰ ਨੂੰ ਤਾਰਨ ਲਗ ਪਿਆ। ਕਿਤੇ ਸਤਿਗੁਰੂ ਦੇ ਰੂਪ ਵਿਚ ਸੰਸਾਰ ਅੰਦਰ ਖੁਦ ਰੱਬ ਦਾ ਭੇਦ ਦਿਤਾ। ਸਭ ਉਸੇ ਦੀ ਲੀਲਾ ਹੋ ਰਹੀ ਹੈ। ਤੇ ਜੀਵ 'ਵਿਚਾਰਾ' ਬਣ ਗਿਆ। ਬੜਾ ਸੁੰਦਰ ਫੁਰਮਾਨ ਸਤਿਗੁਰੂ ਜੀ ਦਿੰਦੇ ਹਨ - ਕਿਆ ਵਿਚਾਰਾ ਜੰਤ ਜਾ ਆਪ ਭੁਲਾਇਆ॥ ਭੁਲਾਇਆ ਵੀ ਉਸ ਨੇ ਆਪੇ ਹੈ ਅਤੇ ਸਤਿਸੰਗਤ, ਗੁਰੂ ਅਤੇ ਮਹਾਂਪੁਰਸ਼ਾਂ ਦੇ ਰੂਪ ਵਿਚ ਆ ਆ ਕੇ ਜਗਾਉਂਦਾ ਵੀ ਆਪ ਹੈ। ਜਗਾਉਂਦਾ ਹੀ ਨਹੀਂ, ਸੇਵਾ ਵੀ ਲੈਂਦਾ ਹੈ, ਸਿਮਰਨ ਵੀ ਕਰਵਾਉਂਦਾ ਹੈ, ਆਪੇ ਪ੍ਰਤਿਪਾਲਦਾ ਹੈ, ਤਾਰਦਾ ਹੈ ਅਤੇ ਉਧਾਰਦਾ ਹੈ। ਪਰ ਕੁਝ ਕੁ ਫਰਜ਼ ਸਾਡਾ ਵੀ ਬਣਦਾ ਹੈ ਤੇ ਸਾਧਸੰਗਤ ਉਸੇ ਨੂੰ ਦ੍ਰਿੜ੍ਹ ਕਰਵਾਉਂਦੀ ਹੈ। ਇਹੋ ਜਿਹੀ ਸਾਧਸੰਗਤ ਆਪਾਂ ਸਾਰਿਆਂ ਨੂੰ ਪ੍ਰਾਪਤ ਹੋਈ। ਇਹੋ ਜਿਹੀ ਅਤਿ ਪੂਜਨੀਯ, ਅਤਿ ਪਿਆਰੀ, ਮਹਾਂ ਆਤਮਾਂ ਨਾਲ ਸਾਡਾ ਵੀ ਵਾਹਿਗੁਰੂ ਜੀ ਨੇ ਮੇਲ ਕਰਵਾਇਆ। ਬਹੁਤ ਕਿਰਪਾ ਬਰਸੀ, ਜੋ ਜੋ ਵੀ ਆਇਆ ਉਸ ਨੇ ਖੂਬ ਆਨੰਦ ਲੁੱਟਿਆ। ਅਣਗਿਣਤ ਨਸੀਬ ਸਫਲ ਹੋਏ, ਉਨ੍ਹਾਂ ਦੀ ਛੋਹ ਪਾ ਕੇ ਧੰਨ ਹੋਏ। ਜਿਸਨੇ ਵੀ ਉਨ੍ਹਾਂ ਦਾ ਦਰਸ਼ਨ ਕੀਤਾ, ਉਸਨੂੰ ਸਾਹਿਬ ਚਿਤ ਆਇਆ। ਵਿਸਰਿਆਂ ਨੂੰ ਉਨ੍ਹਾਂ ਨੇ ਜਾਗ ਲਗਾਈ, ਕਿੰਨੀਆਂ ਰੂਹਾਂ ਨੂੰ ਗੁਰੂ ਮਹਾਰਾਜ ਜੀ ਦੇ ਲੜ ਲਾਇਆ। ਜੋੜਿਆ ਪਰ ਹਰੀ ਦੇ ਨਾਲ, ਤੋੜਿਆ, ਸਭ ਬੁਰਿਆਈਆਂ ਤੋਂ। ਉਹ ਵੇਲਾ, ਉਹ ਦਿਨ, ਉਹ ਘੜੀਆਂ ਆਪ ਜੀ ਦੀ ਹਾਜ਼ਰੀ ਵਿਚ ਸਫਲ ਹੋਈਆ। ਆਪ ਜੀ ਦੇ ਕੋਲ ਬੈਠਿਆਂ ਅਗਰ ਚਿੱਤ ਵਿਚ ਕੋਈ ਚਿਤਵਨੀ ਉਠੀ ਤਾਂ ਸਿਰਫ ਗੁਰੂ ਦੀ, ਕੋਈ ਖਿਆਲ ਉਠਿਆ, ਉਹ ਵੀ ਸਿਰਫ ਗੁਰੂ ਜੀ ਦਾ। ਮਨ ਅਗਰ ਕੁਝ ਸੋਚਣ ਲਈ ਦੌੜਿਆ, ਤਾਂ ਸਿਰਫ ਗੁਰੂ ਜੀ ਦੀ ਸੋਚ ਉਸਨੂੰ ਛੋਹ ਗਈ। ਇਹੋ ਜਿਹਾ ਵਡਭਾਗਾ ਸਮਾਂ ਇਕਲਿਆਂ ਮੈਂ ਨਹੀਂ, ਲੱਖਾਂ ਸੰਗਤਾਂ ਨੇ ਮਾਣਿਆ ਹੈ। ਪਿਤਾ ਜੀ ਨੇ ਸਾਰੇ ਸੰਸਾਰ ਨੂੰ ਪਿਆਰ ਹੀ ਵੰਡਿਆ ਅਤੇ ਪਿਆਰ ਹੀ ਸਿਖਾਇਆ। ਇਕੋ ਹੀ ਸਬਕ ਦ੍ਰਿੜ ਕਰਵਾਇਆ ਕਿ ਜੇ ਵਾਹਿਗੁਰੂ ਨੂੰ ਮਿਲਣਾ ਹੈ ਤਾਂ ਪ੍ਰੇਮ ਨੂੰ ਸਮਝੋਂ। ਸਭ ਨਾਲ ਪ੍ਰੇਮ ਕਰੋ। ਅਰ ਉਹ ਪ੍ਰੇਮ ਬੀਜ ਦੀ ਤਰ੍ਹਾਂ, ਹਰ ਪ੍ਰੇਮੀ ਦੇ ਹਿਰਦੇ ਅੰਦਰ ਬੀਜ ਦਿਤਾ ਗਿਆ। ਅੱਜ, ਭਾਵੇਂ ਉਹ ਸਰੀਰ ਅਲੋਪ ਹੋ ਗਿਆ ਹੈ, ਪਰ ਆਪ ਜੀ ਦੀ ਪਵਿੱਤਰ ਯਾਦ, ਉਹ ਸਿਮ੍ਰਿਤੀ, ਉਹ ਹਰ ਘੜੀ ਫੁੱਲਾਂ ਵਾਂਗ ਖਿੜਿਆ ਹੋਇਆ ਸਰੂਪ ਕਿਸੇ ਪ੍ਰੇਮੀ ਨੂੰ ਵਿਸਰਦਾ ਨਹੀਂ ਹੈ। ਪਰ ਪ੍ਰੇਮੀ ਦਾ ਇਕ-ਇਕ ਹੰਝੂ ਉਸ ਪਿਆਰੇ ਦੇ ਚਰਨਾਂ ਵਿਚ ਨਤ-ਮਸਤਕ ਹੋਣਾ ਲੋਚਦਾ ਹੈ। ਆਪ ਜੀ ਕਿਸੇ ਵੀ ਪ੍ਰੇਮੀ ਦੇ ਦਿਲ ਤੋਂ ਜੁਦਾ ਨਹੀਂ ਹਨ। ਹਰ ਕੋਈ ਆਪਣੇ ਪਿਆਰੇ ਦੇ ਪਿਆਰ ਵਿਚ ਰੰਗਿਆ ਹੋਇਆ ਹੈ। ਮੈਂ ਕਿੰਨੀਆਂ ਐਸੀਆਂ ਰੂਹਾਂ ਦੇ ਦਰਸ਼ਨ ਕਰਦੀ ਹਾਂ। ਉਹ ਕੁਝ ਨਹੀਂ ਬੋਲਦੇ, ਸੰਤ ਮਹਾਰਾਜ ਜੀ ਦਾ ਨਾਂ ਸੁਣ ਕੇ ਚਿੱਤ ਹੋ ਜਾਂਦੇ ਹਨ। ਅੱਖਾਂ ਨਮ, ਸ਼ਾਇਦ ਪ੍ਰੇਮ ਇਸ ਤਰ੍ਹਾਂ ਕਲਮਾਂ ਤੇ ਦਵਾਤਾਂ ਨਾਲ ਲਿਖਣ ਵਾਲਾ ਵਿਸ਼ਾ ਨਹੀਂ ਹੈ। ਪ੍ਰੇਮੀ ਦੀ ਤੀਬਰਤਾ ਤੇ ਤੜਫ ਦਾ ਅਹਿਸਾਸ ਮੇਰੇ ਕੋਲ ਨਹੀਂ ਹੈ। ਪਰ ਮੈਂ ਉਸ ਪਿਆਰੇ ਦੇ ਹੁਕਮ ਨੂੰ ਮੰਨ ਕੇ ਹੀ ਇਸ ਵਿਸ਼ੇ ਤੇ ਲਿਖਣ ਦਾ ਜਤਨ ਕੀਤਾ ਹੈ। ਆਪ ਜੀ ਨੇ ਮੈਨੂੰ ਹੁਕਮ ਕੀਤਾ ਸੀ ਕਿ ਪ੍ਰੇਮ ਉਤੇ ਹੀ ਜ਼ਿਆਦਾ ਲਿਖਿਆ ਕਰ। ਵੱਡਾ ਸਾਹਿਬ ਵੱਡੀ ਬਖਸ਼ਿਸ਼ ਹੈ। ਉਥੇ ਤਕ ਇਨਸਾਨ ਦੀ ਪਹੁੰਚ ਹੋ ਹੀ ਨਹੀਂ ਸਕਦੀ। ਆਪ ਸਭ ਸੰਗਤਾਂ ਦੇ ਵਿਚੋਂ ਉਸ ਪਿਆਰ ਦੀ ਸੁਗੰਧੀ ਅਤੇ ਆਨੰਦ ਜ਼ਰੂਰ ਮਿਲਦਾ ਹੈ। ਇਕ-ਇਕ ਪ੍ਰੇਮੀ ਦੇ ਅੰਦਰ ਉਹ ਜੋ ਆਪ ਜੀ ਦੇ ਪ੍ਰਤੀ ਪਿਆਰ ਹੈ, ਉਹ ਉਨ੍ਹਾਂ ਦੀ ਮੌਜੂਦਗੀ ਦਾ ਪ੍ਰਤੱਖ ਅਹਿਸਾਸ ਹੈ। ਸੰਤ ਮਹਾਰਾਜ ਜੀ, ਬੀਜੀ ਦੀ ਅਪਾਰ ਕਿਰਪਾ ਹਮੇਸ਼ਾਂ ਇਸੇ ਤਰ੍ਹਾਂ ਸਾਡੀ ਝੋਲੀ ਪਵੇ। ਬੀਜੀ ਦੀ ਸਿਹਤਯਾਬੀ ਲਈ, ਆਓ ਸਾਰੇ ਅਰਦਾਸ ਕਰੀਏ। ਆਪ ਜੀ ਸਾਰੇ ਆਤਮ ਮਾਰਗ ਦੇ ਪਸਾਰ ਲਈ ਜ਼ਰੂਰ ਤਤਪਰ ਹੋਵੋ। ਵੱਧ ਤੋਂ ਵੱਧ ਆਪਣੇ ਪਿਆਰੇ ਦੇ ਸਥਾਨ ਤੇ ਆ ਕੇ ਸੇਵਾ ਸਿਮਰਨ ਵਿਚ ਸ਼ਾਮਲ ਹੋਵੋ ਅਤੇ ਪਿਆਰੇ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

**ਗੁ. ਰਤਵਾੜਾ ਸਾਹਿਬ ਟਰਸਟ ਦੇ ਬਾਨੀ ਮਹਾਂਪੁਰਸ਼ਾ ਦੇ ਜਨਮ ਦਿਹਾੜੇ ਸਬੰਧੀ ਖਬਰਾਂ**

ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਜਨਮ ਦਿਹਾੜਾ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰਛਾਇਆ ਹੇਠ ਆਤਮ ਮਾਰਗ ਆਰਗੇਨਾਈਜੇਸ਼ਨ ਨਿਊਯਾਰਕ ਦੀ ਸੰਗਤ ਵੱਲੋਂ ਮਿਤੀ 19 ਜੂਨ 2005 ਨੂੰ ਨਿਊਯਾਰਕ ਵਿਖੇ ਬਾਬਾ ਗੁਰਪਾਲ ਸਿੰਘ ਜੀ ਸਾਲਾਪੁਰ ਯੂ.ਪੀ. ਵਾਲਿਆਂ ਦੀ ਰਹਿਨੁਮਾਈ ਹੇਠ ਬੜੇ ਪਿਆਰ ਅਤੇ ਉਤਸ਼ਾਹ ਪੂਰਵਕ ਮਨਾਇਆ ਗਿਆ। ਇਸੇ ਤਰ੍ਹਾਂ ਬਾਬਾ ਸਤਿਨਾਮ ਸਿੰਘ ਜੀ ਅਤੇ ਸੰਗਤਾਂ ਵੱਲੋਂ ਵੀ ਸੇਨਹੋਜ਼ੇ ਵਿਖੇ ਧੂਮ-ਧਾਮ ਨਾਲ ਦਿਹਾੜੇ ਮਨਾਏ ਗਏ। ਇੰਗਲੈਂਡ ਦੀਆਂ ਸੰਗਤਾਂ ਅਤੇ ਹੋਰ ਦੇਸ਼ਾਂ ਵੱਲੋਂ ਵੀ ਇਹ ਖੁਸ਼ੀਆਂ ਦੇ ਦਿਹਾੜੇ ਮਨਾਉਣ ਦੇ ਸਮਾਚਾਰ ਪ੍ਰਾਪਤ ਹੋ ਰਹੇ ਹਨ। ਗੁਰੂ ਮਹਾਰਾਜ ਜੀ ਕ੍ਰਿਪਾ ਕਰਨ ਸੰਗਤਾਂ ਇਸ ਤਰ੍ਹਾਂ ਦੇ ਦਿਹਾੜੇ ਮਨਾ ਕੇ ਗੁਰੂ ਪੀਰਾਂ ਮਹਾਂਪੁਰਸ਼ਾਂ ਦੇ ਦਰਸਾਏ ਰਸਤੇ ਉਪਰ ਚੱਲ ਕੇ ਆਪਣਾ ਲੋਕ ਸੁਖੀ ਪ੍ਰਲੋਕ ਸੁਹੇਲਾ ਬਣਾਉਂਦੇ ਰਹਿਣ।

*ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ*

# ਸੰਤ ਬਿਮਲਾ ਸਿੰਘ

***ਡਾ. ਭਾਈ ਵੀਰ ਸਿੰਘ***

(ਨੋਟ: ਮਹਾਂਪੁਰਸ਼ਾਂ ਦੇ ਆਦੇਸ਼ਾਂ ਅਨੁਸਾਰ ਦੂਜੀ ਪਾਤਸ਼ਾਹੀ ਗੁਰੂ ਅੰਗਦ ਦੇਵ ਜੀ ਦੀ ਜੀਵਨ ਗਾਥਾ ਲੜੀਵਾਰ ਹਾਜਰ ਹੈ।)

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੂਸਰੇ ਅਵਤਾਰ ਦੀ ਕਥਾ

### ੧

*ਹੈ 'ਹਿਸਾਬੀ' ਆਖਦਾ 'ਮੈਂ ਕਰ ਹਿਸਾਬਾਂ ਸਾਰੀਆਂ,*
*ਕਿਧਰੇ ਤੇਰੇ ਮਹਬੂਬ ਦੇ ਡਿੱਠੇ ਨਕਸ਼ ਨਾ ਧਾਰੀਆਂ।*
*ਲੈਕੇ ਫ਼ੀਤੇ ਅਕਲ ਦੇ ਕਰਦਾ ਫਿਰੇ ਹੈ ਮਿਣਤੀਆਂ,*
*ਖੋਜਦਾ ਤੇ ਭਾਲਦਾ ਦਿਲ,—ਲਾ ਕੇ ਟੁੱਭੀ ਤਾਰੀਆਂ।*
*ਸੌਂ ਰਹੇ ਗਾਫ਼ਲ ਕਈ ਸਿਰਦਰਦੀਆਂ ਸਭ ਛੱਡਕੇ,*
*ਮਾਣ ਮੌਜਾਂ ਕੁਛ ਰਹੇ ਦੁਨੀਆਂ ਨੇ ਹਨ ਜੁ ਖਿਲਾਰੀਆਂ।*
*ਹਾਇ! ਸਾਨੂੰ ਰਮਜ਼ ਕੇਹੀ ਗ਼ੈਬ ਤੋਂ ਹੈ ਪੈ ਗਈ,*
*ਖੁਲ੍ਹ ਪਈਆਂ ਹਨ ਸਾਹਮਣੇ ਸਾਡੇ ਕਿਤਾਬਾਂ ਨਜ਼ਾਰੀਆਂ।*
*ਸੁਹਲ ਵਰਕਿਆਂ ਵਾਲੜਾ ਦਫ਼ਤਰ ਗੁਲਾਬਾਂ ਖੁਹਲਿਆ,*
*ਨਕਸ਼ ਹਰ ਵਰਕੇ ਪਏ ਤੇ ਖ਼ਤ ਤੇ ਪਈਆਂ ਧਾਰੀਆਂ।*
*ਜੀਉਂਦਾ ਵਰਕਾ ਹੈ ਲਿਖਿਆ, ਹੈ ਜੋ ਸੋਸਨ ਪੰਖੜੀ,*
*ਲਿਖੀ ਇਸਤੇ ਲਿਖਤ ਜੀਉਂਦੀ, ਲਿਖੀ ਜੁ ਗੈਬ ਲਿਖਾਰੀਆਂ।*
*ਨਕਸ਼ ਹੈ, ਹਾਂ ਰੂਪ ਹੈ, ਹਾਂ ਜਿੰਦ ਹੈ, ਹਾਂ ਆਪ ਹੈ,*
*ਲਪਟ ਹੈ ਤੇਰੀ ਪਿਆਰੇ! ਕਰ ਰਹੀ ਦਿਲਦਾਰੀਆਂ।*
*ਦੇਖਕੇ ਇਕ ਵੇਰ ਤੈਨੂੰ ਫਸ ਗਏ ਇਸ ਘੇਰ ਵਿਚ,*
*ਨੈਣ ਨਕਸ਼ਾਂ ਨੇ ਫੜੇ, ਸੈਨਤ ਨੇ ਹੋਸ਼ਾਂ ਮਾਰੀਆਂ।*

ਅੰਮ੍ਰਿਤ ਵੇਲਾ ਹੈ, ਘੜਿਆਲੀ ਨੇ ਤ੍ਰਿਪਹਿਰੇ ਮਗਰੋਂ ਹੋਰ ਦੋ ਘੜੀਆਂ ਵਜਾ ਦਿਤੀਆਂ ਹਨ। ਇਕ ਨਿੱਕਾ ਜਿਹਾ ਬਗੀਚਾ ਹੈ। ਵਿਚਾਲੇ ਕੱਚਾ ਥੜ੍ਹਾ ਹੈ, ਪਰ ਸਾਫ ਸੁਥਰਾ ਲਿਪਿਆ ਪੁਚਿਆ ਹੈ। ਇਸ ਦੇ ਦੁਆਲੇ ਤ੍ਰੈ ਗਜ਼ ਮੁਰੱਬਾ ਦਾ ਇਕ ਕੋਠਾ ਹੈ। ਇਸਦਾ ਬੂਹਾ ਖੁਲ੍ਹਿਆ, ਅੰਦਰੋਂ ਇਕ ਸੋਹਣੇ ਲੰਮੇ ਪਤਲੇ ਸਿੰਘ ਜੀ ਗਾਉਂਦੇ ਗਾਉਂਦੇ ਬਾਹਰ ਨਿਕਲੇ, ਅਸਮਾਨਾਂ ਵਲ ਤੱਕੇ, ਚੰਦ ਵਲ ਝਾਤ ਪਾਈ, ਮੁਸਕਰਾਏ ਤੇ ਆਪੇ ਨਾਲ ਬੋਲੇ, ਵਾਹ ਵਾਹ ਕੁਦਰਤ! ਮੇਰੇ ਕਾਦਰ ਦੀ ਪਿਆਰੀ। ਮੇਰੇ ਕਾਦਰ ਦੀ ਲਿਖਿਤ! ਮਨਾਂ! ਦੁਨੀਆਂ ਰੰਗਾਂ ਵਿਚ ਹੈ, ਮੌਜਾਂ ਵਿਚ ਹੈ, ਪਦਾਰਥਾਂ ਦੇ ਅਨੰਦ ਲੈ ਰਹੀ ਹੈ। ਕੋਈ ਹਾਲ ਮਸਤ ਹੈ, ਕੋਈ ਮਾਲ ਮਸਤ ਹੈ, ਕੋਈ ਭਾਲ ਮਸਤ ਹੈ, ਕੋਈ ਗਾਫਲ ਹੈ, ਕੋਈ ਅਕਲਾਂ ਨਾਲ ਖਨ ਖਨ ਕੇ ਦੁਨੀਆਂ ਖੋਜ ਖੋਜ ਕੇ ਆਖਦਾ ਹੈ, ਕੁਛ ਨਹੀਂ ਹੈ। ਦਾਨੇ ਤੇ ਅਨਜਾਨੇ ਸਾਰੇ ਗਾਫ਼ਲ ਹਨ।

ਵਿਸਮਾਦ ਅਵਸਥਾ ਵਿਚ ਬਿਰਾਜਮਾਨ ਧੰਨ ਗੁਰੂ ਨਾਨਕ ਦੇਵ ਜੀ

ਹੇ ਮੇਰੇ ਕਾਦਰ! ਤੂੰ ਤਾਂ ਪਰਤੱਖ ਹੈਂ। ਜ਼ਾਹਿਰ ਹੈਂ। ਹਾਜ਼ਰਾ ਹਜ਼ੂਰ ਹੈਂ।

ਵਾਹ ਵਾਹ ਭਾਗ! ਸਾਨੂੰ ਪਿੰਡ ਦਾਦਨ ਖਾਂ ਤੋਂ ਸਾਡੇ ਹੀ ਪਿੰਡ ਦੇ ਜੈਨ ਸਾਧੂ ਸ੍ਵਾਮੀ ਆਤਮਾ ਰਾਮ ਦੇ ਸੰਗ ਨੇ ਕੱਢਿਆ। ਆਪ ਵੀ ਪਿੰਡ ਦਾਦਨ ਖਾਂ ਦੇ ਸਨ। ਆਪ ਦੇ ਸੰਗ ਨੇ ਸਾਨੂੰ ਜੈਨ ਮਾਰਗ ਦੀਆਂ ਕਠਨ ਸਾਧਨਾਂ ਤੇ ਸੰਜਮਾਂ ਵਿਚ ਪਾਇਆ। ਸਾਧਨ ਕਰ ਕਰ ਲਿੱਸੇ ਪਤਲੇ ਤੇ ਉਦਾਸ ਹੋ ਗਏ ਪਰ ਹੱਥ ਕਿਨੇ ਨਾ ਪਿਆ। ਸੋਹਣੇ ਮੰਦਰ ਤਾਂ ਮਿਲੇ ਪਰ ਆਪਾ ਕੁਹਾ ਕੁਹਾ ਘਾਲਾਂ ਨੇ ਥਕਾ ਦਿਤਾ, ਸੋ ਅਸੀਂ ਇਨ੍ਹਾਂ ਤੋਂ ਬੀ ਉਦਾਸ ਹੋਏ। ਜੋਗੀਆਂ ਵਿਚ ਜਾ ਰਲੇ। ਜੋਗ ਕੀਤੇ, ਹਠ ਪਾਲੇ, ਬ੍ਰਤ ਰੱਖੇ, ਨਿਉਲੀ ਆਦਿ ਕਰਮ ਕੀਤੇ। ਜੋਗ ਦਾ ਸਿਖਿਆ ਦਾਤਾ ਕਹੇ ਤੇਰੇ ਤਪ

ਕਰਨ ਦੀ ਥਾਂਵੇਂ ਏਕਾਂਤ ਕਾਫੀ ਨਹੀਂ ਹੈ। ਸੋ ਫੇਰ ਏਕਾਂਤ ਢੂੰਡਦੇ ਅਸੀਂ ਭਰਥਰੀ ਹਰੀ ਦੇ ਤਪੋਥਾਨ ਪਹੁੰਚੇ। ਤਾਲ ਦਾ ਕਿਨਾਰਾ, ਭਰਥਰੀ ਦੀ ਗੁਫਾ, ਹਾਂ ਜਿਸ ਨੇ ਰਾਜ ਛੱਡ ਕੇ ਜੋਗ ਕੀਤਾ ਉਸ ਦੀ ਜੋਗ ਗੁਫਾ। ਏਥੇ ਤਪ ਕਰਦਿਆਂ ਨੂੰ, ਹਾਇ! ਸਿਖਜਾ ਦਾਤੇ ਨੇ ਕਿਹਾ ਏਥੇ ਬੀ ਏਕਾਂਤ ਕਾਫੀ ਮਿਲੀ। ਇਸ ਤੋਂ ਵੱਧ ਨਿਰਜਨ ਥਾਂ ਕਿਹੜਾ ਹੋਵੇ? ਪੰਜ ਬਰਸ ਇਥੇ ਰਹੇ, ਰੱਜ ਰੱਜ ਕੇ ਸਾਧਨ ਕੀਤੇ, ਦਿਲ ਟਿਕੇ, ਸ਼ੂਨ ਵਰਤੇ ਪਰ ਖਬਰੇ ਕੀਹ ਢੂੰਡਦੇ ਸਾਂ, ਦਿਲ ਜੋਗ ਸਾਧਨਾਂ ਨਾਲ ਨਾਂ ਤ੍ਰਿਪਤਿਆ। ਇਕ ਦਿਨ ਗੁਫਾ ਵਿਚੋਂ ਨਿਕਲ ਕੇ ਉਪਰ ਚਟਾਨ ਦੇ ਧੁਰ ਸਿਖਰੇ ਐਨ ਗੁਫਾ ਦੇ ਉਪਰ ਚੜ੍ਹੇ। ਇਥੇ ਇਕ ਮਕਾਨ ਹੈ, ਢੱਠਾ, ਪਤਾ ਕੀਤਾ। ਪਤਾ ਲੱਗਾ ਕਿ ਰਾਣਾ ਤੇ ਰਾਣੀ ਕੁੰਭਾ ਦਾ ਮਹਲ ਹੈ। ਵਾਹ ਮਨਾਂ! ਰਾਣੇ ਦਾ ਹਾਲ ਸੁਣ ਕੇ ਮਨ ਨੇ ਕਿਹਾ, ਦੇਖ! ਏਸ ਬਨ ਵਿਚ ਤ੍ਰੈ ਆਏ, ਤ੍ਰੈਏ ਰਾਜੇ। ਭਰਥਰੀ ਨੂੰ ਵੈਰਾਗ ਹੋਇਆ ਇਸਤ੍ਰੀ ਦੀ ਮੌਤ ਤੋਂ। ਗੋਪੀਚੰਦ ਨੂੰ ਵੈਰਾਗ ਹੋਇਆ ਮਾਂ ਦੀ ਮੱਤ ਨਾਲ। ਦੁਇ ਜਗਤ ਨੂੰ ਦੁਖ ਰੂਪ ਜਾਣ ਕੇ ਜਗਤ ਤੋਂ ਨੱਸੇ। ਕਈ ਤਰ੍ਹਾਂ ਦੇ ਤਪ ਹੱਠ ਕੀਤੇ। ਅੰਤ ਏਥੇ ਆ ਕੇ ਏਕਾਂਤ ਸੇਵੀ। ਭਰਥਰੀ ਨੇ ਵੈਰਾਗ ਸ਼ੱਤਕ ਲਿਖਿਆ। ਗੋਪੀਚੰਦ ਨੇ ਚੁੱਪ ਦਾ ਨਕਸ਼ ਏਸੇ ਗੁਫਾ ਤੇ ਖਿਚਿਆ। ਤੀਜੇ ਆਏ ਕੁੰਭਾ ਜੀ ਰਾਣੀ ਸਣੇ, ਗੁਜਰਾਤ ਦੇ ਮੁਸਲਮਾਨ ਹਮਲਾ ਆਵਰਾਂ ਤੋਂ ਜਾਨ ਬਚਾਉਣ। ਇਹ ਬੀ ਮਾਯਾ ਤੋਂ ਨੱਠੇ। ਪਰ ਕੇਹੜੀ ਮਾਯਾ? ਜੋ ਰਾਜ ਭਾਗ ਖੋਹਣ ਆਈ ਸੀ। ਏਹ ਸਨ ਪ੍ਰਜਾ ਪਾਲਕ। ਇਨ੍ਹਾਂ ਨੂੰ ਮਾਯਾ ਭਰਥਰੀ ਤੇ ਗੋਪੀ ਚੰਦ ਵਰਗੀ ਕੌੜੀ ਨਹੀਂ ਲੱਗੀ, ਐਨਾ ਕਸ਼ਟ ਪਾ ਕੇ ਬੀ ਜੋਗੀ ਨਹੀਂ ਬਣੇ, ਇਨ੍ਹਾਂ ਦੇ ਅੰਦਰ ਕੁਛ ਪਿਆਰ ਮਾਯਾ ਦਾ, ਕੁਛ ਦਰਦ ਪਰਜਾ ਦਾ ਸੀ। ਚਾਹ ਸੀ ਕਿ ਜਿੰਦ ਬਚੇ, ਜਦੋਂ ਜ਼ਾਲਮ ਮੁੜੇ ਤਾਂ ਫੇਰ ਪਰਜਾ ਪਾਲਾਂ।

ਗੁਰੂ ਨਾਨਕ ਦੇਵ ਜੀ ਦੀ ਸੰਗਤ ਵਿਚ ਭਾਈ ਲਹਿਣਾ ਜੀ ਦੇ ਚਿਹਰੇ ਤੇ ਨੂਰਾਨੀ ਨੂਰ ਖਿੜ ਰਿਹਾ ਹੈ।

ਸੋ ਤ੍ਰੈਏ ਵੱਖੋ-ਵੱਖ ਖਿਆਲਾਂ ਤੋਂ ਏਥੇ ਆਏ। ਹੇ ਮਨ! ਤੂੰ ਕੀਹ ਕਰਨ ਆਯਾ ਹੈਂ? ਨਾ ਮਾਂ ਨੇ ਤੋਰਿਆ, ਨਾ ਇਸਤ੍ਰੀ ਦੇ ਵਿਯੋਗ ਨੇ, ਨਾ ਜ਼ਾਲਮ ਦੇ ਜ਼ੁਲਮ ਨੇਂ, ਨਾ ਪ੍ਰਜਾ ਦੇ ਪਿਆਰ ਨੇ। ਇਕ ਸਾਧੂ ਦਾ ਸੰਗ ਘਰੋਂ ਲੈ ਤੁਰਿਆ ਤੇ ਆਹ ਦਿਨ ਆ ਗਏ। ਮੈਂ ਏਕਾਂਤ ਵਾਸੀ ਤਾਂ ਹਾਂ, ਜੋਗੀ ਬੀ ਹਾਂ, ਸਾਧਕ ਬੀ ਹਾਂ, ਪਰ ਕੀਹ ਮੈਂ ਇਨ੍ਹਾਂ ਪੱਥਰਾਂ ਤੋਂ ਕੁਛ ਵੱਧ ਹੋ ਗਿਆ ਹਾਂ, ਜੋ ਵਿਚੋਂ ਪੁਲਾੜੇ ਹੋ ਕੇ ਗੁਫਾ ਬਣ ਕੇ ਮੈਨੂੰ ਮੀਂਹ, ਠੰਢ, ਧੁੱਪ ਤੋਂ ਆਸਰਾ ਦੇ ਰਹੇ ਹਨ। ਹੇ ਮੇਰੇ ਮਨ! ਤੂੰ ਫੇਰ ਉਦਾਸੀ ਖਾਧੀ। ਗੁਫਾ ਤੋਂ ਉਦਾਸੀ, ਜਿਥੇ ਉਦਾਸੀ ਜਾਂਦੇ ਹਨ। ਸੋ ਹੁਣ ਫੇਰ ਟੁਰਿਆ। ਵਸ਼ਿਸ਼ਟ ਜਾ ਡੇਰੇ ਲਾਏ, ਗਊ ਮੁਖ ਦਾ ਨਿਰਮਲ ਜਲ, ਆਸ਼ਰਮ ਦਾ ਠੰਢਾ ਥਾਂ, ਮੂਰਤੀਆਂ ਦੀ ਪੂਜਾ। ਥੋੜ੍ਹੇ ਦਿਨ ਏਹ ਬੀ ਰੰਗ ਡਿੱਠਾ ਪਰ ਚਿੱਤ ਇਸ ਨਿਰੰਜਨ ਤਪੋਭੂਮੀ ਤੋਂ ਬੀ ਉਦਾਸ ਹੋ ਗਿਆ। ਹੇਠਾਂ ਉਤਰਿਆ ਪਰਬਤ ਤੋਂ ਨਾਥ ਦੁਆਰੇ ਹੁੰਦਾ ਹੋਇਆ ਬਨਾਰਸ ਆਯਾ। ਮੇਰੇ ਕ੍ਰਿਸ਼ਤਨ ਤੇ ਤਪ ਤੇ ਮੇਰੇ ਟਿਕਾਉ ਤੱਕ ਕੇ ਲੋਕਾਂ ਸਨਮਾਨ ਦਿਤਾ, ਪਰ ਮੇਰਾ ਮਨ ਸੱਖਣਾ ਸੀ, ਉਦਾਸ ਸੀ। ਫਿਰਦੇ ਫਿਰਾਂਦੇ ਇਕ ਦਿਨ ਨੌਂਵੇਂ ਗੁਰਾਂ ਦੇ ਦੁਆਰੇ ਜਾ ਅਲਖ ਜਗਾਈ ਮਧੂਕੜੀ ਵਾਸਤੇ, ਲੰਗਰ ਤਾਂ ਤਿਆਰ ਨਹੀਂ ਸੀ ਪਰ ਕੋਈ ਪਾਠ ਕਰ ਰਿਹਾ ਸੀ, ਕੁਛ ਪਤਾ ਨਹੀਂ ਸੀ ਕਾਹਦਾ? ਮੈਂ ਸੁਣਿਆ, ਬੈਠ ਗਿਆ, ਹਾਂ ਉਹ ਕੀ ਪਾਠ ਸੀ -

*ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥*
*ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥*
*ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ॥*
*ਹਾਰ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥*

*ਮੋਨ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ॥*
*ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ॥*
*ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ॥*
*ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ॥*
*ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ॥*
*ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ॥*
*ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ॥*
*ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ॥*
*ਜੋਗ ਸਿਧ ਆਸਣ ਚਉਰਾਸੀਹ ਇਹ ਭੀ ਕਰਿ ਕਰਿ ਰਹਿਆ॥*
*ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ॥*
*ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ॥*
*ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ॥*
*ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਣਾ॥*
*ਤੇਰੋ ਸੇਵਕੁ ਇਹ ਰੰਗਿ ਮਾਤਾ॥*
*ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ*
*ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ॥* *ਅੰਗ - 642*

ਵਾਹ ਵਾਹ! ਮੈਂ ਨਿਰਾਸ ਨੂੰ ਇਕ ਨਵੀਂ ਆਸ ਫੁੱਟ ਪਈ। ਕਿ ਹੈਂ, ਹਠਾਂ ਤਪਾਂ ਤੋਂ ਛੁਟ ਕੁਛ ਹੋਰ ਬੀ ਹੈ। ਪੁੱਛਿਆ ਇਹ ਕੀ ਹੈ? ਪਤਾ ਲੱਗਾ- ਆਪਣੇ ਹੀ ਵਕਤਨ ਦੀ ਅੰਮ੍ਰਿਤ ਗੰਗਾ ਹੈ। ਕੌਣ ਪੜ੍ਹਦਾ ਸੀ? ਇਕ ਗ੍ਰਿਹਸਤੀ। ਖਯਾਲ ਆਇਆ ਕਿ ਗ੍ਰਿਹਸਤੀ ਤਾਂ ਮੋਹ ਵਿਚ ਖਚਿਤ ਹੁੰਦਾ ਹੈ! ਇਸ ਨੂੰ ਕੌਣ ਪੁੱਛੇ? ਫਿਰ ਪਤਾ ਕੀਤਾ ਕਿ ਸੰਤ ਬੀ ਕੋਈ ਇਸ ਅੰਮ੍ਰਿਤ ਗੰਗਾ ਦਾ ਪੁਜਾਰੀ ਇਸ ਨਗਰੀ ਵਿਚ ਹੈ? ਤਾ ਨਿਰਮਲ ਟਿਕਾਣੇ ਦਾ ਪਤਾ ਲੱਗਾ। ਮੈਂ ਉਥੇ ਪੁੱਜਾ। ਕੋਈ ਸੰਤ ਪਾਠ ਕਰਦਾ ਸੀ, ਭਗਵੇ ਵੇਸ, ਵੈਰਾਗੀ, ਵਿਰੱਕਤ, ਉਸ ਤੋਂ ਮੈਂ ਪਾਠ ਸੁਣਿਆਂ। ਹੁਣ ਮੈਨੂੰ ਖੁਸ਼ੀ ਹੋਈ ਕਿ ਤਯਾਗੀ ਹੋ ਕੇ ਮੈਨੂੰ ਗ੍ਰਿਹਸਤੀ ਅੱਗੇ ਨਿਉਣ ਦੀ ਲਾਜ ਨਾ ਝੱਲਣੀ ਪਈ। ਸੰਤ ਤੋਂ ਪਾਠ ਸੁਣਿਆ। ਰੋਜ਼ ਸੁਣਿਆ। ਫਿਰ ਤਾਂ ਮੈਂ ਉਥੇ ਹੀ ਟਿਕ ਗਿਆ। ਸੁਣਾਂ, ਰੋਜ਼ ਸੁਣਾਂ। ਆਖਾਂ ਕਦੇ ਸੁਣਨੋਂ ਕੰਨ ਸੱਖਣੇ ਨਾ ਰਹਿਣ। ਸੁਣਦਿਆਂ ਸੁਣਦਿਆਂ ਕਦੇ ਕੋਈ ਓਥੇ ਕੋਈ ਦਾਤਾ ਜੀ ਆ ਗਏ। ਮੈਨੂੰ ਆਖਣ ਲੱਗੇ, ਘਾਲਾਂ ਘਾਲ ਕੇ ਜੋ ਆਪਾ ਧੁਪਦਾ ਹੈ, ਧੋਤੇ ਨੂੰ ਰੰਗ ਚਾੜ੍ਹੀਦਾ ਹੈ। ਮੈਂ ਕਿਹਾ ਤਰਸਦਾ ਹਾਂ, ਪਰ ਰੰਗ ਕਿਵੇਂ ਚੜ੍ਹੇ? ਆਪ ਬੋਲੇ ਕੁਦਰਤ ਦਾ ਕਾਦਰ ਹੈ, ਕੁਦਰਤ ਵਿਚ ਵਸਦਾ ਹੈ। ਹਰ ਰੰਗ, ਹਰ ਰੂਪ ਵਿਚੋਂ ਪੱਤ ਪੱਤ, ਡਾਲ ਡਾਲ, ਫੁੱਲ ਫੁੱਲ, ਫੱਲ ਫੱਲ ਵਿਚੋਂ ਸੈਨਤਾਂ ਮਾਰਦਾ ਹੈ, ਦੇਖ! ਮੈਂ ਅੱਗੋਂ ਕਿਹਾ ਕਿਵੇਂ ਦੇਖਾਂ? ਆਖਣ ਲੱਗੇ, ਉਹ ਹੈ, ਯਾਦ ਰੱਖ ਕਿ ਹੈਂ। ਉਹ ਪ੍ਰੇਮ ਹੈ, ਯਾਦ ਰੱਖ ਕਿ ਤੈਨੂੰ ਪਿਆਰ ਕਰਦਾ ਹੈ। ਉਹ ਆਨੰਦ ਹੈ ਤੇ ਆਨੰਦ ਦਾਤਾ ਹੈ, ਯਾਦ ਰੱਖ ਕਿ ਤੂੰ ਉਸ ਦੀ ਆਨੰਦ ਛਹਿਬਰ ਵਿਚ ਬੈਠਾ ਹੈਂ। ਬੱਸ ਐਉਂ ਭਾਂਡਾ ਸਿੱਧਾ ਹੋ ਜਾਏਗਾ, ਅੰਮ੍ਰਿਤ ਪਵੇਗਾ। ਮੈਂ ਕਿਹਾ, ਕੋਈ ਮੋਟੀ ਗੱਲ ਦੱਸੋ। ਆਖਣ ਲੱਗੇ, ਕਹੁ ਵਾਹਿਗੁਰੂ। ਮੈਂ ਕਿਹਾ, ਵਾਹਿਗੁਰੂ। ਮੇਰਾ ਕਹਿਣਾ ਸੀ ਕਿ ਕੁਛ ਆਇਆ, ਜੋ ਅੱਗੇ ਕਦੇ ਨਹੀਂ ਸੀ ਆਇਆ, ਸੁਆਦ ਸੁਆਦ ਮੇਰੇ ਲੂੰ ਕੁਛ ਛਿੜੇ, ਅੱਖਾਂ ਵਿਚ ਕੁਛ ਹੋਇਆ। ਜਿੰਦ ਕੁਛ ਪੰਘਰੀ ਹੋਈ ਲੱਗੇ। ਆਖਣ ਲੱਗੇ -

ਗੁਰੂ ਨਾਨਕ ਦੇਵ ਜੀ ਉਦਾਸੀਆਂ ਦੌਰਾਨ ਕਿਸੇ ਪਹਾੜੀ ਅਸਥਾਨ ਤੇ ਆਪਣੇ ਸਾਥੀਆਂ ਭਾਈ ਬਾਲਾ ਜੀ ਤੇ ਭਾਈ ਮਰਦਾਨਾ ਨਾਲ ਸੱਚੀ ਵਿਚਾਰ ਕਰਦੇ ਹੋਏ

***ਕਹੁ ਵਾਹਿਗੁਰੂ***

ਮੈਂ ਫੇਰ ਕਿਹਾ। ਕਹਿਣ ਲੱਗੇ, ਕਹਿੰਦਾ ਰਹੁ। ਕਹਿੰਦਾ ਜਾਹ। ਏਹ ਹਈ ਦਿਲ ਨੂੰ ਹੁਲਾਰਾ ਦੇ ਕੇ ਜਿੰਦ ਪਾਉਣ ਵਾਲੀ ਤੇ ਉਮਾਹ ਦੀ ਜਿੰਦ ਭਰ ਕੇ ਸੋਹਣੇ ਜਗਤ ਦੇ ਅਸਲੇ ਵਲ ਧੂ ਲਿਜਾਣ ਵਾਲੀ, ਜੀਉਂਦੀ ਤਾਂਘ-ਤਾਂਘ ਜਿੰਦ। ਬਸ ਮਿਲੇਂਗਾ, ਵੇਖੇਂਗਾ ਨਕਸ਼ ਹਰ ਰੰਗੇ, ਹਰ ਜਾਈ, ਫੇਰ ਖਿੜੇਂਗਾ।

ਸੱਚ ਕਿਹਾ ਸੀ ਦਾਤਾ ਨੇ। ਮੈਂ ਤਪਾਂ ਹਠਾਂ ਨਾਲ ਸੰਗਮਰਮਰ ਵਾਂਗੂੰ ਨਿਰਮਲ ਤੇ ਚਿੱਟਾ ਤਾਂ ਹੋ ਗਿਆ ਸਾਂ, ਪਰ ਸਾਂ ਨਿਰਜਿੰਦ, ਇਸ ਸੰਗਤ ਨਾਲ ਹੋ ਗਿਆ ਜੀਉਂਦਾ ਜਾਗਦਾ ਕੰਵਲ ਫੁੱਲ। ਹੁਣ ਸੁਆਦ ਆਇਆ ਏਕਾਂਤ ਦਾ। ਤਦ ਤੋਂ ਏਕਾਂਤ ਸੁਆਦ ਦੇਂਦੀ ਹੈ। ਹੇ ਮਨ ਮੇਰੇ! ਹੁਣ ਤੂੰ ਕਿਹਾ ਆਰਾਮ ਨਾਲ ਅੰਦਰ ਬੈਠਾ ਸੈਂ। ਕੈਸਾ ਸੁਖੀ ਹੋਇਆ ਹੈਂ ਬਾਹਰ ਆ ਕੇ, ਏਸ ਏਕਾਂਤ ਰਾਤ ਵਿਚ। ਦਾਤਾ! ਪਿਆਰਾ! ਮੇਰਾ ਖੁਸ਼ਬੂ ਰੂਪ-ਮਾਲਕ 'ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ' ਉਹ ਮੇਰੇ ਘਰ ਵਿਚ ਹੈ, ਕੀਕੂੰ ਮਿਲ ਰਿਹਾ ਹੈ ਮੇਰੇ ਆਪੇ ਨਾਲ! ਵਾਹ ਵਾਹ! ਪਰ ਹਾਂ, ਮਨ! ਫੜੀ ਰੱਖ, ਗਹੁ ਕਰਕੇ ਫੜੀ ਰੱਖ –

***ਬਾਰੰ ਬਾਰ ਬਾਰ ਪ੍ਰਭੁ ਜਪੀਐ॥***
***ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ॥ ਅੰਗ - 286***

ਧੰਨ ਨਾਮੀ, ਧੰਨ ਮਾਲਕ, ਧੰਨ ਪਿਆਰਾ ਵਾਹਿਗੁਰੂ, ਧੰਨ ਨਾਮ! ਲੈ ਮਨ ਹੁਣ ਤਖਤਪੋਸ਼ ਤੇ ਬੈਠ ਕੇ ਆਰਾਮ ਲੈ।

ਇਹ ਮਨ ਵਿਚ ਵਿਚਾਰਾਂ ਕਰਦੇ ਸੰਤ ਜੀ ਬੈਠ ਗਏ-ਚੰਦ ਵਿਚ ਤੂੰ, ਤਾਰੇ ਵਿਚ ਤੂੰ, ਤੂੰ ਮੇਰੇ ਸੁਗੰਧੀ ਰੂਪ, ਬਿਜਲੀ ਰੂਪ, ਭਾਵ ਰੂਪ, ਆਤਮ ਰੂਪ, ਆਪੇ ਆਪ ਨਿਰੰਜਨ। ਤੂੰ ਮੇਰੇ ਨਾਲ ਮੇਰੇ ਕੋਲ, ਮੇਰੇ ਵਿਚ ਹਾਂ ਮੇਰੇ ਪ੍ਰਤੱਖ ਵਾਹਿਗੁਰੂ।

ਹੈਂ ਅੱਜ ਕੀ ਹੈ? ਅੱਜ ਦਾਤਾ ਜੀ ਦਾ ਅਵਤਾਰ ਦਿਨ ਹੈ, ਜਿਸ ਗੁਰੂ ਨਾਨਕ ਸੁਆਮੀ ਨੇ ਇਹ ਅੰਮ੍ਰਿਤ ਗੰਗਾ ਆਕਾਸ਼ ਤੋਂ ਆਂਦੀ, ਉਸ ਦਾ ਜਨਮ ਦਿਨ ਹੈ। ਨਹੀਂ ਉਸ ਦਾ ਆਗਮ ਹੈ। ਉਹ ਜਨਮ ਵਿਚ ਕਾਸਨੂੰ ਹੈ।

ਹਾਂ ਮੇਰੇ ਗੁਰੂ ਨਾਨਕ! ਤੂੰ ਸੱਚਾ ਸਦਾ ਸ਼ਿਵ ਹੈਂ, ਕਲਿਆਣ ਦਾ ਅਵਤਾਰ ਤੂੰ ਹੈਂ, ਉਹ ਸ਼ਿਵ ਜਿਸ ਨੇ ਆਤਮ ਆਕਾਸ਼ ਵਿਚੋਂ ਗੁਰਬਾਣੀ ਦੀ ਅੰਮ੍ਰਿਤ ਗੰਗਾ ਧਰਤੀ ਤੇ ਆਂਦੀ। ਹੋਰ ਕੌਣ ਲਿਆ ਸਕਦਾ ਸੀ, ਹੋਰ ਕੌਣ ਆਪਣੀਆਂ ਜਟਾਂ ਵਿਚ ਇਸ ਨੂੰ ਪੀ ਸਕਦਾ ਸੀ। ਤੇਰਾ ਹੀ ਇਲਾਹੀ ਅੰਤਹ-ਕਰਣ ਸੁਧ ਸਤੋ ਅੰਸ਼ ਤੋਂ ਬਣਿਆ ਅੰਤਹਕਰਣ ਇਸ ਅੰਮ੍ਰਿਤ ਨੈਯਾ ਨੂੰ ਆਪਣੇ ਸਵੱਛ ਨਿਰਮਲ ਅਸਲੇ ਵਿਚ ਸਮਾਅ ਸਕਦਾ ਸੀ ਅਤੇ ਆਪਣੀ ਰਸਨਾ ਦੇ ਬਿਮਲ ਚਸ਼ਮੇਂ ਤੋਂ ਬਾਣੀ ਦੇ ਹਿਮਾਲਯ ਤੋਂ ਬੋਲੀ ਵਿਚ ਰੂਪਵਾਨ ਕਰਕੇ ਅੱਗੇ ਟੋਰ ਸਕਦਾ ਸੀ। ਵਾਹ ਵਾਹ ਮੇਰੀ ਅੰਮ੍ਰਿਤ ਗੰਗਾ! ਮੇਰੇ ਜਗਤ ਦੇ ਆਧਾਰ ਸੁਗੰਧੀ ਰੂਪ ਪਿਆਰੇ ਦੀ ਲਪਟ! ਜੋ ਮੇਰੇ ਪਿਆਰੇ ਗੁਰੂ ਨਾਨਕ ਦੇ ਹਿਰਦੇ ਵਿਚ ਆ ਕੇ ਗੁਲਾਬ ਵਾਂਗੂੰ ਰੂਪ ਧਾਰੀ ਹੋ ਕੇ ਸਾਨੂੰ ਮਿਲੀ, ਸਾਨੂੰ ਸੁਗੰਧਤ ਕਰ ਦਿਤਾ। ਧੰਨ ਗੁਰੂ ਨਾਨਕ!

ਘੋੜੇ ਤੇ ਸਵਾਰ ਭਾਈ ਲਹਿਣਾ ਜੀ ਗੁਰੂ ਨਾਨਕ ਦੇਵ ਜੀ ਤੋਂ 'ਨਾਨਕ ਤਪੇ' ਦੇ ਘਰ ਦਾ ਰਾਹ ਪੁਛ ਰਹੇ ਹਨ

ਅੱਜ ਹੇ ਧੰਨ ਗੁਰ ਨਾਨਕ! ਆਪ ਦਾ ਆਗਮ ਹੈ।

ਹੇ ਮਨ! ਉਠ ਅੱਜ ਗੁਰਦਵਾਰੇ ਚਲ। ਅੱਜ ਏਕਾਂਤ ਚੰਗੀ ਨਹੀਂ। ਜਿਸ ਦਾਤੇ ਤੈਨੂੰ ਸੁਰਜੀਤ ਕੀਤਾ ਸੀ, ਕਹਿੰਦੇ ਹੁੰਦੇ ਸਨ, ਕਿ ਜਦ ਕੋਈ ਜੀਉ ਪਵੇ ਤਾਂ ਆਪੇ ਵਿਚ ਇਕੱਲਾ ਨਾ ਜੀਵੇ। ਸਾਂਈ ਕੁਦਰਤ ਵਿਚ ਵਸਦਾ ਹੈ। ਉਹ ਭੀ ਕੁਦਰਤ ਵਿਚ ਰੱਬੀ ਜਲਾਲ ਦਾ ਪ੍ਰਕਾਸ਼ ਕਰੇ। ਚੱਲ ਮਨਾਂ! ਕੀਰਤਨ ਸੁਣ, ਲਾਹਾ ਲੈ। ਜੇ ਗੁਰੂ ਭਾਵੇ ਤਾਂ ਤੂੰ ਬੀ ਆਪਣੇ ਸਦਾ ਸ਼ਿਵ, ਅਸਲੀ ਸ਼ਿਵ, ਕਲਿਆਣ ਅਵਤਾਰ ਸ਼ਿਵ, ਸੁਲਹ ਤੇ ਪ੍ਰੇਮ ਦੇ ਅਵਤਾਰ ਗੁਰਬਾਣੀ ਦੀ ਅੰਮ੍ਰਿਤ ਗੰਗਾ ਦੇ ਪ੍ਰਵਾਹ ਨੂੰ ਦੁਨੀਆਂ ਵਿਚ ਅਮਰੀ ਰੌਅ ਕਰਕੇ ਵਗਾ ਦੇਣ ਵਾਲੇ ਦਾਤੇ ਤੇ ਗੁਣਾਨੁਵਾਦ ਕਰ। ਚੱਲ ਕਰ ਇਸ਼ਨਾਨ, ਹੋ ਤਿਆਰ। ਪਹਿਨ ਚੋਲਾ, ਸਜਾ ਦਸਤਾਰਾ, ਫੜ ਸੋਟਾ ਤੇ ਟੁਰ। ਚੱਲ ਉਥੇ ਜਿੱਥੇ ਮੇਰੀ ਅੰਮ੍ਰਿਤ ਗੰਗਾ ਦਾ ਬਿਮਲ ਪਰਵਾਹ ਅੱਜ ਠਾਠਾਂ ਮਾਰ ਕੇ ਵਗੇਗਾ। ਜਿੱਥੇ ਅੱਜ ਮੇਰੀ ਅਮਰ ਨੱਯਾ ਦੀ ਕਾਂਗ ਚੜ੍ਹੇਗੀ। ਚਲ, ਦੇਖ ਸੰਗਮ ਸਾਗਰ ਦਾ ਅਤੇ ਇਸ ਅੰਮ੍ਰਿਤ ਨੈਂ ਦਾ।

## ੨

ਇਕ ਨਗਰ ਹੈ। ਅੰਮ੍ਰਿਤ ਵੇਲਾ ਲੰਘ ਚੁੱਕਾ ਹੈ, ਪਰ ਅਜੇ ਸਵੇਰਾ ਹੈ। ਸੂਰਜ ਨਹੀਂ ਚੜ੍ਹਿਆ, ਮਿੱਠੀ ਮਿੱਠੀ ਠੰਢ ਪੈ ਰਹੀ ਹੈ, ਏਕਾਂਤ ਤੇ ਸੁਆਂ ਹੈ। ਇਕ ਘਰ ਅੱਗੇ ਇਕ ਸੱਜਣ ਆਵਾਜ਼ ਦੇ ਰਿਹਾ ਹੈ, ਭਾਈ ਪੁਰਸ਼ੋਤਮ ਸਿੰਘ ਜੀ! ਆਓ ਚੱਲੀਏ ਗੁਰਦੁਆਰੇ।

ਪੁਰਸ਼ੋਤਮ ਸਿੰਘ-ਤੁਸੀਂ ਚਲੋ, ਮੈਂ ਆਯਾ।

ਨਰੋਤਮ ਸਿੰਘ-ਵੀਰ ਜੀਓ! ਛੇਤੀ ਆਓ, ਮੈਨੂੰ ਗੁਰਦੁਆਰੇ ਤੋਂ ਵੱਡਾ ਕਾਕਾ, ਜੋ ਅੱਜ ਤ੍ਰੈ ਵਜੇ ਗਿਆ ਸੀ, ਆ ਕੇ ਦੱਸ ਗਿਆ ਹੈ, ਕਿ ਸੰਤ ਮਹਾਰਾਜ ਬਿਮਲਾ ਸਿੰਘ ਜੀ ਕੁਟੀਆ ਤੋਂ ਗੁਰਦੁਆਰੇ ਆ ਗਏ ਹਨ ਤੇ ਅੱਜ ਕਥਾ ਕਰਨਗੇ। ਆਓ ਛੇਤੀ, ਵੀਰ ਜੀ! ਸੰਤਾਂ ਦੇ ਅੰਮ੍ਰਿਤ ਬਚਨਾਂ ਤੋਂ ਵਿਰਵੇ ਨਾ ਰਹਿ ਜਾਈਏ।

ਪੁਰਸ਼ੋਤਮ ਸਿੰਘ - ਹੱਛਾ ਇਹ ਤਾਂ ਧੰਨ ਭਾਗ ਹਨ, ਲਓ ਠਹਿਰੋ ਮੈਂ ਪਲ ਵਿਚ ਆਯਾ।

ਥੋੜ੍ਹੇ ਚਿਰ ਮਗਰੋਂ ਦੁਇ ਗੁਰਦੁਆਰੇ ਨੂੰ ਜਾ ਰਹੇ ਸਨ। ਰਾਹ ਵਿਚ ਨਰੋਤਮ ਸਿੰਘ ਨੇ ਕਿਹਾ, ਵੀਰ ਜੀਓ ਉਸ ਦਿਨ ਸੰਗਤ ਗਈ ਤਾਂ ਸੰਤਾਂ ਦੇ ਬਚਨਾਂ ਤੋਂ ਆਸ ਨਹੀਂ ਸੀ ਬੱਝਦੀ ਕਿ ਸੰਤ ਅੱਜ ਗੁਰਦੁਆਰੇ ਆਉਣਗੇ, ਓਹ ਏਕਾਂਤ ਦੇ ਪਿਆਰੇ ਹਨ, ਪਰ ਅੱਜ ਦੇਖੋ ਆ ਹੀ ਗਏ ਹਨ, ਬੜੇ ਕਰਨੀ ਵਾਲੇ ਹਨ। ਵਿਦਨਾਨ ਤਾਂ ਸੰਤ ਬਹੁਤ ਮਿਲਦੇ ਹਨ ਪਰ ਕਰਨੀ ਵਾਲੇ ਹੋਣ, ਵਿਦਵਾਨ ਹੋਣ ਤੇ ਘਾਲਾਂ ਦੇ ਵਿਚ ਦੀ ਲੰਘੇ ਹੋਏ ਹੋਣ, ਇਹ ਜ਼ਰਾ ਕਠਨ ਮੇਲ ਮਿਲਦਾ ਹੈ।

ਪੁਰਸ਼ੋਤਮ ਸਿੰਘ-ਸੱਚ ਪੁਛੋ ਤਾਂ ਸਾਡੇ ਸੰਤ ਸੰਸਕ੍ਰਿਤ ਵਿਦ੍ਯਾ ਪਾ ਕੇ ਫੇਰ ਕੁਛ ਓਹੋ ਜਿਹੀਆਂ ਗੱਲਾਂ ਕਰਨ ਲਗ ਜਾਂਦੇ ਹਨ ਜਿਹੜੀਆਂ ਕਿ ਸਿਆਣੀਆਂ ਤਾਂ ਬੜੀਆਂ ਹੁੰਦੀਆਂ ਹਨ, ਪਰਚਾ ਵੀ ਹੁੰਦਾ ਹੈ, ਪਰ ਜਿਨ੍ਹਾਂ ਵਿਚ ਰਸ ਨਹੀਂ ਆਉਂਦਾ। ਅਸਲ ਵਿਚ ਕਈ ਅਨਜਾਣ ਤਾਂ ਅੰਦਰੋਂ ਗੁਰਬਾਣੀ ਤੋਂ ਬੀ ਸ਼ਰਧਾ ਹੀਨ ਹੋ ਜਾਂਦੇ ਹਨ, ਉਤੋਂ ਉਤੋਂ ਵਾਕ ਰਚਨਾ ਤ੍ਰਿਖੀ ਕਰ ਲੈਂਦੇ ਹਨ।

ਨਰੋਤਮ ਸਿੰਘ-ਭਾਈ ਜਿਵੇਂ ਆਪਾਂ ਨੂੰ ਬਾਬਾ ਬਿਮਲਾ ਸਿੰਘ ਜੀ ਨੇ ਸਮਝਾਇਆ ਸੀ ਕਿ ਗੁਰਬਾਣੀ ਆਤਮਰਸ ਭਰੀ ਅੰਮ੍ਰਿਤ ਗੰਗਾ ਹੈ, ਉਹ ਠੀਕ ਹੈ। ਸੰਤ ਦਸਦੇ ਹਨ ਕਿ ਅਸਾਂ ਜੋਗ ਸਾਧਨ ਕੀਤੇ ਹਨ, ਸ਼ਾਸਤਰ ਪੜ੍ਹੇ ਹਨ, ਸਗੋਂ ਦਸਦੇ ਸੀ, ਅਸਾਂ ਜੈਨ ਸ਼ਾਸਤਰ ਵੀ ਪੜ੍ਹੇ ਤੇ ਉਨ੍ਹਾਂ ਦੇ ਬੜੇ ਕਠਨ ਸਾਧਨ ਕੀਤੇ ਹੋਏ ਹਨ, ਵੇਦਾਂਤ ਦੇ ਬੀ ਪੂਰੇ ਜਾਣੂ ਹਨ। ਪਰ ਉਹ ਦਸਦੇ ਹਨ ਕਿ ਸਾਨੂੰ ਤੜਪ ਤੜਪ ਕੇ, ਸਹਿਕ ਸਹਿਕ ਕੇ, ਚਿਰਕੇ ਜਾ ਕੇ ਗੁਰਬਾਣੀ ਮਿਲਦੀ ਹੈ, ਸਾਨੂੰ ਇਸ ਦੀ ਕਦਰ ਹੈ, ਤੁਸਾਨੂੰ ਮਾਂ ਦੇ ਦੁੱਧ ਨਾਲ ਹੀ ਕੰਨੀ ਪੈਣ ਲਗ ਜਾਂਦੀ ਹੈ, ਤੁਸੀਂ ਇਸ ਦੀ ਕਦਰ ਨਹੀਂ ਪਾਉਂਦੇ।

ਪੁਰਸ਼ੋਤਮ ਸਿੰਘ-ਸ਼ਾਸਤ੍ਰ ਪੜ੍ਹ ਕੇ ਬੁੱਧੀ ਸਾਣ ਚੜ੍ਹ ਜਾਂਦੀ ਹੈ ਤੇ ਬੁੱਧੀ ਦੇ ਚਮਤਕਾਰ ਮਨ ਨੂੰ ਮੋਹ ਲੈਂਦੇ ਹਨ, ਤਦੋਂ ਮਨ ਨਾਲ ਜਾਣ ਲੈਣ ਨੂੰ 'ਗ੍ਯਾਨ' ਸਮਝ ਕੇ ਭੁੱਲ ਵਿਚ ਪੈ ਜਾਈਦਾ ਹੈ। ਸੰਤ ਦਸਦੇ ਸਨ ਕਿ ਕੋਈ ਗਿਆਨ ਗਿਆਨ ਨਹੀਂ ਜਦ ਤਕ ਕਿ ਨਾਮ ਸਿਮਰਨ ਨਾਲ ਉਥੇ ਨਾ ਅਪੜੇ ਜਿਥੇ ਸੁਗੰਧੀ ਰੂਪ ਵਾਹਿਗੁਰੂ ਦੇ ਨਾਲ ਜਾ ਲਗੀਦਾ ਹੈ। ਬਿਨਾਂ ਸਿਮਰਨ ਦੇ ਆਪਾ ਰਸ ਰੂਪ ਵਾਹਿਗੁਰੂ ਨਾਲ ਲਗ ਕੇ ਰਸ ਰੂਪ ਨਹੀਂ ਹੁੰਦਾ, ਇਸ ਕਰਕੇ ਸਾਰੇ ਗਿਆਨ ਧਿਆਨ ਨਾਮ ਬਿਨਾਂ ਸਫਲੇ ਨਹੀਂ ਹੁੰਦੇ। ਕਿਉਂਕਿ ਸਾਡੀ ਸੁਰਤ ਵਿਚ, ਜਾਂ ਸੰਤ ਜਿਵੇਂ ਕਹਿੰਦੇ ਸੀ, ਸਾਡੀ ਬਿਰਤੀ ਵਿਚ, ਅਕਾਲ ਪੁਰਖ ਆਰੂੜ੍ਹ ਹੋ ਕੇ ਨਿਰੰਤਰ ਮੇਲ ਵਾਂਗੂੰ ਨਹੀਂ ਜਦ ਤਾਂਈ ਬੈਠਦਾ, ਤਦ ਤਾਂਈਂ ਹਰ ਵੇਲੇ ਰਸ ਰੂਪ ਨਹੀਂ ਹੋ ਸਕੀਦਾ। ਉਸ ਵੇਲੇ ਉਨ੍ਹਾਂ ਨੇ ਇਹ ਪਉੜੀ ਬੀ ਪੜ੍ਹੀ ਸੀ -

*ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥*
*ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥*
*ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥*
*ਸੁਣ ਗਲਾ ਆਕਾਸ ਕੀ ਕੀਟਾ ਆਈ ਰੀਸ॥*

*ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ॥ ਅੰਗ - 7*

ਸੋ ਵੀਰ ਜੀਓ, ਸੰਤਾਂ ਦੀ ਸੰਗਤ ਬੜੀ ਗਨੀਮਤ ਹੈ, ਏਹ ਪੰਛੀ ਲੋਕ ਹਨ, ਪਤਾ ਨਹੀਂ ਕਦੋਂ ਏਥੋਂ ਟੁਰ ਜਾਣ, ਸਾਨੂੰ ਲਾਹਾ ਲੈ ਲੈਣਾ ਚਾਹੀਦਾ ਹੈ, ਉਹ ਨਾ ਹੋਵੇ ਕਿਸੇ ਵੇਲੇ ਉਡਾਰੀ ਮਾਰ ਜਾਣ।

ਪੁਰਸ਼ਤੋਮ ਸਿੰਘ-ਸੱਚ ਕਿਹਾ ਨੇ ਮੈਂ ਤਾਂ ਜਿੰਨੇ ਦਿਨ ਇਥੇ ਛੁਟੀ ਤੇ ਹਾਂ ਰੋਜ਼ ਚਲਿਆ ਕਰਾਂਗਾ, ਕਰਨੀ ਵਾਲੇ ਗੁਰਮੁਖ ਦੁਰਲੱਭ ਹੋ ਰਹੇ ਹਨ।

ਇੰਨੇ ਨੂੰ ਗੁਰਦੁਆਰਾ ਆ ਗਿਆ ਤੇ ਦੁਇ ਅੰਦਰ ਚਲੇ ਗਏ।

ਆਸਾ ਦੀ ਵਾਰ ਦੇ ਕੀਰਤਨ ਦਾ ਭੋਗ, ਜੋ ਕੀਰਤਨ ਕਿ ਸੰਗਤ ਨੇ ਆਪ ਸ਼ੁਰੂ ਕੀਤਾ ਹੋਇਆ ਸੀ, ਤਿਆਰ ਸੀ ਸੋ ਥੋੜ੍ਹੀ ਦੇਰ ਬਾਅਦ ਪੈ ਗਿਆ। ਸੰਤ ਸ੍ਰੀ ਗੁਰੂ ਜੀ ਦੀ ਤਾਬਿਆ ਬੈਠੇ ਸਨ। ਜਦ ਕਦੇ ਸੰਤ ਗੁਰਦੁਆਰੇ ਆ ਜਾਣ ਤਦੋਂ ਇਕ ਸ਼ਬਦ ਦੀ ਕਥਾ ਕਰਿਆ ਕਰਦੇ ਸਨ। ਜੋ ਸ਼ਬਦ ਕਿ ਪਹਿਲੇ ਆ ਜਾਵੇ ਉਸੇ ਦੀ ਵਿਆਖਿਆ ਕਰਦੇ ਸਨ। ਸੰਤ ਉਨ੍ਹਾਂ ਸਾਧਾਂ ਵਾਂਗੂੰ ਨਹੀਂ ਸਨ ਕਿ ਜੋ ਕਾਂਸ਼ੀ ਜਾਂ ਰਿਖੀ ਕੇਸ਼ ਆਦਿ ਥਾਂਈਂ ਰਹਿ ਕੇ ਸੰਸਕ੍ਰਿਤ ਵਿਦਯਾ ਦੇ ਪੰਡਤ ਹੋ ਕੇ ਜਦ ਮੌਕਿਆ ਬਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਕਥਾ ਕਰਨ ਬੈਠ ਤਾਂ ਜਾਂਦੇ ਹਨ ਪਰ ਬਾਣੀ ਦੇ ਅਰਥ ਨਾ ਲਾਏ ਹੋਣ ਕਰਕੇ ਅਕਸਰ ਅਰਥ ਉਲਟ ਪੁਲਟ ਕਰਦੇ ਹਨ ਤੇ ਹਰ ਖਿਆਲ ਨੂੰ ਖੁਸ਼ਕ ਵੇਦਾਂਤ ਵਿਚ ਢਾਲਣ ਦਾ ਯਤਨ ਕਰਦੇ ਹਨ। ਇਨ੍ਹਾਂ ਸੰਤਾਂ ਨੂੰ, ਜਦ ਤੋਂ ਕਿ ਆਪ ਗੁਰਬਾਣੀ ਦੇ ਪਿਆਰ ਵਿਚ ਆਏ ਸੇ ਤੇ ਉਪਦੇਸ਼ ਮਿਲਿਆ ਸੀ ਕਿ ਵਾਹਿਗੁਰੂ ਨੂੰ ਪ੍ਰਿਯ ਸਰੂਪ ਜਾਣ ਕੇ ਸਦਾ ਸਿਮਰਨ ਕਰੋ, ਤਦੋਂ ਹੀ ਤੋ ਮਹਾਂਪੁਰਖਾਂ ਨੇ ਸੁਖਮਨੀ ਸਾਹਿਬ ਦੇ ਰੋਜ਼ ਪਾਠ ਦੀ ਤਾਕੀਦ ਕੀਤੀ ਸੀ। ਆਪ ਨੂੰ ਜੋ ਐਉਂ ਗੁਰਬਾਣੀ ਦਾ ਸੁਆਦ ਪਿਆ ਤਾਂ ਆਪ ਨੇ ਇਕ ਸੰਪ੍ਰਦਾਈ ਸਿਆਣੇ ਤੋਂ ਸ੍ਰੀ ਗੁਰੂ ਜੀ ਦੇ ਅਰਥ ਵਿਚਾਰ ਲਏ ਸਨ। ਵਿਦਵਾਨ ਤੇ ਕਰਨੀ ਵਾਲੇ ਹੋਣ ਕਰਕੇ ਫਿਰ ਆਪ ਤੇ ਸਾਰੇ ਗੁਹਜ ਭਾਵ ਖੁਲ੍ਹ ਪਏ। ਸੋ ਆਪ ਜਦ ਕਦੇ ਮੌਕਿਆ ਬਣੇ ਤਾਂ ਇਸ ਭਾਵ ਨੂੰ ਲੈ ਕੇ ਕਥਾ ਕਰਦੇ ਕਿ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਹੈ, ਸਾਧਸੰਗਤ ਨੂੰ ਹਰਿ ਜਸ ਵਲ ਪ੍ਰੇਰਨਾ ਹੈ। 'ਆਪ ਜਪੈ ਅਵਰਹ ਨਾਮੁ ਜਪਾਵੈ' ਹੁਕਮ ਦੀ ਪਾਲਣਾ ਹੈ। ਕਥਾ ਐਸੀ ਮਨੋਹਰ ਕਰਦੇ ਸਨ ਕਿ ਸੁਣਨ ਵਾਲੇ ਮੋਹਿਤ ਹੋ ਜਾਂਦੇ। ਅੱਜ ਜਦ ਆਪ ਨੇ ਰੁਮਾਲ ਉਠਾਇਆ ਤਾਂ ਪਹਿਲਾ ਵਾਕ ਸ੍ਰੀ ਗੁਰੂ ਜੀ ਦਾ ਇਹ ਆਇਆ-

*ਸੋਰਠਿ ਮਹਲਾ ੫*
*ਕੋਟਿ ਬ੍ਰਹਿਮੰਡ ਕੋ ਠਾਕੁਰ ਸੁਆਮੀ*
*ਸਰਬ ਜੀਆ ਕਾ ਦਾਤਾ ਰੇ॥*
*ਪ੍ਰਤਿਪਾਲੈ ਨਿਤ ਸਾਰਿ ਸਮਾਲੈ*
*ਇਕੁ ਗੁਨੁ ਨਹੀ ਮੂਰਖਿ ਜਾਤਾ ਰੇ॥*
*ਹਰਿ ਆਰਾਧਿ ਨ ਜਾਨਾ ਰੇ॥*
*ਹਰਿ ਹਰਿ ਗੁਰੁ ਗੁਰੁ ਕਰਤਾ ਰੇ॥*
*ਹਰਿ ਜੀਉ ਨਾਮੁ ਪਰਿਓ ਰਾਮਦਾਸੁ॥ ਰਹਾਉ॥*
*ਦੀਨ ਦਇਆਲ ਕ੍ਰਿਪਾਲ ਸੁਖ ਸਾਗਰ*
*ਸਰਬ ਘਟਾ ਭਰਪੂਰੀ ਰੇ॥*
*ਪੇਖਤ ਸੁਨਤ ਸਦਾ ਹੈ ਸੰਗੇ*
*ਮੈ ਮੂਰਖ ਜਾਨਿਆ ਦੂਰੀ ਰੇ॥*
*ਹਰਿ ਬਿਅੰਤ ਹਉ ਮਿਤਿ ਕਰਿ ਵਰਨਉ*
*ਕਿਆ ਜਾਨਾ ਹੋਇ ਕੈਸੋ ਰੇ॥*
*ਕਰਉ ਬੇਨਤੀ ਸਤਿਗੁਰ ਅਪੁਨੇ*
*ਮੈ ਮੂਰਖ ਦੇਹੁ ਉਪਦੇਸੋ ਰੇ॥*
*ਮੈ ਮੂਰਖ ਕੀ ਕੇਤਕ ਬਾਤ ਹੈ*
*ਕੋਟਿ ਪਰਾਧੀ ਤਰਿਆ ਰੇ॥*
*ਗੁਰ ਨਾਨਕੁ ਜਿਨਿ ਸੁਣਿਆ ਪੇਖਿਆ*
*ਸੇ ਫਿਰਿ ਗਰਭਾਸਿ ਨ ਪਰਿਆ ਰੇ॥ ਅੰਗ - 612*

ਸੰਤ ਬਿਮਲਾ ਸਿੰਘ ਜੀ ਨੇ ਇਸ ਸ਼ਬਦ ਦਾ ਪਾਠ ਕਰਕੇ ਫਿਰ ਕਥਾ ਆਰੰਭੀ। ਐਸੀ ਸੋਹਣੀ ਤੇ ਪ੍ਰਭਾਵ ਵਾਲੀ ਕਥਾ ਕੀਤੀ ਕਿ ਸੰਗਤ ਸਾਰੀ ਦੀ ਸੁਰਤ ਇਕਾਗਰ ਹੋ ਕੇ ਉਚੀ ਹੋ ਗਈ। ਜਦੋਂ ਸੰਤ ਭੋਗ ਪਾ ਚੁੱਕੇ ਤਾਂ ਥੋੜ੍ਹੀ ਦੇਰ ਚੁਪ ਵਰਤੀ ਰਹੀ। ਫੇਰ ਪੁਰਸ਼ੋਤਮ ਸਿੰਘ ਨੇ ਹੱਥ ਜੋੜ ਕੇ ਕਿਹਾ, ਸ੍ਰੀ ਸਤਿਕਾਰ ਜੋਗ ਜੀਓ! ਮੈਂ ਕਿਸੇ ਸ਼ੰਕਾ ਦੇ ਭਾਵ ਨਾਲ ਨਹੀਂ ਪਰ ਆਪਣੇ ਸੁਖ ਲਈ ਇਕ ਗੱਲ ਪੁੱਛਣੀ ਹੈ, ਜੇ ਆਗਿਆ ਕਰੋ ਤਾਂ ਪੁੱਛਾਂ?

ਸੰਤ - ਜੀ ਸਦਕੇ ਪੁੱਛੋ, ਜੋ ਦਾਸ ਨੂੰ ਗੁਰਮਤਿ ਦਾ ਪ੍ਰਾਪਤ ਹੈ, ਹਾਜ਼ਰ ਹੈ।

ਪੁਰਸ਼ੋਤਮ ਸਿੰਘ-ਆਪ ਨੇ ਜਿਸ ਸ਼ਬਦ ਦੀ ਕਥਾ ਕੀਤੀ ਹੈ ਬੜੀ ਹੀ ਮਨੋਹਰ ਹੋਈ ਹੈ। ਸ਼ਬਦ ਬੀ ਆਪ ਦੀ ਵਿਆਖਿਆ ਮੂਜਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰੇਮ ਨਾਲ ਡੁੱਲ੍ਹ ਡੁੱਲ੍ਹ ਪੈ ਰਿਹਾ ਹੈ। ਜੋ ਗੱਲ ਮੈਂ ਮੂਰਖ ਨੇ ਪੁੱਛਣੀ ਹੈ ਉਹ ਇਹ ਹੈ ਕਿ ਪੰਜਵੇਂ ਗੁਰੂ ਜੀ ਦੇ ਸੂਹੀ ਰਾਗ ਦੇ ਇਕ ਸ਼ਬਦ ਵਿਚ ਆਯਾ ਹੈ -

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥*

ਆਪ ਨੇ ਆਪਣੀ ਕਥਾ ਵਿਚ ਇਸ ਤੁਕ ਦਾ ਪ੍ਰਮਾਣ ਦਿਤਾ ਹੈ ਤੇ ਦੱਸਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਜਨਮ ਮਰਨ ਦੋਹਾਂ ਵਿਚ ਨਹੀਂ ਹਨ, ਏਸ ਤੁਕ ਦਾ ਇਹ ਮਤਲਬ ਹੈ। ਪਰ ਜੀਓ, ਸ੍ਰੀ ਗੁਰੂ ਜੀ ਜਗਤ ਵਿਚ ਆਏ

ਤੋ ਏਥੋਂ ਫੇਰ ਗਏ। ਅਸੀਂ ਹੁਣ ਤਾਂਈਂ ਆਪ ਜੀ ਦੇ ਆਉਣ ਤੇ ਜਾਣ ਦੇ ਦਿਨਾਂ ਪਰ ਗੁਰਪੁਰਬ ਮਨਾਉਂਦੇ ਹਾਂ। ਫੇਰ 'ਜਨਮ ਮਰਨ ਦੁਹਹੂ ਮਹਿ ਨਾਹੀ' ਵਾਲੀ ਗੱਲ ਕੀਕੂੰ ਠੀਕ ਹੋਈ?

ਇਹ ਸੁਣ ਕੇ ਸਾਰੀ ਸੰਗਤ ਦਾ ਧਿਆਨ ਰਸ ਲੈਣ ਵਾਲਾ ਹੋ ਕੇ ਸੰਤਾਂ ਵਲ ਲਗ ਗਿਆ।

ਸੰਤ-ਖਾਲਸਾ ਜੀ! ਜਦੋਂ ਜੀਵ ਸਰੀਰ ਦਾ ਜਾਮਾ ਪਾ ਲੈਂਦਾ ਹੈ ਤਾਂ ਕਰਮ ਕਰਦਾ ਹੈ। ਇਨ੍ਹਾਂ ਕਰਮਾਂ ਨਾਲ ਉਸ ਦਾ ਸੁਭਾਵ ਤੇ ਵਾਸ਼ਨਾਂ ਬਣਦੀਆਂ ਹਨ, ਉਸ ਦੇ ਕੀਤੇ ਕਰਮਾਂ ਦੇ ਨਤੀਜੇ ਨਿਕਲਦੇ ਹਨ, ਅਥਵਾ ਉਸਨੂੰ ਫਲ ਲਗਦੇ ਹਨ, ਸੋ ਏਹ ਕਰਮ ਤੇ ਇਸ ਤੋਂ ਅੰਦਰ ਬਹਿ ਗੀਆਂ ਵਾਸ਼ਨਾਂ ਉਸਨੂੰ ਜਨਮ ਮਰਨ ਦੇਂਦੀਆਂ ਹਨ। ਜਨਮ ਧਾਰ ਕੇ ਫਲ ਭੋਗਦਾ ਤੇ ਹੋਰ ਕਰਮ ਕਰਦਾ ਹੈ। ਇਸ ਤਰ੍ਹਾਂ ਹਰ ਜੀਵ ਆਪਣੇ ਕਰਮਾਂ ਦਾ ਬੱਧਾ ਇਥੇ ਆਉਂਦਾ ਹੈ। ਇਸਨੂੰ ਕਹੀਦਾ ਹੈ ਕਿ ਹਰ ਜੀਵ ਜਨਮ ਮਰਨ ਵਿਚ ਹੈ। ਜੇ ਕੋਈ ਏਥੇ ਕਰਮਾਂ ਦੇ ਬੰਧਨ ਤੋਂ ਬਿਨਾਂ ਆਵੇ ਜਾਵੇ ਤਾਂ ਉਸ ਨੂੰ ਕਹੀਦਾ ਹੈ ਇਹ ਜਨਮ ਮਰਨ ਵਿਚ ਨਹੀਂ ਹੈ। ਜੇ ਇਸ ਗੱਲ ਨੂੰ ਤੁਸਾਂ ਜੀ ਨੇ ਦ੍ਰਿਸ਼ਟਾਂਤ ਨਾਲ ਸਮਝਣਾ ਹੋਵੇ ਤਾਂ ਇਹ ਮਿਸਾਲ ਲੈ ਲਓ। ਇਕ ਜੇਲ੍ਹਖਾਨਾ ਹੈ, ਇਸ ਦੇ ਅੰਦਰ ਜੀਵ ਜਾਂਦੇ ਆਉਂਦੇ ਹਨ। ਜੇਲ੍ਹ ਵਿਚ ਜਾਣਾ ਜੇਲ੍ਹ ਦਾ ਜਨਮ ਹੈ ਤੇ ਜੇਲ੍ਹ ਤੋਂ ਬਾਹਰ ਆਉਣਾ ਜੇਲ੍ਹ ਵਿਚੋਂ ਮਰਨੇ ਤੁੱਲ ਸਮਝੋ। ਸੋ ਜੇਲ੍ਹ ਵਿਚ ਜਨਮ ਮਰਨ ਕਰਮ ਬੱਧ ਹੁੰਦਾ ਹੈ। ਜੋ ਜਾਂਦੇ ਹਨ ਸੌ ਕਰਮ ਬੱਧ ਜਾਂਦੇ ਹਨ। ਪਰ ਉਸੇ ਜੇਲ੍ਹ ਵਿਚ ਉਸੇ ਬੂਹੇ ਥਾਣੀ ਦਰੋਗਾ ਤੇ ਪਹਿਰੇਦਾਰ ਤੇ ਸਿਪਾਹੀ ਜਾਂਦੇ ਹਨ। ਉਹ ਸਜ਼ਾਵਾਂ ਪਾ ਕੇ ਆਪਣੇ ਕਰਮਾਂ ਦੇ ਬੱਧੇ ਉਥੇ ਨਹੀਂ ਜਾਂਦੇ। ਸਗੋਂ ਇਹ ਕਿਸੇ ਫਰਜ਼ ਦੇ ਨਿਬਾਹ ਲਈ ਜਾਂਦੇ ਹਨ। ਤੀਸਰੇ ਹਨ ਧਾਰਮਿਕ ਜੀਵਨ ਵਾਲੇ ਜੋ ਜੇਲ੍ਹ ਵਿਚ ਸੁਤੰਤਰ ਇਛਿਆ ਨਾਲ ਜੰਦੇ ਹਨ। ਉਹ ਅੰਦਰ ਉਸੇ ਰਸਤੇ ਜਾਂਦੇ ਹਨ ਪਰ ਉਹ ਕਰਮਬੱਧ ਨਹੀਂ ਜਾਂਦੇ, ਉਹ ਪਰਉਪਕਾਰ ਲਈ ਜਾਂਦੇ ਹਨ ਕਿ ਜੀਵਾਂ ਨੂੰ ਸੁਮੱਤਿ ਦੇਣ ਕਿ ਉਹ ਭਲੇ ਹੋ ਜਾਣ ਤਾਂ ਕਿ ਫੇਰ ਜੇਲ੍ਹ ਵਿਚ ਨਾ ਜਾਣ। ਇਸੀ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ (ਤੇ ਦੱਸੋ ਗੁਰੂ ਸਾਹਿਬ) ਏਸ ਜਗਤ ਵਿਚ ਕਰਮ ਬੱਧ ਨਹੀਂ ਆਏ, ਓਹ ਪਰਉਪਕਾਰ ਲਈ ਸੁਤੰਤਰ ਆਏ, ਸਾਨੂੰ ਜਨਮ ਮਰਨ ਤੋਂ ਛੁਟਣ ਦੀ ਜਾਚ ਦੱਸਣ ਆਏ। ਹਾਂ, ਓਹ ਸਾਨੂੰ ਏਥੇ ਸੁਖੀ ਵਸਣ ਦਾ ਵਲ ਦੱਸਣ ਆਏ, ਅੱਗੇ ਜਾ ਕੇ 'ਬਹੁੜਿ ਨ ਹੋਵੀ ਜਨਮੜਾ' ਦੀ ਤਰਕੀਬ ਸਿਖਾਉਣ ਆਏ। ਇਸ ਲਈ ਪੰਚਮ ਸਤਿਗੁਰੂ ਜੀ ਨੇ ਫੁਰਮਾਇਆ ਕਿ ਸ੍ਰੀ ਗੁਰੂ ਨਾਨਕ ਦੇਵ ਜੀਓ (ਤੇ ਦੱਸੋ ਗੁਰੂ ਸਾਹਿਬ) ਪਰਉਪਕਾਰ ਲਈ ਸੁਤੰਤਰਤਾ ਵਿਚ ਆਏ ਹਨ, ਉਨ੍ਹਾਂ ਦਾ ਆਉਣਾ ਜਨਮ ਮਰਨ ਨਹੀਂ ਕਹਿਲਾ ਸਕਦਾ। ਉਹ ਏਥੇ ਆ ਕੇ ਜੀਅ ਦਾਨ ਦਿੰਦੇ ਹਨ। ਮਾਇਆ ਵਿਚ ਮੋਏ ਮਨ ਨੂੰ ਜੀਵਾਲਦੇ ਹਨ, ਕੀਕੂੰ? ਵਾਹਿਗੁਰੂ ਦੀ ਭਗਤੀ ਅਰਥਾਤ ਉਸ ਦੇ ਪ੍ਰੇਮ ਵਿਚ ਲਾ ਦਿੰਦੇ ਹਨ, ਐਸਾ ਕਿ ਉਸ ਨਾਲ ਮਿਲਾ ਦਿੰਦੇ ਹਨ। ਸੋ ਐਉਂ ਉਹ ਜਨਮ ਮਰਨ ਵਿਚ ਨਹੀਂ ਹਨ।

ਸਾਰੀ ਸੰਗਤ ਤੋਂ ਆਵਾਜ਼ ਆਈ, ਵਾਹ ਵਾਹ ਧੰਨ ਜਨਮ ਹੈ। ਫਿਰ ਸੰਤ ਬਿਮਲਾ ਸਿੰਘ ਜੀ ਬੋਲੇ-ਸਾਧਸੰਗਤ ਜੀ! ਜੇ ਇਸ ਗੁਰੂ ਕੇ ਟਹਿਲੀਏ ਦੀ ਬੇਨਤੀ ਮੰਨੋ ਤਾਂ ਸਤਿਗੁਰਾਂ ਦੇ ਗੁਰਪੁਰਬ ਵਾਲੇ ਦਿਨ ਨੂੰ 'ਜਨਮ ਦਿਨ' ਨਾ ਆਖਿਆ ਕਰੋ, ਉਹ ਜਨਮ ਵਿਚ ਨਹੀਂ ਹਨ। ਅਵਤਾਰ ਦਾ ਦਿਨ ਆਖਿਆ ਕਰੋ। ਅਤੇ ਏਥੋਂ ਟੁਰ ਜਾਣ ਦੇ ਦਿਨ ਨੂੰ ਜੋਤੀ ਜੋਤ ਸਮਾਉਣ ਦਾ ਦਿਨ ਆਖਿਆ ਕਰੋ। ਐਡੇ ਉਚ ਪਿਆਰਿਆਂ ਲਈ ਅਦਬ ਚਾਹੀਏ। ਬੰਦਗੀ ਦਾ ਮੂਲ ਅਦਬ ਹੈ, ਪ੍ਰੇਮ ਦਾ ਮੁੱਢ ਅਦਬ ਹੈ ਤੇ ਯਥਾਰਥ ਬਾਤ ਇਹ ਹੈ ਕਿ ਉਹ ਆਪ ਹਨ ਜੋ ਸੁਤੰਤਰ ਆਉਂਦੇ ਹਨ ਅਰਥਾਤ ਅਵਤਾਰ ਲੈਂਦੇ ਹਨ। ਸੰਗਤ ਨੇ ਆਖਿਆ 'ਸਤਿ ਬਚਨ ਮਹਾਰਾਜ ਜੀਓ।

ਹੁਣ ਇਕ ਸੱਜਣ ਨੇ, ਜਿਸ ਦਾ ਨਾਉਂ ਪ੍ਰੀਤਮ ਸਿੰਘ ਸੀ, ਬੇਨਤੀ ਕੀਤੀ ਕਿ ਮਹਾਰਾਜ ਜੀ ਜੇ ਖੇਚਲ ਨਾ ਹੋਵੇ ਤਾਂ ਅੱਜ ਸਤਿਗੁਰਾਂ ਦੇ ਜਨਮ ਦੀ ਕਥਾ ਆਪ ਹੀ ਸੰਗਤ ਨੂੰ ਸਰਵਣ ਕਰਾਓ।

ਸੰਤ ਜੀ - ਸਤਿ ਬਚਨ! ਅਵਤਾਰ ਦੀ ਕਥਾ ਆਖੋ ਨਾ।

ਪ੍ਰੀਤਮ ਸਿੰਘ - ਭੁੱਲ ਹੋ ਗਈ ਜੀਓ! ਅਵਤਾਰ ਦੀ ਕਥਾ।

ਸੰਤ ਜੀ - ਸਾਧਸੰਗਤ ਜੀ! ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਦੋ ਅਵਤਾਰ ਕਥਾ ਹਨ। ਇਕ ਪਹਿਲੀ ਇਕ ਦੂਜੀ। ਕਿਹੜੀ ਸੁਣਾਵਾਂ?

ਸੰਗਤ ਸੁਣ ਕੇ ਹੈਰਾਨ ਹੋ ਗਈ। ਭਾਈ ਸ਼ੇਰ ਸਿੰਘ ਨੇ ਉਠ ਕੇ ਕਿਹਾ, ਮਹਾਰਾਜ ਜੀਓ! ਪਹਿਲੀ ਕਿਹੜੀ ਤੇ ਦੂਜੀ ਕਿਹੜੀ?

ਸੰਤ ਜੀ-ਪਹਿਲੀ ਤਾਂ ਸ੍ਰੀ ਗੁਰੂ ਜੀ ਦਾ ਇਸ ਮਾਤ ਲੋਕ ਵਿਚ ਅਵਰਤਣ ਹੈ, ਤੇ ਦੂਸਰੀ ਹੈ ਸਾਡੇ ਕੋਲੇ ਰਹਿ ਪੈਣ ਦੀ। ਪਹਿਲੀ ਤੁਸਾਂ ਬਹੁਤ ਵੇਰ ਸੁਣੀ ਹੋਈ ਹੈ। ਗੁਰੂ ਜਸ ਸੁਣਦਿਆਂ ਸਿੱਖਾਂ ਦੇ ਕੰਨ ਨਹੀਂ ਰਜਦੇ, ਸੋ ਜਿਹੜੀ ਆਖੋ।

ਸੰਗਤ-ਮਹਾਰਾਜ ਜੀ! ਫੇਰ ਦੂਜੀ ਸਾਡੇ ਕੋਲ ਰਹਿ ਪੈਣ ਵਾਲੀ ਸੁਣਾਓ।

ਸੰਤ ਜੀ-ਦੇਖੋ ਭਾਈ, ਜੇ ਗੁਲਾਬ ਦੇ ਬੂਟੇ ਨਾਲੋਂ ਫੁੱਲ

ਤੋੜੀਏ ਤਾਂ ਹੱਥ ਵਿਚ ਫੁੱਲ ਆ ਜਾਂਦਾ ਹੈ, ਪਰ ਟਹਿਣੀ ਨਾਲ ਕੋਈ ਨਹੀਂ ਰਹਿੰਦਾ। ਅਸਾਂ ਸੁਣਿਆ ਹੈ ਕਿ ਇਸ ਰਚਨਾ ਦੀ ਕਿਸੇ ਸੂਖਮ ਦੁਨੀਆਂ ਵਿਚ ਐਸੀ ਹਾਲਤ ਹੈ ਕਿ ਉਥੇ ਜੇ ਟਾਹਣੀ ਨਾਲੋਂ ਫੁੱਲ ਤੋੜੋ ਤਾਂ ਫੁੱਲ ਤੁਹਾਡੇ ਹੱਥ ਵਿਚ ਬੀ ਹੋਏਗਾ ਤੇ ਟਾਹਣੀ ਨਾਲ ਭੀ ਉਸੇ ਤਰ੍ਹਾਂ ਲਹਿ-ਲਹਾਉਂਦਾ ਹੋਏਗਾ। ਇਸੇ ਪ੍ਰਮਾਣ ਤੋਂ ਖਿਆਲ ਕਰ ਲਓ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਐਸੀ ਕਲਾ ਵਰਤਾਈ ਕਿ ਆਪ ਇਥੋਂ ਚਲੇ ਬੀ ਗਏ ਤੇ ਸਾਡੇ ਪਾਸ ਬੀ ਰਹਿ ਪਏ। ਚਲੇ ਗਏ ਦੀ ਸਾਖੀ ਤਾਂ ਤੁਸਾਂ ਪੜ੍ਹੀ ਸੁਣੀ ਹੈ, ਰਹਿ ਪੈਣ ਦੀ ਸਾਖੀ ਐਉਂ ਹੈ -

ਜਗਤ ਜਲੰਦੇ ਨੂੰ ਉਬਾਰਨ ਲਈ ਜੋ ਉਦਾਸੀਆਂ ਸਤਿਗੁਰੂ ਨਾਨਕ ਦੇਵ ਜੀ ਨੇ ਕੀਤੀਆਂ ਉਨ੍ਹਾਂ ਵਿਚੋਂ ਪਹਿਲੀ ਉਦਾਸੀ ਦੇ ਮਗਰੋਂ ਦੇਸ਼ ਦਾ ਚੱਕਰ ਲਾ ਕੇ ਆਪ ਜੀ ਨੇ ਕਰਤਾਰ ਪੁਰਾ ਵਸਾਉਣ ਦਾ ਕੌਤਕ ਵਰਤਾਇਆ। ਇਸ ਤੋਂ ਮਗਰੋਂ ਜਦ ਬੀ ਉਦਾਸੀ ਕਰਕੇ ਦੇਸ਼ ਮੁੜੇ, ਕਰਤਾਰ ਪੁਰੇ ਆ ਕੇ ਰਹੇ। ਜਦੋਂ ਫੇਰ ਬਿਦੇਸ ਜਾਣਾ ਸੁੱਖ ਹੋ ਗਿਆ ਤਾਂ ਆਪ ਕਰਤਾਰ ਪੁਰੇ ਜੋਤਿ ਜਗਾ ਕੇ ਦੁਨੀਆਂ ਤਾਰਣ ਲੱਗੇ। ਉਦਾਸੀਆਂ ਛੱਡੀਆਂ ਤਦ ਉਹ ਭੇਖ ਭਗਵਾ ਪਹਿਨ ਕੇ ਜੋ ਉਦਾਸੀ ਰੰਗਤ ਚਲਾਈ ਸੀ ਉਤਾਰ ਦਿਤਾ। ਜਗਤ ਨੂੰ ਦੱਸ ਦਿਤਾ ਕਿ ਬਾਬਾ ਨਾਨਕ ਕਿਸੇ ਬੰਦਸ਼ ਵਿਚ ਬੰਦ ਨਹੀਂ। ਸੰਗਤਾਂ ਲੱਗੀਆਂ ਫੇਰ ਆਉਣ ਤੇ ਤਰਨ। ਕਰਤਾਰਪੁਰੇ ਦੀ ਆਪ ਦੀ ਬੱਧੀ ਧਰਮਸਾਲ ਵਿਚ ਕੀਰਤਨ ਉਪਦੇਸ਼ ਜੀਅਦਾਨ ਦਾ ਰੰਗ ਲੱਗਾ ਰਹੇ। ਕੌਤਕੀ ਸਤਿਗੁਰੂ ਨੇ ਧਰਮ ਕਿਰਤ ਦਾ ਹੁਕਮ ਦਿਤਾ ਸੀ, ਸੋ ਕਰਤਾਰਪੁਰੇ ਆਪ ਪੈਲੀਆਂ ਬਿਜਵਾਈਆਂ। ਆਪ ਖੇਤਾਂ ਵਿਚ ਜਾਇਆ ਕਰਦੇ ਸਨ। ਸੰਗਤਾਂ ਕਿਰਤ ਕਰਦੀਆਂ, ਫਸਲ ਹੁੰਦੇ, ਉਹ ਫਸਲ ਲੰਗਰ ਵਿਚ ਪਕਦੇ। ਪਰ ਜਦੋਂ ਐਸੇ ਆਦਮੀ ਦੀ ਭੀੜ ਹੋ ਜਾਂਦੀ ਕਿ ਜੋ ਨਾ ਨਾਮ ਜਪਦੇ, ਨਾ ਕਿਰਤ ਕਰਦੇ ਤਦ ਆਪ ਸਭ ਸਾਮਾਨ ਵਿਸਰਜਨ ਕਰਕੇ ਥੋੜ੍ਹੇ ਵਕਤ ਲਈ ਲੰਗਰ ਮਸਤ ਕਰ ਦੇਂਦੇ ਤੇ ਐਉਂ ਸੱਚੇ ਪ੍ਰੇਮ ਦੀ ਲਗਨ ਵਾਲੇ ਬੰਦੇ ਨਿਤਰ ਆਉਂਦੇ। ਦੇਖੋ ਇਹ ਕੌਤਕ ਕੇਡਾ ਅਨੂਪਮ ਵਰਤਾਇਆ। ਸੰਨਿਆਸ ਧਾਰ ਕੇ, ਅਰਥਾਤ ਫਕੀਰੀ ਭੇਖ ਧਾਰ ਕੇ, ਕੋਈ ਵਿਰਕਤ ਸਾਧੂ ਮੁੜ ਗ੍ਰਿਹਸਤ ਵਿਚ ਨਹੀਂ ਜਾਂਦਾ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੀਉਂਦੇ ਹੁਲਾਰਿਆਂ ਵਾਲੇ ਖੁੱਲ੍ਹਾਂ ਦੇ ਮਾਲਕ ਨੇ ਜਦ ਡਿੱਠਾ ਕਿ ਬੇਬੇ ਸੁਲੱਖਣੀ ਜੀ ਪੇਕੇ ਘਰ ਬੜੇ ਦੁਖੀ ਹਨ, ਬੱਚਿਆਂ ਸਮੇਂ ਓਹ ਪੇਕੇ ਪਰਿਵਾਰ ਤੇ ਭਾਰੂ ਹਨ, ਸਾਕ ਅੰਗ ਮੇਹਣਿਆਂ ਨਾਲ ਖੇਦ ਦੇਂਦੇ ਹਨ ਤੇ ਉਹ ਸਦਾ ਉਦਾਸ ਤੇ ਗਮ ਵਿਚ ਰਹਿੰਦੇ ਹਨ ਤਾਂ ਆਪ ਨੇ ਉਨ੍ਹਾਂ ਦੇ ਬੇਨਤੀ ਕਰਨੇ ਪਰ ਉਨ੍ਹਾਂ ਨੂੰ ਕਰਤਾਰਪੁਰ ਰਹਿਣੇ ਦੀ ਆਗਿਆ ਦੇ ਦਿਤੀ। ਭੇਖ ਧਾਰ ਕੇ ਭੇਖ ਦੇ ਕੈਦੀ ਹੋ ਜਾਣ ਵਾਲੇ ਜੋਗੀਆਂ ਨੇ ਗੁਰੂ ਜੀ ਨੂੰ ਉਲ੍ਹਾਮਾਂ ਬੀ ਦਿਤਾ, ਪਰ ਦਾਤਾ ਜੀ ਨੇ ਪਰਵਾਹ ਨਾ ਕੀਤੀ। ਉਨ੍ਹਾਂ ਦਾ ਅਸੂਲ 'ਸੱਚ' ਤੇ ਟੁਰਨਾ, ਅਮਲੀ ਸਚਿਆਰ ਹੋਣਾ, ਆਤਮ ਸੱਚ ਤੇ ਟਿਕੇ ਰਹਿਣਾ, ਇਸ ਦਿਸਦੇ ਪਰ ਬਦਲਦੇ ਜਗਤ ਦਾ ਮੂਲ ਆਧਾਰ ਜੋ ਸੱਚ ਸਰੂਪ ਹੈ, ਉਸ ਵਿਚ ਨਿਵਾਸ ਰੱਖਣਾ ਸਿਖਾਉਣਾ ਸੀ। ਗੱਲ ਕੀ ਹਰ ਗੱਲੇ ਸੱਚ ਦਾ ਰੂਪ ਗੁਰੂ ਜੀ ਨੇ ਦੱਸਿਆ ਹੈ ਤੇ ਚਲਾਇਆ ਹੈ। ਉਨ੍ਹਾਂ ਨੇ ਅਮਲੀ ਜੀਵਨ ਬੀ ਸੱਚ ਦਾ ਅਰਥਾਤ ਦਰੁੱਸਤ ਬਸਰ ਕਰਨ ਦਾ ਵਲ ਸਿਖਾਇਆ ਹੈ। ਮਾਤਾ ਜੀ ਦੁਖੀ ਸਨ, ਦੁਖ ਨਵਿਰਤ ਕਰਨਾ ਗੁਰੂ ਜੀ ਦਾ ਉਦੇਸ਼ ਸੀ। ਸੋ ਉਹ ਦੂਰ ਕਰਨਾ ਇਕ ਆਤਮ ਸਤਿਅਤਾ ਸੀ, ਜਿਸ ਦੇ ਕਰਨ ਵਿਚ ਗੁਰੂ ਜੀ ਨੂੰ ਕਿਸੇ ਜਗਤ ਦੀ ਨੁਕਤਾਚੀਨੀ ਦੀ ਪਰਵਾਹ ਨਹੀਂ ਸੀ, ਇਸ ਲਈ ਪਰਿਵਾਰ ਬੀ ਕਰਤਾਰਪੁਰੇ ਆ ਗਿਆ। ਸੋ ਕਰਤਾਰਪੁਰੇ ਵਿਚ ਸਤਿਗੁਰਾਂ ਨੇ ਆਪਣੀ ਆਯੂ ਦਾ ਸੁਹਾਵਣਾ ਬਿਰਧਾਪਨ ਜਗਤ ਉਧਾਰ ਨਮਿਤ ਕੀਤਾ।

ਇਕ ਦਿਨ ਆਪ ਬਾਹਰ ਖੜ੍ਹੇ ਸਨ ਤਾਂ ਇਕ ਸੁਭਾਗ ਆਤਮਾ ਘੋੜੀ ਪਰ ਚੜ੍ਹੇ ਹੋਏ ਆਏ ਤੇ ਪਾਸ ਖੜ੍ਹੋ ਕੇ ਸਿਰ ਨਿਵਾ ਕੇ ਪੁੱਛਣ ਲੱਗੇ, ਸੋਹਣੇ ਨੈਣਾਂ ਵਾਲੇ ਜੀਓ! ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਿਵਾਸ ਦੱਸੀ ਦਾ ਹੈ, ਮੈਂ ਚਰਨ ਪਰਸਨੇ ਹਨ। ਕੀ ਤੁਸੀਂ ਮੈਨੂੰ ਟਿਕਾਣੇ ਦਾ ਥਹੁ ਦੱਸ ਸਕਦੇ ਹੋ? ਆਪ ਪੁਛਦੇ ਸਨ, ਕੁਛ ਝਰਨਾਹਟ ਅੰਦਰ ਛਿੜਦੀ ਸੀ, ਚਿਹਰੇ ਵਲ ਤਕਦੇ ਸਨ ਤਾਂ ਧੂਹ ਜੇਹੀ ਪੈਂਦੀ ਸੀ, ਬ੍ਰਿਧਾਪਨ ਤਕਦੇ ਸਨ ਪਰ ਸੁੰਦਰਤਾ ਦਾ ਜਲਾਲ ਝੱਲ ਨਹੀਂ ਸੀ ਹੁੰਦਾ, ਅਚਰਜ ਹੁੰਦੇ ਸਨ, ਪਰ ਕਾਰਣ ਨਹੀਂ ਸੀ ਭਾਸਦਾ ਕਿ ਕੀ ਹੈ?

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨੂਰੀ ਨੈਣਾਂ ਨੇ ਸਵਾਰ ਨੂੰ ਡਿੱਠਾ, ਚਮਕਦੇ ਨੈਣ ਚਮਕੇ, ਮੁਸਕਰਾਏ ਤੇ ਆਖਣ ਲੱਗੇ, ਪੁਰਖਾ! ਮੇਰੇ ਮਗਰ ਮਗਰ ਆਓ ਤੈਨੂੰ ਤੇਰੇ ਟਿਕਾਣੇ ਤੇ ਅਪੜਾ ਦੇਈਏ। ਚੋਜੀ ਮਾਲਕ ਅੱਗੇ ਅੱਗੇ ਪੈਦਲ ਟੁਰ ਪਏ ਹਨ ਤੇ ਪੁੱਛਣ ਵਾਲਾ ਪ੍ਰੇਮੀ ਘੋੜੀ ਤੇ ਚੜ੍ਹਿਆ ਮਗਰ ਮਗਰ ਜਾ ਰਿਹਾ ਹੈ। ਜਾ ਰਿਹਾ ਹੈ ਪਰ ਕਲੇਜਾ ਅਨੋਖੀਆਂ ਝਰਨਾਟਾਂ ਨਾਲ ਝਰਨ ਝਰਨ ਕਰ ਰਿਹਾ ਹੈ। ਟਿਕਾਣੇ ਦਾ ਬੂਹਾ ਦੱਸ ਕੇ ਆਪ ਗੁਰੂ ਜੀ ਦੂਜੇ ਪਾਸਿਓਂ ਅੰਦਰ ਚਲੇ ਗਏ ਤੇ ਸੋਹਣੇ ਸਵਾਰ ਨੇ ਉਤਰ ਕੇ ਘੋੜੀ ਬੂਹੇ ਦੇ ਬਾਰ ਬੱਧੀ ਤੇ ਆਪ ਦਲ੍ਹੀਜਾਂ ਤੇ ਸਿਰ ਧਰ ਕੇ ਅੰਦਰ ਕਦਮ ਧਰਿਆ। ਅੱਗੇ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਹਨ, ਇਹੋ ਜੋ ਮੈਨੂੰ ਟਿਕਾਣਾ ਦਸਦੇ ਪੈਦਲ ਟੁਰੇ ਆਏ ਤੇ ਮੈਂ ਬੇਅਦਬੀ ਕੀਤੀ, ਘੋੜੀ ਤੇ ਚੜ੍ਹਿਆ ਆਇਆ। ਇਕ ਵੇਰ ਤਾਂ ਐਸੀ ਸ਼ਰਮ ਆਈ ਕਿ ਤਨ ਬਦਨ ਮੁੜ੍ਹਕੇ ਨਾਲ ਨ੍ਹਾਤਾ ਗਿਆ। ਫੇਰ ਦੂਜੀ ਵੇਰ ਸਿਰ ਧਰਤੀ ਤੇ ਰੱਖਿਆ ਤੇ ਮਨ ਹੀ ਮਨ

(ਬਾਕੀ ਪੰਨਾ 56 ਤੇ)

(ਪੰਨਾ 20 ਦੀ ਬਾਕੀ)

*ਅੰਤਰਿ ਹੋਇ ਗਿਆਨ ਪਰਗਾਸੁ॥*
*ਉਸੁ ਅਸਥਾਨ ਕਾ ਨਹੀ ਬਿਨਾਸੁ॥*
*ਮਨ ਤਨ ਨਾਮਿ ਰਤੇ ਇਕ ਰੰਗਿ॥*
*ਸਦਾ ਬਸਹਿ ਪਾਰਬ੍ਰਹਮ ਕੈ ਸੰਗਿ॥*
*ਜਿਉ ਜਲ ਮਹਿ ਜਲੁ ਆਇ ਖਟਾਨਾ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ॥*
*ਨਾਨਕ ਪ੍ਰਭ ਕੈ ਸਦ ਕੁਰਬਾਨ॥ ਅੰਗ - 278*

ਮਹਾਰਾਜ ਕਹਿਣ ਲੱਗੇ, ਗੋਰਖਨਾਥ! ਹਉਮੈ ਤੱਤ ਐਡਾ ਜਬਰਦਸਤ ਹੈ ਇਸ ਨੇ ਰੱਬ ਨੂੰ ਸੰਸਾਰ ਬਣਾ ਦਿਤਾ। ਅਰ ਬਿਲਕੁਲ ਸੱਚ ਮੰਨ ਲਿਆ ਸਾਰਿਆਂ ਨੇ। ਕੋਈ ਬੰਦਾ ਐਸਾ ਨਹੀਂ ਹੈ ਜਿਹੜਾ ਇਹ ਕਹੇ ਕਿ ਮੈਂ ਸਰੀਰ ਨਹੀਂ ਹਾਂ, ਸਰੀਰ ਮੇਰਾ ਹੈ। ਕੋਈ ਬੰਦਾ ਕਾਰ ਵਿਚ ਬੈਠਾ ਹੈ। ਉਹਨੂੰ ਤੁਸੀਂ ਪੁਛੋ, ਉਹ ਕਹੇ ਮੈਂ ਕਾਰ ਹਾਂ, ਮੈਂ ਫਲਾਣੀ ਕਾਰ ਹਾਂ। ਸਾਰੇ ਲੋਕ ਹੱਸ ਪੈਣਗੇ ਕਿ ਦੇਖੋ ਇਹਦੇ ਦਿਮਾਗ ਨੂੰ ਕੀ ਹੋਇਆ ਹੋਇਆ ਹੈ। ਇਹਨੂੰ ਇਹ ਨਹੀਂ ਪਤਾ ਕਿ ਮੈਂ ਕੌਣ ਹਾਂ? ਪਰ ਜਦੋਂ ਅਸੀਂ ਗੱਲ ਕਰਦੇ ਹਾਂ ਕਿ ਤੂੰ ਕੌਣ ਹਾਂ, ਸਾਡਾ ਮਤਲਬ ਇਹੀ ਹੈ ਕਿ ਵਾਈਕਲ (ਸਰੀਰ) ਨੂੰ ਕਹਿੰਦੇ ਹਾਂ। ਕਿਉਂਕਿ ਸਾਨੂੰ ਕਈ ਸਰੀਰ ਮਿਲ ਚੁੱਕੇ ਨੇ।

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥ ਅੰਗ - 176*

83 ਲੱਖ 99 ਹਜ਼ਾਰ, 999 ਸਰੀਰ ਪ੍ਰਾਪਤ ਕਰਕੇ ਆਹ ਸਾਨੂੰ ਮਨੁੱਖ ਦਾ ਸਰੀਰ ਮਿਲਿਆ ਹੈ। ਇਹਨੂੰ ਅਸੀਂ ਮੈਂ ਕਹਿ ਕੇ ਬਹਿ ਗਏ। ਤੂੰ ਪਹਿਲਾਂ ਆਪਣੇ ਆਪ ਨੂੰ ਸਮਝ। ਸਮਝ ਕਿਉਂ ਨਹੀਂ ਆਉਂਦੀ ਕਿਉਂਕਿ ਹਉਮੈ ਤੱਤ ਜਿਹੜਾ ਹੈ ਉਹ ਤੈਨੂੰ ਸਮਝਣ ਨਹੀਂ ਦਿੰਦਾ। ਉਪਦੇਸ਼ ਲੱਖ ਕਰੇ, ਲਾਇਬ੍ਰੇਰੀਆਂ 'ਚੋ ਕਿਤਾਬਾਂ ਜਿੰਨੀਆਂ ਪੜ੍ਹਨੀਆਂ ਨੇ ਪੜ੍ਹ ਲੈ –

*ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥*
*ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥*
*ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥*
*ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥*
*ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥*
*ਅੰਗ - 467*

ਮਹਾਰਾਜ ਕਹਿੰਦੇ ਗੱਲ ਤਾਂ ਲੇਖੇ ਵਾਲੀ ਇਕ ਸੀ, ਇਹ ਤੂੰ ਹਉਮੈ ਦੇ ਝਖਣੇ ਝਾਖ ਵਿਚ ਪੈ ਗਿਆ। ਸਾਡਾ ਸਾਰਾ ਜੀਵਨ ਹਉਮੈ ਦੇ ਝਖਣਾ ਝਾਖ ਵਿਚ ਜਾ ਰਿਹਾ ਹੈ। ਮਹਾਰਾਜ ਕਹਿੰਦੇ ਪਿਆਰਿਆ ਤੈਨੂੰ ਬੜੀ ਮੁਸ਼ਕਲ ਦੇ ਨਾਲ ਮਾਨਸ ਦੇਹੀ ਮਿਲੀ ਹੈ। ਜੇ ਤੂੰ ਹੁਣ ਸਮਝ ਗਿਆ ਤਾਂ ਬਹੁਤ ਚੰਗੀ ਗੱਲ ਹੈ। ਨਹੀਂ ਤਾਂ ਤਿਆਰ ਹੋ ਜਾ, ਤੂੰ ਕਰਮ ਕੀਤੇ ਨੇ। ਤੂੰ ਕਿਹਾ ਮੈਂ ਸੇਵਾ ਕੀਤੀ ਗੁਰਦੁਆਰੇ ਵਿਚ, ਮੈਂ ਦਾਨ ਕਰਿਆ, ਮੈਂ ਫਲਾਣਾ ਕੰਮ ਨਾ ਕਰਦਾ ਤਾਂ ਇਹ ਗੱਲ ਨਹੀਂ ਸੀ ਹੋ ਸਕਦੀ। ਤੂੰ ਆਪਣੇ ਆਪ ਨੂੰ ਵਿਚ ਲੈ ਆਇਆ। ਬਾਣੀ ਕਹਿੰਦੀ ਹੈ ਤੂੰ ਆਪਣੇ ਆਪ ਨੂੰ ਕਾਹਨੂੰ ਵਿਚ ਲਿਆਉਂਦਾ ਹੈਂ –

*ਇਸ ਕਾ ਬਲੁ ਨਾਹੀ ਇਸੁ ਹਾਥ॥*
*ਕਰਨ ਕਰਾਵਨ ਸਰਬ ਕੋ ਨਾਥ॥*
*ਆਗਿਆਕਾਰੀ ਬਪੁਰਾ ਜੀਉ॥*
*ਜੋ ਤਿਸੁ ਭਾਵੈ ਸੋਈ ਫੁਨਿ ਥੀਉ॥ ਅੰਗ - 277*

ਤੇਰੇ ਵਿਚ ਵਿਕਾਰ ਕੀ ਹੈ ਤੂੰ ਆਪਣੇ ਆਪ ਨੂੰ ਮੰਨਦਾ ਹੈਂ। ਮੰਨਣ ਦੇ ਨਾਲ ਸਾਰੇ ਕਰਮ ਚਿੰਬੜ ਗਏ। ਕਰਮਾਂ ਦਾ ਨੇਕ ਤੇ ਮੰਦ ਫਲ ਭੋਗਣ ਵਾਸਤੇ ਫੇਰ ਤੁਰ ਪੈਂਦਾ ਹੈ। ਮੁੜ ਕੇ ਫੇਰ ਚੱਕਰ ਵਿਚ ਪੈ ਜਾਂਦਾ ਹੈ। ਐਹੋ ਜਿਹੇ ਕਰੋੜਾਂ ਚੱਕਰ ਅਸੀਂ ਖਾ ਚੁੱਕੇ ਹਾਂ। ਕਿਉਂਕਿ ਸਾਨੂੰ ਸੋਝੀ ਨਹੀਂ ਆਉਂਦੀ ਤੇ ਨਾਂਹੀ ਅਸੀਂ ਗੰਭੀਰ ਹੋ ਕੇ ਸੋਚਦੇ ਹਾਂ ਇਸ ਗੱਲ ਨੂੰ। ਨਾ ਹੀ ਸਾਡੇ ਸਮਝ ਵਿਚ ਆਉਂਦੀ ਹੈ ਇਹ ਗੱਲ।

ਅਸੀਂ ਕਹਿੰਦੇ ਹਾਂ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨੋ। ਇਹ ਸਮਰੱਥ ਗੁਰੂ ਹੈ। ਕੋਈ ਇਹਦੇ ਮੁਕਾਬਲੇ ਦਾ ਗੁਰੂ ਕੋਈ ਹੈ ਨਹੀਂ। ਬਾਕੀ ਸਾਧੂ, ਸੰਤ, ਮਹਾਂਪੁਰਸ਼ ਇਸ ਰਸਤੇ ਤੇ ਚਲਾਉਣ ਦੀ ਸਹਾਇਤਾ ਕਰਦੇ ਨੇ। ਗੁਰੂ ਮਹਾਰਾਜ ਉਹਦੀ ਐਨੀ ਵਡਿਆਈ ਕਰਦੇ ਨੇ –

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ਅੰਗ - 306*

ਏਸ ਗੁਰੂ ਨੂੰ ਜੇ ਤੁਸੀਂ ਕੇਵਲ ਮੱਥੇ ਟੇਕਣੇ ਨੇ, ਰੁਮਾਲੇ ਹੀ ਚਾੜ੍ਹਨੇ ਨੇ, ਅਖੰਡ ਪਾਠ ਕਰਾਈ ਜਾਣੇ ਨੇ ਆਪਣੇ ਕੰਮਾਂ ਵਾਸਤੇ, ਬਾਣੀ ਹੈ ਕਲਿਆਣ ਕਰਨ ਵਾਲੀ। ਜਿੰਨੀ ਦੇਰ ਤੱਕ ਅਸੀਂ ਸੱਚੀਮੁੱਚੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਨਹੀਂ ਮੰਨਦੇ ਤੇ ਇਹਦੇ ਬਚਨ ਦੀ ਕਮਾਈ ਨਹੀਂ ਕਰਦੇ ਅਸੀਂ ਕਿਸੇ ਕਿਨਾਰੇ ਜਾ ਹੀ ਨਹੀਂ ਸਕਦੇ।

# ਹੁਕਮ ਰਜਾਈ ਚਲਣਾ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

ਸ਼ਾਨ .....................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਪੰਨਾ - 289*

*ਧਾਰਨਾ - ਲਾਡ ਲਡਾਇਆ, ਤੇਰੈ ਭਰੋਸੇ ਮੈਂ -2, 2.*
*ਤੇਰੈ ਭਰੋਸੇ ਮੈਂ ਲਾਡ ਲਡਾਇਆ -2, 2.*
*ਲਾਡ ਲਡਾਇਆ,........... -2.*
*ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ॥*
*ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ॥*
*ਸੁਹੇਲਾ ਕਹਨੁ ਕਹਾਵਨੁ॥ ਤੇਰਾ ਬਿਖਮੁ ਭਾਵਨੁ॥*
*ਹਉ ਮਾਣੁ ਤਾਣੁ ਕਰਉ ਤੇਰਾ ਹਉ ਜਾਨਉ ਆਪਾ॥*
*ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ॥*
*ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ॥*
*ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ॥*
*ਭਏ ਕਿਰਪਾਲ ਠਾਕੁਰ ਰਹਿਓ ਆਵਣ ਜਾਣਾ॥*
*ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ॥ ਅੰਗ - 52*
*ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦੈ -2, 2.*
*ਮੇਰੇ ਪਿਆਰੇ, ਸੇਵਾ ਕਰਕੇ ਮਾਣ ਪਾਈਦੈ -2, 2.*

ਸਾਧ ਸੰਗਤ ਜੀ! ਚਿਤ ਬਿਰਤੀਆਂ ਇਕਾਗਰ ਕਰੋ, ਨੇਤਰਾਂ ਦੇ ਨਾਲ ਗੁਰੂ ਸਰੂਪ ਦੇ ਦਰਸ਼ਨ ਕਰੋ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ, ਬੁੱਧੀ ਦੇ ਨਾਲ ਵਿਚਾਰ ਕੇ ਹਿਰਦੇ ਵਿਚ ਧਾਰਨ ਕਰੋ। ਜਦੋਂ ਵਾਰੀ ਆਵੇ ਫੇਰ ਗੱਜ ਵੱਜ ਕੇ ਬੋਲੋ, ਫਲ ਕੀ ਹੋਏਗਾ?

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥*
*ਅੰਗ - 546*

ਗਾਉਣ ਵਾਲੇ ਤੇ ਸੁਣਨ ਵਾਲੇ। ਸੋ ਇਸ ਤਰ੍ਹਾਂ ਦੇ ਨਾਲ ਅੱਜ ਚੌਥਾ ਦੀਵਾਨ, ਸਤਿਸੰਗ ਆਪ ਦਾ ਸ਼ੁਰੂ ਹੋਇਆ ਹੈ। ਇਕ ਸਿਧਾਂਤ ਚਲ ਰਿਹਾ ਹੈ ਨਾਮ ਜੱਪਣ ਦਾ ਤੇ ਸੇਵਾ ਕਰਨ ਦਾ। ਨਾਮ ਜਪ ਕੇ ਸਾਰੇ ਦੁਖਾਂ ਦਾ ਖਾਤਮਾ ਹੋ ਜਾਂਦਾ ਹੈ। ਕੋਈ ਦੁਖ ਐਸਾ ਨਹੀਂ ਦੁਨੀਆਂ ਦਾ ਜਿਹੜਾ ਨਾਮ ਨਾਲ ਦੂਰ ਨਾ ਹੋਵੇ। ਨਾਮ ਜੋ ਹੈ ਉਹ ਸਾਨੂੰ ਲੈਣਾ ਨਹੀਂ ਪੈਂਦਾ ਹੈ ਕਿ ਫਲਾਣੀ ਦੁਕਾਨ ਤੋਂ ਮਿਲਦਾ ਹੈ, ਫਲਾਣੇ ਥਾਉ ਤੋਂ ਮਿਲਦਾ ਹੈ, ਫਲਾਣੇ ਥਾਂ ਤੋਂ ਮਿਲਦਾ ਹੈ, ਇਹ ਵੱਡੀ ਦਵਾਈ ਪਰਮੇਸ਼ਰ ਨੇ ਨਾਲ ਹੀ ਰੱਖ ਦਿੱਤੀ। ਜਿਵੇਂ ਜੀਵ ਜੰਤੂ ਜੋ ਜੰਗਲਾਂ ਵਿਚ ਰਹਿੰਦੇ ਨੇ ਉਨ੍ਹਾਂ ਦੀ ਦਵਾਈ ਉਥੇ ਹੀ ਰੱਖੀ ਹੋਈ ਹੈ, ਜੜ੍ਹੀਆਂ ਬੂਟੀਆਂ ਦੇ ਹਿਸਾਬ ਨਾਲ, ਉਨ੍ਹਾਂ ਨੂੰ ਐਨਾ ਗਿਆਨ ਹੈ ਕਿ ਜੇ ਕੋਈ ਖਰਾਬੀ ਹੁੰਦੀ ਹੈ ਤਾਂ ਓਸ ਬੂਟੀ ਨੂੰ ਖਾ ਲੈਂਦੇ ਨੇ ਜਿਸ ਦੇ ਨਾਲ ਰਾਜੀ ਹੁੰਦੇ ਨੇ। ਉਸ ਬੂਟੀ ਨੂੰ ਨਹੀਂ ਖਾਂਦੇ ਜਿਸ ਦੇ ਨਾਲ ਉਨ੍ਹਾਂ ਦਾ ਪੇਟ ਦੁਖਣ ਲਗ ਜਾਵੇ, ਦੇਖ ਲਇਓ ਕਦੇ ਪਰਤਿਆ ਕੇ, ਛੱਡੀ ਜਾਣਗੇ ਉਸ ਨੂੰ, ਜਹਿਰੀਲੀਆਂ ਬੂਟੀਆਂ ਨੂੰ ਮੂੰਹ ਨਹੀਂ ਲਾਉਂਦੇ। ਇਸੇ ਤਰ੍ਹਾਂ ਦੇ ਨਾਲ ਪਰਮੇਸ਼ਰ ਨੇ ਮਨੁੱਖ ਦੇ ਅੰਦਰ ਦਵਾਈ ਰੱਖ ਦਿੱਤੀ। ਮਹਾਰਾਜ ਕਹਿੰਦੇ –

*ਹਰਿ ਅਉਖਧੁ ਸਭ ਘਟ ਹੈ ਭਾਈ॥ ਅੰਗ - 259*

ਪਰ ਉਹ ਮਿਲਦੀ ਨਹੀਂ, ਥੋੜ੍ਹਾ ਜਿਹਾ ਭੇਤ ਰੱਖ ਦਿੱਤਾ।

*ਗੁਰ ਪੂਰੇ ਬਿਨੁ ਬਿਧਿ ਨ ਬਨਾਈ॥ ਅੰਗ - 259*

ਕਿਉਕਿ ਨਾਲ ਲੈਣੀ ਪੈਂਦੀ ਹੈ। ਆਪਣੇ ਆਪ ਨੂੰ ਵਿਧੀ ਦਾ ਪਤਾ ਨਹੀਂ ਹੈ, ਇਸ ਕਰਕੇ ਗੁਰੂ ਵਾਲਾ ਹੋਣਾ ਆਵਸ਼ਕ ਹੈ। ਗੁਰੂ ਧਾਰਨ ਕਰਨਾ, ਗੁਰੂ ਤੋਂ ਦਵਾਈ ਲੈਣੀ। ਗੁਰੂ ਘਰ ਦੇ ਅੰਦਰ ਪੰਜ ਪਿਆਰੇ ਅੰਮ੍ਰਿਤ ਛਕਾ ਕੇ ਵਾਹਿਗੁਰੂ ਮੰਤਰ ਦਿੰਦੇ ਨੇ। ਇਹ ਵਾਹਿਗੁਰੂ ਮੰਤਰ ਇਕ ਕੰਮ ਕਰਦਾ ਹੈ। ਛੋਟੀ ਛੋਟੀ ਮੈਂ ਗੱਲ ਕਰਨੀ ਹੈ। ਉਹ ਇਹ ਹੈ ਕਿ ਅਸੀਂ ਵਾਹਿਗੁਰੂ ਤੋਂ ਦੂਰ ਹੋ ਗਏ। ਇਕ ਭਾਵਨਾ ਸਾਡੇ ਵਿਚ ਜਾਗੀ ਹੋਈ ਹੈ, ਸਾਰਿਆਂ ਦੇ ਤੁਹਾਡੇ ਵਿਚ ਵੀ, ਮੇਰੇ ਵਿਚ ਹੀ ਇਹ ਹਟਦੀ ਨਹੀਂ। ਆਖਰੀ ਦਿਨ ਵੀ ਨਹੀਂ ਹਟਣੀ ਜਿਸ ਦਿਨ ਸੰਸਾਰ ਤੋਂ ਜਾਣਾ ਹੈ, ਉਸ ਦਿਨ ਵੀ ਇਸ ਨੇ ਰਹਿਣਾ ਹੀ ਰਹਿਣਾ ਹੈ। ਰਸਤਾ ਬੜਾ ਨੇੜੇ ਹੈ ਕੋਈ ਦੂਰ ਨਹੀਂ ਹੈ, ਬਿਲਕੁਲ ਨੇੜੇ ਹੈ –

*ਭਾਂਭੀਰੀ ਕੇ ਪਾਤ ਪਾਰਦੋ ਬਿਨੁ ਪੇਖੇ ਦੂਰਾਇਓ॥*
*ਅੰਗ - 624*

ਮਹਾਰਾਜ ਕਹਿੰਦੇ ਆਹ ਜਿਹੜੀ ਭੰਬੀਰੀ ਦਾ ਫੰਗ ਹੁੰਦਾ ਹੈ ਐਨਾ ਕੁ ਰੱਬ ਦਾ ਤੇ ਤੁਹਾਡਾ ਫਰਕ ਹੈ ਪਰ ਕਮਾਲ ਦੀ ਬਾਤ ਹੈ, ਸਾਰੀ ਜਿੰਦਗੀ ਨਾਮ ਜਪੀ ਜਾਹ, ਪੁਸਤਕਾਂ ਪੜ੍ਹੀ ਜਾਹ, ਜੋ ਕਰਨਾ ਹੈ ਕਰੀ ਜਾਹ, ਨਹੀਂ ਉਹ ਟੁਟਦਾ। ਮੈਂ ਭਾਵ ਨਹੀਂ ਆਦਮੀ ਦਾ ਕਦੇ ਟੁਟਦਾ, ਰਹਿਣਾ ਹੀ ਹੈ। ਉਸ 'ਮੈ' ਨੂੰ ਚਾਹੇ ਉਹ ਸਮਾਧੀ ਵੇਲੇ ਤੋੜ ਦਿੰਦਾ ਹੈ ਪਰ ਕਾਰ ਵਿਹਾਰ ਵਿਚ ਫੇਰ ਆ ਕੇ ਪੈ ਜਾਂਦਾ ਹੈ।

ਮਹਾਰਾਜ ਜੀ ਦਸਿਆ ਕਰਦੇ ਸੀ ਕਿ ਭਾਈ! ਐਨਾ ਕੁ ਫਰਕ ਹੈ ਕਿ ਇਕ ਦਰਖਤ ਦੀ ਟਾਹਣੀ ਹੇਠਾਂ ਨੂੰ ਕਰ ਲਓ, ਉਹ ਆਹ ਦੁਨਿਆਵੀ ਜੀਵਨ ਬਣ ਜਾਂਦਾ ਹੈ। ਜਦੋਂ ਛੱਡ ਦਿੰਦੇ ਹੋ ਉਸ ਵੇਲੇ ਉਹ ਆਪਣੇ ਥਾਂ ਤੇ ਪਹੁੰਚ ਜਾਂਦੀ ਹੈ। ਆਹੀ ਹਾਲ ਸਾਡਾ ਹੈ। ਜਿੰਨੀ ਦੇਰ ਤੱਕ ਅਸੀਂ ਆਪਣੇ ਆਪ ਨੂੰ ਸਮਝਦੇ ਹਾਂ ਕਿ 'ਮੈਂ ਹਾਂ' ਉਨੀ ਦੇਰ ਤੱਕ ਸਵਾਲ ਹੀ ਪੈਦਾ ਨਹੀਂ ਹੁੰਦਾ ਕਿ ਅਸੀਂ ਕਿਸੇ ਅਵਸਥਾ ਨੂੰ ਪ੍ਰਾਪਤ ਕਰ ਲਈਏ। ਇਸ ਦਾ ਨਾਉ ਮਹਾਰਾਜ ਨੇ ਹਉਮੈ ਰਖਿਆ ਹੈ। ਥੋੜ੍ਹਾ ਜਿਹਾ ਫਰਕ ਹੈ ਪੁਰਾਣਿਆਂ ਨਾਲੋਂ। ਪੁਰਾਣੇ ਸਿਧਾਂਤ ਵੀ ਬਹੁਤ ਵਧੀਆ ਨੇ ਪਰ ਸਮੇਂ ਦੇ ਹਿਸਾਬ ਨਾਲ ਮਹਾਰਾਜ ਨੇ ਅੱਖਰਾਂ ਵਿਚ ਬਦਲੀ ਕਰ ਦਿੱਤੀ ਤਾਂ ਕਿ ਉਹ ਘਸੇ ਪਿਟੇ ਜਿਹੜੇ ਅੱਖਰ ਨੇ ਉਨ੍ਹਾਂ ਦੇ ਵਿਚ ਨਾ ਰੁਲ ਜਾਈਏ। ਉਨ੍ਹਾਂ ਸਿਧਾਂਤਾਂ ਦਾ ਰੌਲਾ ਰੱਪਾ ਪੈ ਗਿਆ ਸੀ। ਮਹਾਰਾਜ ਨੇ ਨਵਾਂ ਨਾ ਦਿੱਤਾ ਨਵੇਂ ਤਰੀਕੇ ਨਾਲ। ਉਹ ਕਹਿੰਦੇ ਭਾਈ ਜਿਹੜਾ ਤੁਸੀਂ ਇਹ ਸਮਝ ਲੈਣਾ ਨਾਹ ਕਿ 'ਮੈਂ' ਹਾਂ। ਮੈ ਕੀ ਸਮਝ ਲੈਣਾ ਆਹ ਪੰਜ ਤੱਤ ਦਾ ਸਰੀਰ। ਮੇਰਾ ਨਾਉਂ ਫਲਾਣਾ ਹੈ, ਮੇਰੀ ਜਾਤ ਫਲਾਣੀ ਹੈ, ਮੇਰਾ ਰੰਗ ਕਾਲਾ ਹੈ, ਮੇਰਾ ਗੋਰਾ ਰੰਗ ਹੈ, ਮੈਂ ਅਮੀਰ ਹਾਂ, ਮੈਂ ਗਰੀਬ ਹਾਂ, ਮੈਂ ਸੁਖੀ ਹਾਂ, ਮੈਂ ਦੁਖੀ ਹਾਂ, ਮੇਰੇ ਐਨੇ ਪੁੱਤਰ ਨੇ, ਮੇਰੀ ਐਨੀ ਜਾਇਦਾਦ ਹੈ, ਮੇਰਾ ਘਰ ਫਲਾਣੇ ਥਾਂ ਹੈ, ਫਲਾਣੇ ਜ਼ਿਲੇ ਦੇ ਅੰਦਰ ਹੈ। ਕਿਹੜਾ ਬੰਦਾ ਹੈ ਜਿਸ ਦੇ ਅੰਦਰੋਂ ਇਹ ਭਾਵਨਾ ਨਿਕਲ ਜਾਏਗੀ ਕਿਸੇ ਸਮੇਂ? ਮਹਾਰਾਜ ਕਹਿੰਦੇ ਨਿਕਲ ਤਾਂ ਜਾਂਦੀ ਹੈ ਪਰ –

***ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚਿਤਿ॥***
***ਅੰਗ - 1427***

ਕ੍ਰੋੜਾਂ ਵਿਚ ਇਕ ਅੱਧਾ ਬੰਦਾ ਹੀ ਹੈ। ਇਸ ਭਾਵਨਾ ਕਰਕੇ ਅਸੀਂ ਪਰਮੇਸ਼ਰ ਨਾਲੋਂ ਵਖਰੇ ਹੋਏ ਹੋਏ ਹਾਂ, ਆਪੇ ਹੀ ਵੱਖਰੇ ਹੋਏ ਹੋਏ ਹਾਂ, ਆਪਣੇ ਆਪ ਨੂੰ ਆਪੇ ਹੀ ਵੱਖਰਾ ਕਰ ਲਿਆ। ਵੱਖਰਾ ਹੋਣ ਨਾਲ ਹੋਇਆ ਕੀ? ਅਖੰਡ ਚੇਤਨ ਜਿਹੜਾ ਹੈ, ਜਿਸ ਤੋਂ ਬਗੈਰ ਇਥੇ ਸੰਸਾਰ ਵਿਚ ਹੈ ਹੀ ਕੁਝ ਨਹੀਂ, ਨਾ ਕੋਈ ਹੈ, ਨਾ ਕੁਝ ਹੋਣਾ ਹੈ, ਨਾ ਕੁਝ ਹੋਏਗਾ। ਜੇ 'ਜਪੁਜੀ ਸਾਹਿਬ' ਦੇ ਪਹਿਲੇ ਸੂਤਰ ਦੇ ਅਰਥ ਸਮਝ ਆ ਜਾਣ ਸਾਧ ਸੰਗਤ ਜੀ! ਪਹਿਲੇ ਦੇ, ਜੇ ਤਾਂ ਉਹ 100% ਅੰਦਰ ਬਹਿ ਜਾਣ ਫੇਰ ਤਾਂ ਸਮਝ ਲਓ ਛੁਟੀ ਹੋ ਗਈ, ਕੁਝ ਕਰਨ ਦੀ ਲੋੜ ਨਹੀਂ ਹੈ। ਕੱਲ੍ਹ ਸੰਤਾਂ ਨੇ ਇਸ਼ਾਰਾ ਕਰਿਆ ਸੀ ਬਾਬਾ ਕਲਿਆਣ ਦਾਸ ਜੀ ਨੇ। ਉਨ੍ਹਾਂ ਨੇ ਲਿਖ ਦਿੱਤਾ ਸੀ। ਮੈਂ ਕਿਹਾ ਲਿਖੋ ਨਾ, ਰੌਲਾ ਪੈ ਜਾਏਗਾ ਸਾਰੇ ਕਿਉਂਕਿ ਅਵਸਥਾ ਦਾ ਪਤਾ ਨਹੀਂ ਹੈ ਕਿ ਅਵਸਥਾ ਆਹ ਵੀ ਹੁੰਦੀ ਹੈ, ਉਹ ਫੇਰ ਮੈਂ ਇਕ ਟਿੱਪਣੀ ਲਾ ਦਿੱਤੀ ਭਾਈ ਵੀਰ ਸਿੰਘ ਜੀ ਦੀ। ਮੈਂ ਕਿਹਾ ਕਿਤੇ ਬਹੁਤਾ ਰੌਲਾ ਨਾ ਪੈ ਜਾਵੇ ਕਿਉਂਕਿ ਅਧਿਕਾਰੀ ਨਹੀਂ ਹਨ, ਅਧਿਕਾਰੀ ਨਾ ਹੋਣ ਕਰਕੇ ਜੇ ਗੱਲ ਕਹੋ –

***ਵਿਣੁ ਗਾਹਕ ਗੁਣ ਵੇਚੀਐ ਤਉ ਗੁਣੁ ਸਹਘੋ ਜਾਇ॥***
***ਅੰਗ - 1086***

ਉਹ ਅਧਿਕਾਰੀ ਨਾ ਹੋਣ ਕਰਕੇ ਉਸ ਦਾ ਵਜ਼ਨ ਨਹੀਂ ਚੁਕ ਸਕਦਾ। ਸੋ ਗੁਰੂ ਨਾਨਕ ਪਾਤਸ਼ਾਹ ਨੇ ਲਕੋ ਨਹੀਂ ਰਖਿਆ ਬੜੀ ਸੋਹਣੀ ਗੱਲ ਕਰ ਦਿੱਤੀ, ਪਹਿਲਾਂ ਆਪਾਂ ਪੜ੍ਹਦੇ ਹਾਂ ੧ਓ ਤੋਂ ਗੁਰ ਪ੍ਰਸਾਦਿ॥ ਉਸ ਤੋਂ ਬਾਅਦ ਸਾਡਾ ਸਿਧਾਂਤ ਆ ਗਿਆ ਕਿ ਅਸੀਂ ਪਹੁੰਚਣਾ ਕਿਥੇ ਹੈ? ਸਾਰੇ ਜਾਣਦੇ ਹੋ ਜਿੰਨੇ ਤੁਸੀਂ ਬੈਠੇ ਹੋ। ਉਹ ਕੀ ਹੈ ਦੋ ਲਾਇਨਾਂ ਨੇ –

***ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ॥***
***ਨਾਨਕ ਹੋਸੀ ਭੀ ਸਚੁ॥ ਅੰਗ - 1***

ਇਸਦੇ ਅਰਥ ਦਾ ਅਨਰਥ ਹੋ ਰਿਹਾ ਹੈ ਸਾਰੇ ਹੀ ਅਰਥ ਨਹੀਂ ਕੋਈ ਵੀ ਕਰ ਰਿਹਾ, 100 ਟੀਕਾ ਚੁੱਕ ਲਓ, 200 ਚੁੱਕ ਲਓ ਕਿ ਇਕ ਤਾਂ ਬੰਦਾ ਕਰ ਦੇਵੇ। ਇਹ ਅਰਥ ਜਿਹੜਾ ਹੈ ਜਿਵੇਂ ਇਨ੍ਹਾਂ ਨੇ ਹੁਣੇ ਦਸਿਆ ਸੀ ਤੁਹਾਨੂੰ –

***ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ***
***ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥ ਅੰਗ - 306***

ਆਹ ਦੋ ਲਾਈਨਾਂ ਹੀ ਸੁਣਾਉਂਦੇ ਨੇ, ਜਿਸ ਦੇ ਉਤੇ ਦਇਆਲ ਹੋ ਜਾਵੇ। ਹੁਣ ਸਾਨੂੰ ਅਕਲ ਨਾਲ ਤਾਂ ਪਤਾ ਲੱਗ ਗਿਆ ਇਸ ਦੇ ਅਰਥ ਦਾ, ਕਿਹੜਾ ਹੈ ਜਿਹੜਾ ਨਹੀਂ ਜਾਣਦਾ। ਜਦੋਂ ਆਦਿ ਨਹੀਂ ਸੀ, ਅਨਾਦਿ ਸੀ ਉਸ ਵੇਲੇ ਵੀ ਉਹ ਸੀ। ਜਦੋਂ ਆਦਿ ਮਿਥਿਆ ਗਿਆ, ਹੋਂਦ ਵਿਚ ਆਇਆ –

***ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ॥***
***ਭਾਈ ਗੁਰਦਾਸ ਜੀ ਦੀ ਵਾਰ 26/2***

ਉਸ ਵੇਲੇ ਵੀ ਉਹ ਆਪੇ ਹੀ ਸੀ, ਹੋਰ ਦੂਜਾ ਨਹੀਂ ਇਥੇ ਆਇਆ। ਜੇ ਅਸੀਂ ਕਹੀਏ ਕਿ ਉਹ ਪੰਜ ਤੱਤ ਕਿਥੋਂ ਆ ਗਏ? ਤਾਰੇ ਸਿਤਾਰੇ ਕਿਥੋਂ ਆ ਗਏ? ਸਮੁੰਦਰ ਕਿਥੋਂ ਆ ਗਏ, ਭਲੇ ਬੁਰੇ ਕਿਥੋਂ ਆ ਗਏ? ਸਵਾਲ ਹੈ ਆਦਮੀ ਨੂੰ ਅਕਲ ਦਿੱਤੀ ਹੋਈ ਹੈ ਤਰਕ ਵਾਲੀ, ਉਸ ਨੇ ਕਰਨੀ ਹੀ ਕਰਨੀ ਹੈ ਕਿ ਆਹ ਕਿਥੋਂ ਆ ਗਿਆ? ਮਹਾਰਾਜ ਕਹਿੰਦੇ ਇਸ ਦੇ ਵਾਸਤੇ ਹੀ ਤੂੰ 1430 ਪੰਨਾ ਪੜ੍ਹਨਾ ਹੈ ਗੁਰੂ ਗ੍ਰੰਥ ਸਾਹਿਬ ਦਾ, ਅੰਮ੍ਰਿਤ ਵੇਲੇ ਉਠ ਕੇ ਨਾਮ ਜਪਣਾ ਹੈ, ਗੁਰੂ ਵਾਲਾ ਬਣਨਾ ਹੈ, ਪੁੰਨ ਦਾਨ ਕਰਨੇ ਹਨ, ਇਕ way of Life ਤੈਨੂੰ ਮੰਨਣੀ ਪਏਗੀ, ਉਸ ਦੇ ਮੁਤਾਬਕ ਜਦੋਂ ਚਲੇਂਗਾ ਤੇ ਤੈਨੂੰ ਮਿਲ ਜਾਏਗਾ ਕੋਈ ਅਨੁਭਵੀ ਮਹਾਂਪੁਰਸ਼, ਤਤਬੇਤਾ ਤਾਂ ਤੈਨੂੰ ਇਨ੍ਹਾਂ ਦੋ ਲਾਈਨਾਂ ਦੇ

ਅਰਥ ਸਮਝ ਆਉਣਗੇ, ਨਹੀਂ ਤਾਂ ਨਹੀਂ ਆਉਂਦੇ, ਜ਼ੋਰ ਲਾ ਲਓ, ਕੋਈ ਵੀ ਨਹੀਂ ਆਉਂਦੇ। ਸਮਝਣਾ ਹੋਰ ਚੀਜ਼ ਹੈ ਬੁਝਣਾ ਹੋਰ ਚੀਜ਼ ਹੈ, ਕਿਸੇ ਚੀਜ਼ ਦੀ ਸੁਧ ਆਉਣੀ ਹੋਰ ਚੀਜ਼ ਹੈ, ਯਾਦ ਆ ਜਾਣਾ ਹੋਰ ਚੀਜ਼ ਹੁੰਦੀ ਹੈ। ਸੁਧ ਆਈ ਸੀ ਅਜਾਮਲ ਨੂੰ –

*ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ॥*
*ਅੰਗ - 902*

ਜਾਣਦਾ ਤਾਂ ਸੀ ਪਹਿਲਾਂ ਹੀ ਨਰਾਇਣ ਨੂੰ ਲੇਕਿਨ ਉਸ ਵੇਲੇ ਸੁਧ ਆ ਗਈ। ਇਸ ਨੂੰ ਦ੍ਰੋਪਦੀ ਨੂੰ –

*ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ॥*
*ਅੰਗ - 1008*

ਉਸ ਨੂੰ ਵੀ ਸੁਧ ਆ ਗਈ –

*ਤਾ ਕੋ ਦੂਖੁ ਹਰਿਓ ਕਰੁਣਾ ਮੈ ਅਪਨੀ ਪੈਜ ਬਢਾਈ॥*
*ਅੰਗ - 1008*

ਇਵੇਂ ਜਿਵੇਂ ਇਹ ਜੋ ਦੋ ਲਾਇਨਾਂ ਨੇ, ਜਿੰਨੀ ਸੰਗਤ ਬੈਠੀ ਹੈ ਸਾਰੀ ਇਸ ਦੇ ਅਰਥ ਜਾਣਦੀ ਹੈ ਲੇਕਿਨ ਉਹ ਅਰਥ ਅਰਥ ਨਹੀਂ ਹਨ ਇਸ ਦੇ। ਇਸ ਦੇ ਵਿਚ ਭੇਤ ਹੈ ਬੜਾ ਜਬਰਦਸਤ, ਜੇ ਤਾਂ ਸਮਝ ਜਾਓ ਹੁਣੇ ਹੀ ਤਾਂ ਤੇ ਇਥੇ ਹੀ ਜਿੰਨੇ ਬੈਠੇ ਨੇ, ਸਾਰੇ ਹੀ ਬ੍ਰਹਮ ਗਿਆਨੀ ਹੋ ਜਾਣਗੇ, ਇਕ ਵੀ ਬੰਦਾ ਨਹੀਂ ਰਹੇਗਾ ਜਿਹੜਾ ਮੁੜ ਕੇ ਜਨਮ ਵਿਚ ਆ ਜਾਵੇ, ਇਕ ਵੀ, ਉਹ ਨਿੱਕਾ ਜਿਹਾ ਪਰਦਾ ਹੈ। ਜੇ ਨਾ ਸਮਝਿਆ ਭਾਈ। ਫੇਰ 1430 ਪੰਨਾ ਗੁਰੂ ਗ੍ਰੰਥ ਸਾਹਿਬ ਵੀ ਪੜ੍ਹ, ਗੁਰੂ ਵਾਲਾ ਬਣ, ਨਾਮ ਜਪ, ਕਮਾਈ ਕਰ, ਦਾਨ ਕਰ, ਪੁੰਨ ਕਰ ਇਕ ਜਨਮ ਵਿਚ ਨਹੀਂ ਹੁੰਦਾ, ਦੂਜੇ ਵਿਚ, ਦੂਜੇ ਵਿਚ ਨਹੀਂ ਹੁੰਦਾ ਤੀਜੇ ਵਿਚ, ਚਾਹੇ 100 ਜਨਮ ਲੈ ਲੈ ਪਰ ਗੱਲ ਇਥੇ ਆ ਕੇ ਹੀ ਮੁਕਣੀ ਹੈ।

ਹੁਣ ਇਹ ਹੋ ਗਿਆ 'ਆਦਿ' ਇਹ ਬਾਤ ਸਾਡੇ ਵਾਸਤੇ ਹੀ ਗੁਰੂ ਸਾਹਿਬ ਨੇ ਫੁਰਮਾਨ ਕਰੀ ਹੈ ਕਿਉਂਕਿ ਆਦਿ ਹੈ ਨਹੀਂ ਕੋਈ ਵੀ। ਅਨਾਦ ਦੇ ਵਿਚੋਂ ਆਦਿ ਕਦੋਂ ਹੋਇਆ –

*ਨਿਰੰਕਾਰੁ ਅਕਾਰੁ ਹੋਇ ਏਕੰਕਾਰੁ ਅਪਾਰ ਸਦਾਇਆ॥*
*ਭਾਈ ਗੁਰਦਾਸ ਜੀ ਦੀ ਵਾਰ 26/2*

ਅਨਾਦ ਨੂੰ ਤਾਂ ਅਸੀਂ ਸਮਝ ਹੀ ਨਹੀਂ ਸਕਦੇ, ਆਦਿ ਨੂੰ ਮਹਾਰਾਜ ਨੇ ਕਹਿ ਦਿੱਤਾ ਜਦੋਂ ਨਿਰੰਕਾਰ, ਏਕੰਕਾਰ ਰੂਪ ਦੇ ਵਿਚ ਕਿਰਿਆਸ਼ੀਲ ਹੋਇਆ। ਉਸ ਵੇਲੇ ਆਪੇ ਹੀ ਸੀ ਦੂਜਾ ਨਹੀਂ ਸੀ –

*............. ਏਕੰਕਾਰੁ ਅਪਾਰ ਸਦਾਇਆ॥*
*ਭਾਈ ਗੁਰਦਾਸ ਜੀ ਦੀ ਵਾਰ 26/2*

ਭਾਈ ਗੁਰਦਾਸ ਜੀ ਸਾਨੂੰ ਬਹੁਤ ਵਿਸਥਾਰ ਨਾਲ ਇਹ ਗੱਲ ਸਮਝਾਉਂਦੇ ਨੇ ਫੇਰ ਜਿਸ ਵਕਤ time & space ਬਣਿਆ, ਜਦੋਂ ਪਸਾਰਾ ਹੋਇਆ।

*ਏਕੰਕਾਰਹੁ ਸਬਦ ਧੁਨਿ...........॥*
*ਭਾਈ ਗੁਰਦਾਸ ਜੀ ਦੀ ਵਾਰ 26/2*

ਉਹ ਧੁਨ ਕਿਹੋ ਜਿਹੀ ਹੈ, ਉਸ ਨੂੰ ਕੋਈ ਦੁਨੀਆਂ ਦਾ ਬੰਦਾ ਨਹੀਂ ਜਾਣਦਾ ਕਿਉਂਕਿ ਪ੍ਰਾਕਿਰਤੀ ਨਹੀਂ ਸੀ ਅਜੇ ਬਣੀ, ਪ੍ਰਾਕਿਰਤੀ ਤੋਂ ਉਪਰਲੀ ਕੋਈ ਚੇਤਨ ਧੁਨ ਹੈ। ਉਹ ਜਿਹੜੀ ਚੇਤਨ ਧੁਨ ਹੈ ਉਸੇ ਨੂੰ ਨਾਮ ਕਹਿੰਦੇ ਨੇ, ਉਸ ਨੇ ਕੰਮ ਕੀ ਕਰਿਆ। ਸ਼ਬਦ ਨੇ ਹੀ ਉਤਪਤੀ ਕਰ ਦਿੱਤੀ, ਸ਼ਬਦ ਨੇ ਹੀ ਪਰਲੋ ਲਿਆ ਦਿੱਤੀ। ਸ਼ਬਦ ਨੇ ਹੀ ਪਸਾਰਾ ਕਰ ਦਿੱਤਾ –

*ਕੀਤਾ ਪਸਾਉ ਏਕੋ ਕਵਾਉ॥*
*ਤਿਸ ਤੇ ਹੋਏ ਲਖ ਦਰਿਆਉ॥ ਅੰਗ - 3*

ਉਸ ਵੇਲੇ ਉਹ ਆਪ ਹੀ ਸੀ, ਉਸ ਦੇ ਵਿਚ ਅਜੇ ਤੱਕ ਕੋਈ ਹੋਰ ਚੀਜ਼ ਨਹੀਂ ਆਈ, ਆਪ ਹੀ ਸੀ ਉਹ ਦੂਜਾ ਤਾਂ ਹੈ ਹੀ ਨਹੀਂ ਇਥੇ। ਜਦੋਂ ਦੂਜਾ ਹੈ ਨਹੀਂ ਤਾਂ ਦੂਜਾ ਆਉਂਦਾ ਨਹੀਂ –

*ਹੈ ਭੀ ਸਚੁ ...........॥ ਅੰਗ - 1*

ਹੁਣ ਵੀ ਆਪ ਹੀ ਹੈ, ਕੋਈ ਹੋਰ ਇਥੇ ਆਇਆ ਹੀ ਨਹੀਂ। ਜਿਹੜੀ ਚੀਜ਼ ਹੈ ਹੀ ਨਹੀਂ, ਹੋਂਦ ਹੀ ਨਹੀਂ ਉਹ ਆ ਕਿਵੇਂ ਜਾਏਗੀ?

*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਅੰਗ - 1*

ਜਦੋਂ ਕੁਝ ਵੀ ਨਹੀਂ ਹੋਏਗਾ ਫੇਰ ਵੀ ਉਹ ਆਪ ਹੀ ਹੋਏਗਾ। ਹੁਣ ਜਿਹੜਾ ਰਲਾਓ ਰਲ ਗਿਆ ਸਾਧ ਸੰਗਤ ਜੀ! ਦੂਜਾ ਦੇਖਦੇ ਹਾਂ, ਦੂਜਾ ਸਮਝ ਵਿਚ ਆਉਂਦਾ ਹੈ। ਉਸ ਨੇ ਕੰਮ ਕੀ ਕਰਿਆ। ਮਹਾਰਾਜ ਨੇ ਆਪੇ ਹੀ ਆਪਣੇ ਆਪ ਤੋਂ ਇਕ ਖੇਲ ਰਚ ਦਿੱਤੀ।

ਸੋ ਜਿਥੇ ਅਸੀਂ ਪਹੁੰਚਣਾ ਹੈ, ਉਹ ਆਹ ਸਾਡੀ ਮੰਜਿਲ ਹੈ। ਜੇ ਕੋਈ ਤੁਹਾਨੂੰ ਪੁਛਦਾ ਹੈ, ਦੂਜੇ ਧਰਮਾਂ ਵਾਲਾ ਕਿ ਤੁਹਾਡੀ ਮੰਜ਼ਲ ਕੀ ਹੈ? ਗੁਰਮੁਖ ਨਾਮ ਦਾਨ ਇਸ਼ਨਾਨ। ਨਾਮ ਜਪਣਾ, ਦਾਨ ਕਰਨਾ, ਇਸ਼ਨਾਨ ਕਰਨਾ, ਕਾਹਦੇ ਵਾਸਤੇ? ਮੰਜ਼ਲ ਤਾਂ ਹੋਈ ਨਾ! ਇਹ ਤਾਂ ਜੀਵਨ ਢੰਗ ਹੋਇਆ, ਇਹ ਤਾਂ ਇਕ ਤਰੀਕਾ ਹੈ ਤੁਹਾਡੇ ਰਹਿਣ ਦਾ ਕਿ ਨਾਮ ਵੀ ਜਪਣਾ ਹੈ, ਕਿਰਤ ਵੀ ਕਰਨੀ ਹੈ, ਤੇ ਵਿਚੋਂ ਦਾਨ ਵੀ ਦੇਣਾ ਹੈ। ਕਿਰਤ ਕਰਨੀ, ਨਾਮ ਜਪਣਾ ਤੇ ਦਾਨ ਦੇਣਾ ਤਿੰਨੇ ਇਹ ਹੋ ਗਏ। ਇਹ ਕਾਹਦੇ ਵਾਸਤੇ ਨੇ? ਕੋਈ ਅੱਗੇ ਨਿਸ਼ਾਨਾ ਵੀ ਹੈ, ਕੋਈ ਮੰਤਵ ਵੀ ਹੈ ਜਿਸ ਦੇ ਵਾਸਤੇ ਇਹ ਹਨ। ਉਹ ਏਹੀ ਹੈ –

*ਆਦਿ ਸਚੁ ਜੁਗਾਦਿ ਸਚੁ॥*

*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥* *ਅੰਗ - 1*

ਉਹ ਦੂਜਾ ਨਜ਼ਰ ਆਉਣ ਲੱਗ ਗਿਆ ਸਾਨੂੰ। ਇਹ ਟੁੱਟ ਗਿਆ ਜਿਹੜੀ ਅਖੰਡ ਸੀ ਉਹ ਖੰਡਤ ਹੋ ਗਈ। ਖੰਡਤ ਕਰੀ ਕਿਸਨੇ? ਵਾਹਿਗੁਰੂ ਨੇ ਇਕ ਤੱਤ ਵਿਚ ਹੀ ਪਾ ਦਿੱਤਾ ਆਪਣੇ ਆਪ ਵਿਚੋਂ ਆਪ ਹੀ -

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥*
*ਅੰਗ - 463*

ਆਪਣੀ ਇਕ ਸ਼ਕਤੀ ਪ੍ਰਗਟ ਕਰ ਦਿੱਤੀ। ਉਸ ਦਾ ਨਾਉ ਗੁਰੂ ਮਹਾਰਾਜ ਕਹਿੰਦੇ ਹਉਮੈ ਹੈ। ਡਾਕਟਰਾਂ ਨੂੰ, ਪ੍ਰੋਫੈਸਰਾਂ ਨੂੰ ਕਿਸੇ ਨੂੰ ਨਹੀਂ ਪਤਾ। ਹਉਮੈ ਬਾਰੇ ਪਿਛਲੀ ਵਾਰੀ ਸਮਾਗਮ ਨੂੰ ਮੈਂ ਵਿਸ਼ਾ ਦੇ ਦਿੱਤਾ ਕਿ 'ਹਉਮੈ' ਉਤੇ ਬੋਲਣਾ ਹੈ। ਉਹ ਅਭਿਮਾਨ ਉਤੇ ਬੋਲਣ, ਹਉਮੈ ਉਤੇ ਨਾ ਬੋਲੇ। ਮੈਂ ਕਿਹਾ ਇਹ ਤਾਂ ਕੋਈ ਵੀ ਨਹੀਂ ਜਾਣਦਾ ਮੈਨੂੰ ਲੇਖ ਦਿਖਾਓ ਪਹਿਲਾਂ ਸਾਰੇ। ਜਦੋਂ ਲੇਖ ਦੇਖੇ ਮੈਂ ਮੋੜ ਦਿੱਤੇ ਸਾਰੇ। ਕਈਆਂ ਨੇ ਤਾਂ ਕਰ ਲਏ ਠੀਕ ਆਪਣੇ ਹਿਸਾਬ ਨਾਲ। ਕਈਆਂ ਨੇ ਕਰੇ ਹੀ ਨਾ। ਕਹਿੰਦੇ ਅਸੀਂ ਤਾਂ ਬਿਲਕੁਲ ਸਹੀ ਜਾਣਿਆ ਹੋਇਆ ਹੈ। ਉਹ ਕੁਦਰਤ ਮਹਾਰਾਜ ਦੀ ਐਸੀ ਹੋਈ ਜਦੋਂ ਪ੍ਰਿ. ਜੋਗਿੰਦਰ ਸਿੰਘ ਬੋਲਣ ਲੱਗਿਆ ਉਸ ਦਾ ਗਲਾ ਫੜ ਲਿਆ। ਉਹ ਬੋਲ ਹੀ ਨਾ ਸਕਿਆ ਕਹਿੰਦਾ ਪਾਣੀ ਦਿਓ ਛੇਤੀ। ਘੁੱਟ ਪੀਤਾ ਦੋ ਅੱਖਰ ਕਹੇ। ਕਹਿੰਦਾ ਹੁਣ ਤਾਂ ਮੇਰਾ ਗਲਾ ਨਹੀਂ ਚਲਦਾ, ਬਹਿ ਗਿਆ ਚੁਪ ਕਰਕੇ ਮਹਾਰਾਜ ਨੇ ਕੌਤਕ ਵਰਤਾ ਦਿੱਤਾ। ਸੋ ਰੌਲਾ ਸਾਧ ਸੰਗਤ ਜੀ! ਐਨਾ ਹੀ ਹੈ, ਹਉਮੈ ਦਾ, ਹਉਮੈ ਨੇ ਭੂਚਾਲ ਪਾ ਦਿੱਤਾ। ਹਉਮੈ ਹੈ ਕੀ? ਆਪਣੇ ਆਪ ਨੂੰ ਪਰਮੇਸ਼ਰ ਤੋਂ ਵੱਖ ਸਮਝ ਕੇ ਆਪਣੀ ਜਾਤ ਵੱਖਰੀ ਬਣਾ ਲੈਣੀ -

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥*
*ਅੰਗ - 466*

ਸ਼ਖਸੀਅਤ, ਜਾਤ ਅੰਗਰੇਜ਼ੀ ਵਿਚ ਕਹਿੰਦੇ ਨੇ। ਆਪਣੇ ਆਪ ਨੂੰ ਇਕ ਸ਼ਖਸੀਅਤ (personality) ਸਮਝਣ ਲੱਗ ਜਾਣਾ, ਆਪਣਾ ਚੌਗਿਰਦਾ ਬਣਾ ਲੈਣਾ ਕਿ ਮੈਂ ਐਨਾ ਉਚਾ ਹਾਂ ਐਨੀ ਮੇਰੀ ਛਾਤੀ ਹੈ, ਇਹੋ ਜਿਹਿਆ ਮੇਰਾ ਰੰਗ ਹੈ, ਇਹੋ ਜਿਹਿਆ ਮੇਰਾ ਘਰ ਹੈ। ਇਸ ਦੇ ਵਿਚ ਉਸ ਨੇ ਇਹ ਇਕ ਨਵੀਂ ਚੀਜ਼ ਬਣਾ ਲਈ। ਮਹਾਰਾਜ ਕਹਿੰਦੇ ਜਿਹੜਾ ਅਖੰਡ ਵਰਤਦਾ ਸੀ ਵਾਹਿਗੁਰੂ ਇਹ ਐਡੀ ਸ਼ਕਤੀਸ਼ਾਲੀ ਚੀਜ਼ ਹੈ ਕਿ ਇਸ ਨੇ ਜਗਤ ਬਣਾ ਦਿੱਤਾ, ਸੰਸਾਰ ਬਣਾ ਦਿੱਤਾ ਤੇ ਇਸ ਦੇ ਵਿਚੋਂ ਨਿਕਲਿਆ ਕੀ? ਸੁਖ ਨਹੀਂ ਨਿਕਲਿਆ, ਉਲਟ ਨਿਕਲਿਆ ਸੂਰਜ ਦੇ ਪਰਛਾਵੇ ਵਾਲੀ ਗੱਲ। ਦਰਅਸਲ ਪਰਛਾਵਾਂ ਵੀ ਕੋਈ ਚੀਜ਼ ਨਹੀਂ ਹੁੰਦੀ। ਪਰਛਾਵਾਂ ਸੂਰਜ ਦੀ ਹੀ ਮੱਧਮ ਰੋਸ਼ਨੀ ਹੁੰਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਇਹ ਜੋ ਖਿਆਲ ਨੇ ਜਿਸ ਨੂੰ ਹਉਮੈ ਕਹਿੰਦੇ ਨੇ। ਹਉਮੈ ਨਾਲ ਵੱਖਰੀ ਸ਼ਖਸੀਅਤ ਬਣਨ ਦੇ ਨਾਲ ਉਹ ਕਹਿੰਦਾ, ਮੈਂ ਕਰਦਾ ਹਾਂ, ਮੈਂ ਪੜ੍ਹਿਆ, ਮੈਂ ਨੌਕਰੀ ਕਰੀ, ਮੇਰੇ ਬੱਚੇ ਅਮਰੀਕਾ ਵਿਚ ਨੇ, ਮੈਂ ਕੋਠੀ ਬਣਾਈ, ਉਹ ਫਸਦਾ ਹੀ ਤੁਰਿਆ ਜਾਂਦਾ ਹੈ, ਫਸਦਾ ਹੀ ਤੁਰਿਆ ਜਾਂਦਾ ਹੈ। ਮਹਾਰਾਜ ਕਹਿੰਦੇ -

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥*
*ਅੰਗ - 466*

ਇਸ ਦੀ ਸੋਚਣੀ, ਕਰਮ ਕਰਨੇ ਸਾਰੇ ਹਉਮੈ ਹੀ ਨੇ। ਅੰਗਰੇਜੀ ਸ਼ਬਦ ਇਸ ਦਾ ਕੋਈ ਨਹੀਂ ਹੈ। ਉਹ ਕਹਿੰਦੇ ਜੀ ਮੈਨੂੰ ਤਾਂ ਹਉਮੈ ਦਾ ਹੀ ਪਤਾ ਨਹੀਂ ਲਗਦਾ, ego ਕਹਿੰਦਾ ਹਾਂ ਉਹ ਤੁਸੀਂ ਨਹੀਂ ਮੰਨਦੇ। ਮੈਂ ਕਿਹਾ ego ਤਾਂ ਅਭਿਮਾਨ ਨੂੰ ਕਹਿੰਦੇ ਨੇ, ਅਭਿਮਾਨ ਜਿਹੜਾ ਹੈ ਉਹ ਹਉਮੈ ਵਿਚੋਂ ਪੈਦਾ ਹੁੰਦਾ ਹੈ। ਹਉਮੈ ਤਾਂ ਇਕ ਅੰਦਰ ਸੂਝ ਪੈਦਾ ਹੋ ਗਈ, ਸਾਡੇ ਬੇਹੋਸ਼ੀ ਦੀ ਸੂਝ। ਉਸ ਬੇਹੋਸ਼ੀ ਵਿਚ ਅਸੀਂ ਆਪਣੇ ਆਪ ਨੂੰ ਵੱਖਰਾ ਕਰ ਲਿਆ। ਮਹਾਰਾਜ ਕਹਿੰਦੇ ਸੰਸਾਰ ਬਣ ਗਿਆ। ਗੋਰਖਨਾਥ ਬਹੁਤ ਪੜ੍ਹਿਆ ਲਿਖਿਆ ਵਿਦਵਾਨ ਸੀ, ਕਰਨੀ ਕਮਾਈ ਵਾਲਾ, ਅਨੁਭਵ ਵਾਲਾ, ਐਵੇਂ ਨਹੀਂ ਸੀ, ਮਹਾਰਾਜ ਨਾਲ ਜਦੋਂ ਬਹਿਸ ਹੋਈ ਸੁਮੇਰ ਪਰਬਤ ਤੇ ਤਾਂ ਉਸ ਵੇਲੇ ਕਿਹਾ ਹੇ ਨਾਨਕ! ਤੇਰੀ ਬਾਤ ਸਾਡੇ ਮਨ ਨਹੀਂ ਲਗਦੀ ਕਿਉਂਕਿ ਅਸੀਂ ਅੱਜ ਤੱਕ ਦੋ ਤੱਤ ਸੰਸਾਰ ਦੇ ਵਿਚ ਮੰਨਦੇ ਆਏ ਹਾਂ। ਇਕ ਤਾਂ ਹੈ ਜੜ੍ਹ ਤੱਤ ਜਿਸ ਦੇ ਵਿਚ ਦੁਖ ਹੈ। ਇਕ ਹੈ ਚੇਤਨ ਤੱਤ ਜਿਸ ਦੇ ਵਿਚ ਸਤਿ ਵੀ ਹੈ, ਚੇਤਨ ਵੀ ਹੈ, ਅਨੰਦ ਵੀ ਹੈ। ਇਕ ਪਰਿਵਰਤਨਸ਼ੀਲ ਹੈ ਹਰ ਛਿਨ ਦੇ ਅੰਦਰ। ਇਕ ਬਿਲਕੁਲ ਨਹੀਂ ਬਦਲਦਾ ਅਬਦਲ ਹੈ ਤੇ ਤੂੰ ਸਾਨੂੰ ਦੱਸ ਦਿੱਤਾ ਕਿ ਇਥੇ ਪਰਮੇਸ਼ਰ ਬਿਨਾ ਹੋਰ ਹੈ ਹੀ ਕੋਈ ਨਹੀਂ ਆਪੇ ਹੀ ਆਪ ਹੈ, ਫੇਰ ਆਹ ਸੰਸਾਰ ਕਿਥੋਂ ਬਣ ਗਿਆ ਤੇ ਦੁਖ ਕਿਥੋਂ ਆ ਗਿਆ। ਸਵਾਲ ਉਸ ਦਾ ਸੀ -

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ॥* *ਅੰਗ - 946*

ਮਹਾਰਾਜ ਨੇ ਓਨੇ ਅੱਖਰਾਂ ਵਿਚ ਹੀ ਉਤਰ ਦੇ ਦਿੱਤਾ ਕਹਿੰਦੇ -

*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ॥* *ਅੰਗ - 946*

ਸੋ ਇਸ ਹਉਮੈ ਨੇ ਸਾਨੂੰ ਤੋੜ ਦਿੱਤਾ ਵਾਹਿਗੁਰੂ ਨਾਲੋਂ ਅਸੀਂ 'ਮੈਂ', 'ਮੇਰੀ' ਬਣ ਗਏ। ਇਹ ਨਹੀਂ ਨਿਕਲਦਾ ਸਾਰੀ ਜਿੰਦਗੀ ਕਿੱਡਾ ਹੀ ਗਿਆਨਵਾਨ ਕਿਉਂ ਨਾ ਹੋਵੇ।

ਦਇਆ ਕਰਨ ਵਾਲਾ ਹੋਰ ਕੋਈ ਨਹੀਂ ਉਹ ਆਪ

ਹੈ, ਆਪਣੇ ਆਪ ਨੂੰ ਆਪੇ ਹੀ ਸਾਰਿਆਂ ਦੇ ਵਿਚ ਦੇਖਦਾ ਹੈ, ਦੂਜੇ ਦਾ ਤਾਂ ਖਿਆਲ ਹੀ ਨਹੀਂ ਆਉਂਦਾ -

*ਮਨਿ ਸਾਚਾ ਮੁਖਿ ਸਾਚਾ ਸੋਇ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥*

*ਅੰਗ - 272*

ਸੋ ਬੜੀ ਇਹ ਦਾਰਸ਼ਨਿਕ ਦੀ ਬਾਤ ਹੈ। ਸਾਡੇ ਸਮਝਣ ਨਾਲ ਤਅੱਲਕ ਰਖਦੀ ਹੈ। ਸੋ ਮੈਂ ਕਹਿੰਦਾ ਸੀ ਕਿ ਇਹ ਭੰਬੀਰੀ ਵਰਗੀ ਹੈ ਜਾ ਪਲਾਸਟਿਕ ਦੇ ਬਹੁਤ ਪਤਲੇ ਕਾਗਜ ਵਾਂਗੂ ਇਕ ਪੜਦਾ ਪਿਆ ਹੋਇਆ ਹੈ ਸਾਡੇ ਵਿਚ ਉਸ ਨੂੰ ਹਉਮੈ ਦਾ ਪੜਦਾ ਕਹਿੰਦੇ ਹਨ। ਉਸ ਹਉਮੈ ਦੇ ਪੜਦੇ ਨੇ ਕੀ ਕਰਿਆ? ਸਾਨੂੰ ਅਣਜਾਣ ਬਣਾ ਦਿੱਤਾ। ਅਕਲ ਵਾਲੇ ਅਸੀਂ ਬਹੁਤ ਹਾਂ Ph.D, D.Lit. ਇਹ ਮਾਹਿਰ ਹੈ ਜੀ ਫਲਾਣਾ ਹੈ ਧਿਮਕਾ ਹੈ। ਕਹਿੰਦੇ ਕੱਖ ਨਹੀਂ ਹੈ। ਜੇ ਤਾਂ ਇਨ੍ਹਾਂ ਨੇ ਆਪਣੇ ਆਪ ਨੂੰ ਸਮਝ ਲਿਆ ਤਾਂ ਤਾਂ ਪਿਆਰਿਓ ਇਹ ਪੜ੍ਹੇ ਹੋਏ ਪੰਡਤ ਵੀ ਨੇ। ਜੇ ਪੜ੍ਹਿਆ ਨਹੀਂ ਅਜੇ ਜਜ਼ਬਿਆਂ ਦੇ ਅਧੀਨ ਚੱਲ ਰਿਹਾ ਹੈ ਗੁੱਸਾ ਵੀ ਆਉਂਦਾ ਹੈ, ਲੋਭ ਵੀ ਆਉਂਦਾ ਹੈ, ਮੋਹ ਵੀ ਆਉਂਦਾ ਹੈ। ਆਪਣੇ ਬੱਚੇ ਦੂਜਿਆਂ ਦੇ ਬੱਚਿਆਂ ਨਾਲੋਂ ਪਿਆਰੇ ਲਗਦੇ ਨੇ ਤਾਂ ਕਹਿੰਦੇ ਇਹ ਪੜ੍ਹਿਆ ਹੋਇਆ ਨਹੀਂ ਹੈ-

*ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥*

*ਅੰਗ - 140*

ਮੂਰਖਾਂ ਦੀ ਪੜ੍ਹਾਈ ਪੜ੍ਹਿਆ ਹੈ। ਇਸ ਨੂੰ ਵਿਦਵਾਨਾਂ ਦੀ ਪੜ੍ਹਾਈ ਨਹੀਂ ਆਈ। ਮਹਾਰਾਜ ਕਹਿੰਦੇ-

*ਪੜਿਆ ਨਾਹੀ ਭੇਦੁ ਬੁਝਿਐ ਪਾਵਣਾ॥ ਅੰਗ - 148*

ਪੜ੍ਹੇ ਤੋਂ ਪਤਾ ਹੀ ਨਹੀਂ ਲਗਦਾ, ਬੁਝਣਾ ਪੈਂਦਾ ਹੈ। ਸੋ ਬੁਝਣ ਵਾਸਤੇ ਮਹਾਰਾਜ ਕਹਿੰਦੇ ਤੈਨੂੰ ਗੁਰੂ ਕੋਲ ਜਾਣਾ ਪੈਣਾ ਹੈ, ਸਮਰੱਥ ਗੁਰੂ ਕੋਲ। ਜਿਹੜੀ ਮੈਂ ਦੁਖ ਦੀ ਬਾਤ ਕਰਦਾ ਸੀ ਉਸ ਲਈ ਮਹਾਰਾਜ ਕਹਿੰਦੇ ਕਿ ਤੇਰੇ ਅੰਦਰ ਦਵਾਈ ਰੱਖੀ ਹੋਈ ਹੈ ਜਿਵੇਂ ਬਾਕੀ ਜੜ੍ਹੀਆਂ ਬੂਟੀਆਂ ਵਿਚ ਦਵਾਈ ਹੈ। ਤੈਨੂੰ ਰਾਜੀ ਕਰਨ ਦੀ ਦਵਾਈ ਤੇਰੇ ਕੋਲ ਹੈ ਜੇ ਕਿਤੇ ਉਹ ਤੈਨੂੰ ਲੱਭ ਜਾਵੇ ਤਾਂ ਤੂੰ ਇਕੱਲਾ ਹੀ ਰਾਜੀ ਨਹੀਂ ਹੋਏਂਗਾ, ਜਿਸ ਦੇ ਸਿਰ ਤੇ ਹੱਥ ਰੱਖ ਦਏਂਗਾ ਉਹ ਵੀ ਰਾਜੀ। ਜਿਸ ਨੂੰ ਦੇਖ ਲਏਂਗਾ ਉਹ ਵੀ ਰਾਜੀ। ਉਹ ਕਿਉਂ ਰਾਜੀ ਹੁੰਦਾ ਹੈ? ਜਦੋਂ ਉਸ ਦਵਾਈ ਦਾ ਪਤਾ ਲਗ ਜਾਂਦਾ ਹੈ ਅੱਖਾਂ ਦੇ ਵਿਚੋਂ ਫੇਰ ਕੁਝ ਵਰਖਾ ਹੁੰਦੀ ਹੈ, ਪਹਿਲਾਂ ਇਸ ਨੂੰ ਕਹਿੰਦੇ ਹਨ ਕਿ radiation ਹੁੰਦੀ ਹੈ ਜੀ! ਇਸ ਦੀਆਂ ਮਿਕਨਾਤੀਸੀ ਅੱਖਾਂ ਨੇ। ਖਿੱਚ ਲੈਂਦੀਆਂ ਨੇ ਜਿਸ ਦੇ ਵੱਲ ਝਾਕਦਾ ਹੈ। ਖਿੱਚ ਲੈਣ ਦੀ ਸ਼ਕਤੀ ਹੈ ਅਖਾਂ ਵਿਚ। ਇਸ ਦੀਆਂ ਅੱਖਾਂ ਬਹੁਤ ਮਾੜੀਆਂ ਹਨ ਜਿਧਰ ਝਾਕਦਾ ਹੈ ਆਦਮੀ ਕੰਬਣ ਲੱਗ ਜਾਂਦਾ ਹੈ। ਪਰ ਜਿਸ ਦੀ ਬਿਰਤੀ ਦੇ ਵਿਚ ਪ੍ਰਮੇਸ਼ਰ ਆ ਗਿਆ। ਉਹ ਜਿਧਰ ਵੀ ਦੇਖਦਾ ਹੈ ਰਾਜੀ ਹੁੰਦਾ ਹੈ। ਜਿਥੇ ਹੱਥ ਲਾ ਕੇ ਪਾਣੀ ਪਿਲਾ ਦੇਵੇ ਉਸ ਦੇ ਛਉੜ ਕੱਟ ਦੇਏਗਾ।

ਗੁਰੂ ਮਹਾਰਾਜ ਨੇ ਭਾਈ ਕਨ੍ਹਈਏ ਨੂੰ ਪੁਛਿਆ ਕਿ ਤੂੰ ਪਾਣੀ ਕਿਸ ਨੂੰ ਪਿਲਾਉਂਦਾ ਸੀ? ਮੁਗਲਾਂ ਨੂੰ ਪਿਲਾਉਂਦਾ ਸੀ? ਪਹਾੜੀਆਂ ਨੂੰ ਪਿਲਾਉਂਦਾ ਸੀ? ਜਾਂ ਖਾਲਸਾ ਫੌਜਾਂ ਨੂੰ ਪਿਲਾਉਂਦਾ ਸੀ? ਕਹਿੰਦਾ, "ਨਹੀਂ ਮਹਾਰਾਜ! ਮੈਂ ਤਾਂ ਤੇਰੇ ਪਿਆਰ ਦੇ ਵਿਚ ਰੱਤਿਆ ਹੋਇਆ ਤੈਥੋਂ ਬਿਨਾਂ ਹੋਰ ਕੋਈ ਦੇਖ ਨਹੀਂ ਰਿਹਾ। ਹਾਂ! ਮੈਨੂੰ ਦੀਂਹਦਾ ਸੀ ਜਦੋਂ ਤੈਨੂੰ ਨਹੀਂ ਸੀ ਮਿਲਿਆ। ਜਦੋਂ ਤੂੰ ਮੇਰੇ ਨੇਤਰਾਂ ਦੇ ਅੰਦਰ ਗਿਆਨ ਦਾ ਸੁਰਮਾ ਪਾ ਦਿੱਤਾ -

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥*

*ਅੰਗ - 293*

ਮੇਰੇ ਉਹ ਜਿਹੜੇ ਮੋਤੀਆ ਬਿੰਦ ਦੇ ਪਰਦੇ ਸੀ ਉਹ ਲਹਿ ਗਏ ਮੈਂ ਤਾਂ ਹੈਰਾਨ ਰਹਿ ਗਿਆ ਕਿ ਇਥੇ ਤਾਂ ਤੇਰੇ ਬਿਨਾ ਹੋਰ ਹੈ ਹੀ ਕੋਈ ਨਹੀਂ।

ਮਹਾਰਾਜ ਉਠੇ, ਬੁਕਲ 'ਚ ਲੈ ਲਿਆ, 'ਸਿਖਾ ਨਿਹਾਲ! ਨਿਹਾਲ!! ਨਿਹਾਲ!!!

ਮਲ੍ਹਮ ਵੀ ਮੰਗਾ ਲਈ, ਪੱਟੀਆਂ ਵੀ ਮੰਗਾ ਲਈਆਂ।

ਕਹਿੰਦੇ, "ਲੈ ਅੱਗੇ ਵਾਸਤੇ ਮੇਰੇ ਪਟੀਆਂ ਵੀ ਬੰਨ੍ਹੀ ਜੇ ਲੋੜ ਪਈ, ਮਲ੍ਹਮ ਵੀ ਲਾਈਂ।" ਉਹ ਮਨਜ਼ੂਰ ਕੀਤੀ ਮਹਾਰਾਜ ਨੇ ਬਾਤ। ਉਸ ਦੀ ਦ੍ਰਿਸ਼ਟੀ ਮਹਾਰਾਜ ਕਹਿੰਦੇ ਭਾਈ! ਘਨ੍ਹਈਆ ਜਿਹੜਾ ਹੈ ਇਹ ਜਲ ਨਹੀਂ ਪਿਲਾਉਂਦਾ, ਇਹ ਸੜਦੇ ਬਲਦੇ ਜੀਵਾਂ ਦੇ ਮੂੰਹ ਵਿਚ ਅੰਮ੍ਰਿਤ ਪਾਉਂਦਾ ਹੈ ਤੇ ਜਦੋਂ ਉਹ ਨੇਤਰ ਖੋਲ੍ਹਦਾ ਹੈ ਉਸ ਦੇ ਸਾਰੇ ਦੁਖ ਦੂਰ ਕਰ ਦਿੰਦਾ ਹੈ ਕਿਉਂਕਿ ਇਸ ਦੇ ਨੇਤਰਾਂ ਵਿਚ ਅੰਮ੍ਰਿਤ ਦੀ ਫੁਹਾਰ ਚਲਦੀ ਹੈ।

*ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ॥*

*ਅੰਗ - 273*

ਇਹ ਵੈਰ ਭਾਵ ਸਾਰੇ ਖਤਮ ਕਰ ਦਿੰਦਾ ਹੈ ਜਿਸ ਨੂੰ ਛੂੰਹਦਾ ਹੈ। ਛੂਹਣ ਦੇ ਵਿਚ ਸ਼ਕਤੀ ਹੈ? ਗੁਰੂ ਦਸਮੇਸ਼ ਪਿਤਾ ਮਹਾਰਾਜ ਜੀ ਮੈਦਾਨ-ਏ-ਜੰਗ ਦੇ ਵਿਚ ਨੇ। ਸੈਦਖਾਨ ਆਇਆ ਹੋਇਆ ਹੈ ਜਰਨੈਲ ਦਿੱਲੀ ਤੋਂ। ਉਸ ਨੇ ਕਿਹਾ ਕਿ ਜੇ ਇਹ ਕਾਮਲ ਪੁਰਸ਼ ਨੇ ਤਾਂ ਮੇਰੇ ਨਾਲ ਆ ਕੇ ਯੁੱਧ ਕਰਨ, ਆਪ ਸਾਰੀ ਫੌਜ ਤੋਂ ਪਿਛੇ ਹੈ। ਮਹਾਰਾਜ ਜੀ ਨੇ ਘੋੜਾ ਸਰਪਟ ਦੌੜਾਇਆ ਤੇ ਉਥੇ ਪਹੁੰਚ ਗਏ ਜਰਨੈਲ ਕੋਲ, ਕਹਿੰਦੇ, "ਆ ਜਾਹ! ਖਾਨ ਸਾਹਿਬ ਤੇਰੀ ਇੱਛਾ ਪੂਰੀ ਕਰੀਏ।"

ਜਦੋਂ ਗੁਰੂ ਮਹਾਰਾਜ ਜੀ ਦ੍ਰਿਸ਼ਟੀ ਪਈ ਤਾਂ ਵੈਰ ਭਾਵ ਸਾਰਾ ਹੀ ਉਸ ਦਾ ਖਤਮ ਹੋ ਗਿਆ, ਉਸ ਨੇ ਹਥਿਆਰ ਸੁੱਟ ਦਿੱਤੇ।

ਮਹਾਰਾਜ ਕਹਿੰਦੇ, "ਤੂੰ ਪਠਾਣ ਹੈਂ ਵਾਰ ਕਰ, ਜਰਨੈਲ ਹੈਂ।"

ਕਹਿੰਦਾ, "ਮਹਾਰਾਜ! ਜਿੰਨਾ ਚਿਰ ਤੇਰੇ ਦਰਸ਼ਨ ਨਹੀਂ ਸੀ ਕੀਤੇ ਓਨਾ ਚਿਰ ਮੈਂ ਸਭ ਕੁਝ ਸੀ। ਜਦੋਂ ਦਰਸ਼ਨ ਕਰ ਲਏ ਹੁਣ ਮੈਂ ਕੁਝ ਵੀ ਨਹੀਂ ਰਿਹਾ। ਮੈਨੂੰ ਕਿਰਪਾ ਕਰਕੇ ਇਜਾਜ਼ਤ ਦੇਹ ਕਿ ਮੈਂ ਤੇਰੇ ਚਰਨਾਂ ਨਾਲ ਆਪਣਾ ਅਪਵਿੱਤਰ ਸਿਰ ਲਾ ਲਵਾਂ, ਮੱਥਾ ਲਾ ਲਵਾਂ।"

ਸਹਿ ਨਹੀਂ ਹੋਇਆ ਸਰੀਰ ਦੇ ਵਿਚ ਕੰਬਣੀ ਆਈ ਹੋਈ ਹੈ ਝਰਨਾਹਟ ਹੋ ਰਹੀ ਹੈ। ਹਥਿਆਰ ਸੁੱਟ ਦਿੱਤੇ। ਗੁਰੂ ਮਹਾਰਾਜ ਦੇ ਘੋੜੇ ਦੀ ਰਕਾਬ ਨਾਲ ਜਦੋਂ ਆ ਕੇ ਸੀਸ ਲਾਇਆ ਕੁਝ ਵੀ ਨਹੀਂ ਉਸ ਨੂੰ ਕਰਨਾ ਪਿਆ ਨਾ ਕੋਈ ਸੁਆਸ ਨਾਲ ਨਾਮ ਜਪਣਾ ਪਿਆ, ਨਾ ਕੋਈ ਉਸ ਨੂੰ ਧਿਆਨ ਧਰਨਾ ਪਿਆ। ਹੋਇਆ ਕੀ ਉਸ ਦੀ ਸੁਰਤ ਚੜ੍ਹ ਗਈ ਉਸ ਵੇਲੇ, ਸਮਾਧੀ ਦੇ ਵਿਚ ਚਲਿਆ ਗਿਆ, ਦੋਏ ਹੱਥ ਜੋੜ ਲਏ।

ਕਹਿੰਦਾ, "ਮਹਾਰਾਜ! ਮੇਰੇ ਵਾਸਤੇ ਹੁਕਮ?"

ਮਹਾਰਾਜ ਕਹਿੰਦੇ, "ਜਿਧਰ ਨੂੰ ਮੂੰਹ ਹੈ ਤੇਰਾ ਤੁਰਿਆ ਹੀ ਜਾਹ! ਤੁਰਿਆ ਹੀ ਜਾਹ!!

ਕਹਿੰਦਾ, "ਮਹਾਰਾਜ! ਰੁਕਾਂ ਕਿਥੇ?"

ਕਹਿੰਦੇ, "ਤੈਨੂੰ ਜਿਥੇ ਆਵਾਜ਼ ਆਏਗੀ ਉਥੇ ਰੁਕ ਜਾਈਂ।"

ਕਾਂਗੜੇ ਤੱਕ ਚਲਿਆ ਗਿਆ। ਉਥੇ ਜਾ ਕੇ ਆਵਾਜ਼ ਆਈ ਬਹਿ ਜਾਹ ਇਥੇ। ਉਥੇ ਹੈ ਉਸ ਦਾ ਬਣਿਆ ਹੋਇਆ ਮਜਾਰ। ਛੁਹਣ ਦੀ ਦੇਰ ਹੈ, ਦੇਖਣ ਦੀ ਦੇਰ ਹੈ। ਦ੍ਰਿਸ਼ਟੀ ਐਵੇਂ ਹੀ ਨਹੀਂ ਹੁੰਦੀ, ਦ੍ਰਿਸ਼ਟੀ ਪੈਂਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਜਿਸ ਦੇ ਅੰਦਰ ਉਹ ਦਵਾਈ ਪ੍ਰਗਟ ਹੋ ਗਈ –

*ਹਰਿ ਅਉਖਧੁ ਸਭ ਘਟ ਹੈ ਭਾਈ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ॥*
*ਗੁਰਿ ਪੂਰੈ ਸੰਜਮੁ ਕਰਿ ਦੀਆ॥* *ਅੰਗ - 259*

ਪੂਰੇ ਗੁਰੂ ਨੇ ਪੱਖਾ ਰੱਖ ਕੇ, ਸਾਰਾ ਕੁਝ ਸਮਝਾ ਕੇ ਉਸ ਦਵਾਈ ਦਾ ਭੇਤ ਦੱਸ ਦਿੱਤਾ। ਮਹਾਰਾਜ ਕਹਿੰਦੇ –

*ਨਾਨਕ ਤਉ ਫਿਰਿ ਦੂਖ ਨ ਥੀਆ॥* *ਅੰਗ - 259*

ਮੁੜ ਕੇ ਉਸ ਨੂੰ ਤਾਂ ਦੁਖ ਕੀ ਹੋਣਾ ਹੈ ਉਹ ਸੰਸਾਰ ਦਾ ਹੀ ਦੁਖ ਦੂਰ ਕਰ ਦਏਗਾ–

*ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ॥*
*ਅੰਗ - 608*

ਇਕ ਕਣੀ ਦੇ ਕੇ ਕਰੋੜਾਂ ਦਾ ਉਧਾਰ ਕਰ ਦਿੰਦਾ ਹੈ। ਸੋ ਉਹ ਦਵਾਈ ਸਾਡੇ ਅੰਦਰ ਹੈ। ਹਉਮੈ ਦੀ ਵਲਗਣ ਵਿਚ ਲੁਕੀ ਪਈ ਹੈ, ਉਸ ਨੂੰ ਕੱਟੇ ਕਿਵੇਂ? ਮਹਾਰਾਜ ਕਹਿੰਦੇ ਕੱਟਣ ਦਾ ਤਰੀਕਾ ਹੈ ਤੁਸੀਂ ਗੁਰੂ ਤੋਂ ਮੰਤਰ ਲਓ। ਪੰਜ ਪਿਆਰਿਆਂ ਤੋਂ ਆ ਕੇ ਮੰਤਰ ਲਓ। ਗੁਰੂ ਨਾਨਕ ਦੇ ਘਰ ਦਾ, ਉਹ ਵਾਹਿਗੁਰੂ ਮੰਤਰ ਹੈ। ਕਹਿੰਦੇ ਹੁਣ ਇਸ ਦਾ ਜਾਪ ਕਰੋ –

*ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ।*
*ਭਾਈ ਗੁਰਦਾਸ ਜੀ ਦੀ ਵਾਰ 13/2*

ਜਦੋਂ ਹਉਮੈ ਖੋ ਦਿੱਤੀ। ਇਹ ਦੋ ਚੀਜ਼ਾਂ ਇਕੱਠੀਆਂ ਚਲਦੀਆਂ ਹਨ ਇਕ ਨਾਮ ਇਕ ਹਉਮੈ, ਇਹ ਦੋਏ ਇਕੱਠੇ ਨਹੀਂ ਰਹਿ ਸਕਦੇ –

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ॥* *ਅੰਗ - 560*

ਜਦੋਂ ਨਾਮ ਪ੍ਰਗਟ ਹੋ ਗਿਆ, ਅਸਲੀਅਤ ਆ ਜਾਏਗੀ –

*ਆਦਿ ਸਚੁ ਜੁਗਾਦਿ ਸਚੁ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥* *ਅੰਗ - 1*

ਸਮਝ ਕੇ ਜਾਗ ਆ ਜਾਏਗੀ, ਜੁਗਾ–ਜੁਗਾਂਤਰਾਂ ਦੀ ਕਿਉਂਕਿ ਪੂਰਨ ਸਾਧੂ ਦੇ ਮੁਖ ਤੋਂ ਇਹ ਗੱਲ ਨਿਕਲ ਗਈ–

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ॥* *ਅੰਗ - 204*

ਹਨ੍ਹੇਰਾ ਦੂਰ ਹੋ ਗਿਆ ਤੇ ਜਿਹੜੀ ਆਹ ਸੁਰਤ ਪਈ ਹੋਈ ਹੈ ਮੈਂ ਮੇਰੀ ਦੇ ਅੰਦਰ, ਇਸ ਨੂੰ ਜਾਗ ਆ ਗਈ। ਜਾਗ ਆ ਕੇ ਅਸਲੀਅਤ ਦਾ ਪਤਾ ਲਗ ਗਿਆ। ਸੋ ਗੁਰੂ ਐਵੇਂ ਨਹੀਂ ਹੁੰਦਾ ਗੁਰੂ ਦਾ ਜਿਹੜਾ ਅਸੀਂ ਰੌਲਾ ਪਾਉਂਦੇ ਹਾਂ। ਠੀਕ ਹੈ ਅਸੀਂ ਪਹੁੰਚੇ ਹਾਂ ਜਾਂ ਨਹੀਂ ਪਹੁੰਚੇ ਲੇਕਿਨ ਨਿਸ਼ਾਨੇ ਦਾ ਸਾਨੂੰ ਪਤਾ ਹੈ ਕਿ ਅਸੀਂ ਕਿਥੇ ਪਹੁੰਚਣਾ ਹੈ। ਤਿਲਕ–ਤਿਲਕ ਗਿਰਦੇ ਹਾਂ ਫੇਰ ਉਠ ਖੜਦੇ ਹਾਂ, ਫੇਰ ਗਿਰਦੇ ਹਾਂ। ਮਾਇਆ ਤਾਂ ਸਾਰਿਆਂ ਨੂੰ ਹੀ ਸੁਟਦੀ ਹੈ, ਸਾਧੂ ਸੰਤਾਂ ਨੂੰ ਵੀ ਮਾਇਆ ਦੀ ਲੋੜ ਹੈ। ਉਨ੍ਹਾਂ ਨੇ ਵੀ ਕੰਮ ਕਾਰ ਕਰੇ ਹੋਏ ਨੇ। ਜੇ ਤਾਂ ਦਰਖਤ ਥੱਲੇ ਬੈਠਣ ਵਾਲਾ ਸਾਧੂ ਹੈ ਫੇਰ ਤਾਂ ਲੋੜ ਹੀ ਨਹੀਂ ਕਾਸੇ ਦੀ। ਇਹ ਪਰਉਪਕਾਰ ਕਰਨ ਵਾਲੇ ਗੁਰੂ ਨਾਨਕ ਨੇ ਪੈਦਾ ਕਰ ਦਿੱਤੇ ਕਿ ਹਿਮਾਲਿਆਂ ਦੀਆਂ ਗੁਫਾਵਾਂ ਵਿਚ ਜਾ ਕੇ ਲੁਕ ਕੇ

ਨਾ ਬੈਠੋ। ਸੰਸਾਰ ਵਿਚ ਰਹਿ ਕੇ ਸੰਸਾਰ ਦੀ ਪੀੜਾ ਦੂਰ ਕਰੋ। ਇਨ੍ਹਾਂ ਦੇ ਅੰਦਰ ਅਗਿਆਨ ਭਰਿਆ ਪਿਆ ਹੈ ਬਾਣੀ ਦੇ ਨਾਲ ਇਨ੍ਹਾਂ ਦਾ ਅਗਿਆਨ ਦੂਰ ਕਰੋ, ਦੁਖੀ ਨੇ ਨਾਮ ਦੀ ਦਾਰੂ ਦੇ ਕੇ ਇਨ੍ਹਾਂ ਦੇ ਦੁਖ ਦੂਰ ਕਰੋ। ਸੋ ਇਸ ਤਰਵਾਂ ਲੇਕਿਨ ਉਸ ਦੀ ਕੀਮਤ ਦੇਣੀ ਪੈਂਦੀ ਹੈ ਸਾਧ ਸੰਗਤ ਜੀ! ਉਹ ਆਪਾਂ ਸ਼ੁਰੂ ਕਰਿਆ ਹੋਇਆ ਹੈ। ਕੱਲ੍ਹ ਜਿਹੜੇ ਪ੍ਰੇਮੀ ਆਏ ਸੀ ਉਨ੍ਹਾਂ ਨੇ ਬੜੇ ਵਿਸਥਾਰ ਦੇ ਨਾਲ ਸਰਵਣ ਕਰਿਆ ਸੀ ਗੁਰੂ ਪੰਜਵੇਂ ਪਾਤਸ਼ਾਹ ਕਹਿੰਦੇ ਨੇ ਭਾਈ ਮੰਝ! ਸਿੱਖੀ ਦੀ ਰਹਿਤ ਹੁੰਦੀ ਹੈ। ਜਿੰਨਾ ਚਿਰ ਰਹਿਤ ਨਹੀਂ ਰਖੇਂਗਾ, ਇਹ ਸੰਜਮ ਹੈ ਜਿਹੜਾ ਤੈਨੂੰ ਰੱਖਣਾ ਪੈਣਾ ਹੈ। ਸੰਜਮ ਤੋਂ ਬਗੈਰ ਦਵਾਈ ਨੇ ਅਸਰ ਨਹੀਂ ਕਰਨਾ।

ਸੋ ਪਹਿਲਾਂ ਸੰਜਮ ਇਹ ਹੈ ਕਿ ਵਾਹਿਗੁਰੂ ਤੇ ਪ੍ਰਤੀਤ, ਗੁਰੂ ਤੇ ਪ੍ਰਤੀਤ। ਸੋ ਆਪਾਂ ਸਾਰਿਆਂ ਨੇ ਪੜ੍ਹਿਆ ਸੀ ਦੁਬਾਰਾ ਫੇਰ ਪੜ੍ਹ ਲਓ –

***ਧਾਰਨਾ - ਗੁਰ ਕੀ ਪਰਤੀਤ ਜੀ,***
***ਜਿਸ ਦੇ ਮਨ ਵਿਚ ਹੈ ਭਾਈ*** *-2, 2.*
***ਜਿਸ ਦੇ ਮਨ ਵਿਚ ਹੈ ਭਾਈ*** *-2, 2.*
***ਗੁਰ ਕੀ ਪਰਤੀਤ ਜੀ,***.......... *-2.*

ਪਰਤੀਤ, ਯਕੀਨ, ਭਰੋਸਾ, ਵਿਸ਼ਵਾਸ ਇਕੋ ਚੀਜ਼ ਦੇ ਨਾਂ ਨੇ। ਮਹਾਰਾਜ ਕਹਿਣ ਲੱਗੇ ਭਾਈ ਮੰਝ! ਸਿੱਖੀ ਦਾ ਜੋ ਸਭ ਤੋਂ ਪਹਿਲਾਂ ਧੁਰਾ ਹੈ ਉਹ ਪ੍ਰਤੀਤ ਹੋਇਆ ਕਰਦੀ ਹੈ। ਜੇ ਪ੍ਰਤੀਤ ਹੀ ਨਹੀਂ ਆਈ ਫੇਰ ਨਹੀਂ ਅੱਗੇ ਲੰਘ ਸਕਦਾ ਆਦਮੀ। ਪਹਿਲਾਂ ਪਰਤੀਤ ਜਰੂਰੀ ਹੈ। ਸੋ ਉਸ ਦੇ ਬਾਰੇ ਆਪਾਂ ਕੱਲ੍ਹ ਧੰਨੇ ਭਗਤ ਦੀ ਬੜੇ ਸੰਖੇਪ ਰੂਪ ਵਿਚ ਵਿਚਾਰ ਕਰੀ ਸੀ।

ਕਹਿਣ ਲੱਗੇ, "ਦੂਸਰੀ ਜੋ ਹੈ ਰਹਿਤ ਉਹ ਇਹ ਹੈ ਕਿ ਆਦਮੀ ਨੂੰ ਜਿੰਦਗੀ ਗੁਜ਼ਾਰਦਿਆਂ ਹੋਇਆ ਦੁਖ ਵੀ ਆਉਣਗੇ, ਸੁਖ ਵੀ ਆਉਣਗੇ, ਪ੍ਰਸੰਸਾ ਵੀ ਹੋਏਗੀ ਨਿੰਦਿਆ ਵੀ ਹੋਏਗੀ ਬੜਾ ਕੁਝ ਹੋਏਗਾ। ਇਸ ਦੇ ਨਾਲ ਮਨ ਦੇ ਵਿਚ ਉਥਲ ਪੁਥਲ ਹੋਏਗੀ ਪਰ ਜਦੋਂ ਉਥਲ ਪੁਥਲ ਹੋਣ ਲਗੀ ਤਾਂ ਬਿਰਤੀ ਉਖੜ ਜਾਏਗੀ। ਬਿਰਤੀ ਨਹੀਂ ਲਗੇਗੀ ਨਾਮ ਦੇ ਅੰਦਰ। ਸੋ ਦੁਖ ਆ ਗਿਆ, ਸੁਖ ਆ ਗਿਆ ਉਸ ਨੂੰ ਭਾਣਾ ਮਿੱਠਾ ਕਰਕੇ ਮੰਨਣਾ, ਰਜ਼ਾ ਦੇ ਵਿਚ ਰਾਜ਼ੀ ਰਹਿਣਾ।"

(ਪੰਨਾ 48 ਦੀ ਬਾਕੀ)

ਭੁੱਲ ਦੀ ਖਿਮਾਂ ਵਿਚ ਅਰਜ਼ੋਈਆਂ ਦਾ ਰੂਪ ਹੋ ਗਏ। ਜਾਂ ਸਾਵਧਾਨ ਹੋ ਕੇ ਬੈਠੇ ਤਾਂ ਸਤਿਗੁਰੂ ਜੀ ਨੇ ਪੁਛਿਆ, ਪੁਰਖਾ! ਕਿਥੋਂ ਆਇਆ ਹੈਂ? ਆਪ ਨੇ ਰੁਕੇ ਹੋਏ ਗਲੇ ਤੋਂ ਆਖਿਆ, ਜੀ ਮੈਂ ਖਡੂਰ ਤੋਂ ਆਇਆ ਹਾਂ। ਸੋਹਣੇ ਸ੍ਰੀ ਗੁਰੂ ਜੀ ਨੇ ਪੁਛਿਆ, ਪੁਰਖਾ! ਇਹੋ ਹੈ ਪਿੱਛਾ? ਤਾਂ ਸੁਭਾਗ ਜੀ ਨੇ ਕਿਹਾ ਹੇ ਗੁਰੂ! ਪਿੱਛਾ ਤਾਂ ਮੱਤੇ ਦੀ ਸਰਾਂ ਤੇ ਹਰੀਕੇ ਦਾ ਹੈ ਹੁਣ ਵਸੇਬਾ ਖਡੂਰ ਹੈ ਤੇ ਵਿਹਾਰ ਕਾਰ ਕਰਦਾ ਹਾਂ। ਫਿਰ ਮਾਲਕ ਜੀ ਬੋਲੇ ਕਿਧਰ ਚੱਲੇ ਹੋ? ਸੁਭਾਗ ਮਨ ਜੀ ਨੇ ਆਖਿਆ, ਸੰਗ ਨਾਲ ਹੈ ਤੇ ਦੇਵੀ ਦੇ ਦਰਸ਼ਨ ਨੂੰ ਜਾ ਰਹੇ ਹਾਂ। ਫਿਰ ਸ੍ਰੀ ਗੁਰੂ ਜੀ ਨੇ ਪੁਛਿਆ, ਪੁਰਖਾ! ਤੇਰਾ ਨਾਉਂ ਕੀ ਹੈ? ਸੋਹਣੇ ਭਾਗਾਂ ਵਾਲੇ ਨੇ ਹੱਥ ਬੰਨ੍ਹ ਕੇ ਤੇ ਕੰਬ ਕੇ ਕਿਹਾ, ਜੀਓ ਜੀ, ਨਾਮ ਲਹਿਣਾ ਕਰਕੇ ਸਦਦੇ ਹਨ। ਤਾਂ ਆਪ ਕਿਸੇ ਅਗੰਮੀ ਰੰਗ ਦੀ ਰੰਗਣ ਵਿਚ ਆ ਕੇ ਡਾਢੇ ਪਿਆਰ ਨਾਲ ਬੋਲੇ-ਆ ਭਾਈ ਲਹਿਣਾ, ਤੂੰ ਲਹਿਣਾ ਤੇ ਅਸਾਂ ਤੇਰਾ ਦੇਣਾ।

ਭਾਗਭਰੇ ਲਹਿਣਾ ਜੀ ਨੂੰ ਕੀਹ ਪਤਾ ਸੀ ਕਿ ਐਸ ਵੇਲੇ ਮਾਲਕ ਜੀ ਨੇ ਕੀਹ ਆਖਿਆ ਹੈ। ਸੀ ਤਾਂ ਗੱਲ ਇਕੋ ਪਰ ਲਹਿਣਾ ਜੀ ਨੂੰ ਸਾਂਈ ਨੇ ਸਿੱਖੀ ਦਾ ਨਮੂਨਾ ਬਣਾ ਕੇ ਪਿਛੋਂ ਗੁਰਿਆਈ ਦੀ ਸ਼ਮਾ-ਸਿਖਿਆ ਦੇਣ ਦਾ ਦੀਪਕ ਬਣਾਉਣਾ ਸੀ। ਇਸ ਲਈ ਸਿੱਖੀ ਦੀ ਆਸ ਵਿਚ ਆਏ ਸ੍ਰੀ ਲਹਿਣਾ ਜੀ ਨੂੰ ਕੀਹ ਪਤਾ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੋਹਣੇ ਲਬਾਂ ਤੋਂ ਕੀਹ ਫੁਰਮਾਇਆ ਹੈ। ਗੁਰੂ ਨਾਨਕ ਤਾਂ ਅਸਤੇਯ ਹੈ। ਅਰਥਾਤ ਕਿਸੇ ਤੋਂ ਕੁਛ ਨਾ ਲੈਣ ਵਾਲਾ। ਜਿਸ ਨੇ ਕੁਛ ਨਹੀਂ ਕਦੇ ਲੈਣਾ ਉਸ ਨੇ ਕਿਸੇ ਦਾ ਕੁਛ ਦੇਣਾ ਕਿਉਂ ਹੋਇਆ? ਕੁਛ ਨਹੀਂ ਦੇਣਾ ਕਿਸੇ ਦਾ ਗੁਰੂ ਨਾਨਕ ਨੇ। ਹਾਂ ਉਹ ਤਾਂ ਸਦਾ ਦਾਤਾ ਹੈ। ਤਾਂ ਦੱਸੋ ਗੁਰੂ ਦੀ ਸੰਗਤ ਸ੍ਰੀ ਗੁਰੂ ਨਾਨਕ ਦੇਵ ਜੀ ਕੀ ਹੋਏ? (ਉਤਰ) ਤੂੰ ਦਾਤਾ ਜਗ ਮੰਗਤਾ। ਗੁਰੂ ਨਾਨਕ ਸਦਾ ਦੇਂਦਾ ਹੈ, ਜੀਅ ਦਾਤਾਂ ਦਾ ਦਾਤਾ ਹੈ। ਇਸ ਕਰਕੇ ਉਹ ਦੇਣ ਜੋਗ ਹੋਇਆ, ਤਾਂ ਦਾਤਾ ਹੋ ਕੇ ਉਸ ਦੇਣਾ ਹੀ ਹੋਇਆ। ਅੱਗੇ ਤਾਂ ਸਭ ਨੂੰ ਦੇਂਦਾ ਸੀ ਜੀਅਦਾਨ ਤੇ ਸੁਭਾਗ ਲਹਿਣਾ ਜੀ ਨੂੰ ਕੀ ਰਮਜ਼ ਮਾਰੀ ਨੇ? ਏਥੇ ਗੁਰੂ ਬਾਬੇ ਨੇ ਦੇਣਾ ਹੈ 'ਆਪਾ'।

# ਹਿਮਾਲੀਅਨ ਯੋਗੀ ਦਾ ਸੰਗ
# (Walking With Himalayan Master)

*ਡਾ. ਜਸਟਿਨ ਓਬਰਾਇਨ*

*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

## ਬਿਰਤੀ

ਜੀਵਨ ਸਮਰੂਪਤਾ ਨਾਲ ਜੀਓ, ਜੋ ਕਰੋ ਪੂਰੇ ਧਿਆਨ, ਪੂਰੀ ਸੁਰਤੀ ਲਗਾ ਕੇ ਕਰੋ, ਜੋ ਕਰ ਰਹੇ ਹੋ ਉਸ ਨੂੰ ਸੰਪੂਰਨਤਾ ਦਾ ਰੂਪ ਦਿਓ, ਇਹ ਸਮਝ ਕੇ ਕਰੋ ਕਿ ਇਸ ਘੜੀ ਜੋ ਕਰ ਰਹੇ ਹੋ ਉਹ ਹੀ ਤੁਹਾਡੇ ਜੀਵਨ ਦਾ ਧੇਅ ਹੈ। ਕਦੀ ਇਹ ਨਾ ਸੋਚੋ, ਮੈਂ ਜੋ ਹੁਣ ਕਰ ਰਿਹਾ ਹਾਂ, ਉਹ ਠੀਕ ਹੈ ਪਰ ਮੈਂ ਜੋ ਕੱਲ੍ਹ ਕਰਾਂਗਾ ਉਹ ਪੂਰੀ ਤਰ੍ਹਾਂ ਕਰ ਲਵਾਂਗਾ। ਰੋਜ਼ ਸਵੇਰੇ ਉਠ ਕੇ ਆਪਣੇ ਆਪ ਨੂੰ ਕਹੋ, ਮੈਂ ਆਪਣੇ ਆਪ ਨੂੰ ਠੀਕ ਕਰ ਰਿਹਾ ਹਾਂ, ਮੈਂ ਅੱਗੇ ਨਾਲੋਂ ਚੰਗਾ ਹੋ ਰਿਹਾ ਹਾਂ। ਆਪਣੇ ਆਪ ਨੂੰ ਉਚਾ ਕਰਨ, ਚੰਗਾ ਬਣਾਉਣ ਦੇ ਤੱਤ ਤੁਹਾਡੇ ਅੰਦਰ ਹਨ। ਨਖੇਧੀ ਦੇ ਵਿਚਾਰ ਤੁਹਾਡੇ ਲਈ ਬਹੁਤ ਹੀ ਹਾਨੀਕਾਰਕ ਹਨ, ਚੰਗੇ ਸ਼ੁਧ ਪਵਿੱਤਰ ਵਿਚਾਰ ਤੁਹਾਡੇ ਸਰੀਰ ਲਈ ਔਸ਼ਧੀ ਹਨ। ਜੇ ਮਨ ਅਸ਼ਾਂਤ ਹੋਵੇ, ਉਦਾਸ ਹੋਵੇ, ਮਨ ਵਿਚ ਉਥੱਲ ਪੁਥੱਲ ਹੋ ਰਹੀ ਹੋਵੇ, ਮਨ ਵਿਚ ਪ੍ਰਸੰਨਤਾ ਨਾ ਹੋਵੇ, ਤੁਸੀਂ ਅਨੰਦ ਨਹੀਂ ਮਾਣ ਸਕਦੇ, ਤੁਸੀਂ ਖੁਸ਼ ਨਹੀਂ ਹੋ ਸਕਦੇ। ਤੁਸੀਂ ਚੰਗੀ ਸਿਹਤ ਚਾਹੁੰਦੇ ਹੋ, ਤੁਹਾਨੂੰ ਖੁਸ਼ ਰਹਿਣਾ ਚਾਹੀਦਾ ਹੈ। ਤੁਹਾਡੀ ਬਿਰਤੀ ਇਹ ਹੋਣੀ ਚਾਹੀਦੀ ਹੈ ਕਿ ਭਾਵੇਂ ਕੁਝ ਵੀ ਕਿਉਂ ਨਾ ਹੋਵੇ, ਤੁਸੀਂ ਸਦਾ ਹੀ ਮੁਸਕਰਾਉਂਦੇ ਰਹੋਗੇ। ਅਨੰਦ ਤੁਹਾਡੇ ਅੰਦਰ ਹੈ, ਖੁਸ਼ੀ ਤੁਹਾਡੇ ਅੰਦਰ ਹੈ, ਖੁਸ਼ੀ ਤੁਸੀਂ ਬਾਹਰੋਂ ਨਹੀਂ ਲੈਣੀ। ਜੀਵਨ ਦਾ ਹਰ ਪਲ ਤੁਸੀਂ ਅਨੰਦ ਮਾਣੋ, ਘਬਰਾਓ ਨਹੀਂ। ਜਿਹੜਾ ਤੱਤ ਤੁਹਾਡੇ ਅੰਦਰ ਹੈ ਉਹ ਹੀ ਸਾਰਿਆਂ ਦੇ ਅੰਦਰ ਦੇਖੋ। ਜੇ ਤੁਸੀਂ ਉਹ ਹੀ ਤੱਤ ਸਾਰਿਆਂ ਦੇ ਅੰਦਰ ਦੇਖੋਗੇ ਤਾਂ ਹੀ ਤੁਸੀਂ ਮੁਸਕਰਾ ਸਕੋਗੇ, ਹੱਸ ਸਕੋਗੇ। ਜੀਵਨ ਆਦਰਯੋਗ ਹੈ, ਸਾਡੇ ਸਬੰਧ ਆਦਰਯੋਗ ਹਨ, ਅਨਮੋਲ ਹਨ। ਜੋ ਤੱਤ ਜੋ ਆਤਮਾ ਤੁਹਾਡੇ ਅੰਦਰ ਹੈ ਉਹ ਹੀ ਸਾਰਿਆਂ ਦੇ ਅੰਦਰ ਹੈ। ਉਦਾਸੀਨਤਾ ਦੀ ਕੋਈ ਜਗ੍ਹਾ ਨਹੀਂ ਹੈ। ਸਦਾ ਇਹ ਚੇਤੇ ਰੱਖੋ, ਪਿਆਰ ਤੁਹਾਡੇ ਅੰਦਰ ਹੈ। ਚਾਨਣ ਤੁਹਾਡੇ ਅੰਦਰ ਹੈ, ਇਸ ਚਾਨਣ ਦੇ ਸਮੂਹ ਨਾਲ, ਇਸ ਪ੍ਰੇਮ ਦੇ ਸਰੋਤ ਨਾਲ ਆਪਣੇ ਆਪ ਨੂੰ ਜੋੜੋ।

ਆਪਣੇ ਕੰਮ ਨਾਲ, ਆਪਣੀ ਡੀਊਟੀ ਨਾਲ ਪ੍ਰੇਮ ਕਰੋ, ਜੇ ਤੁਸੀਂ ਆਪਣੇ ਕੰਮ ਨਾਲ ਪਿਆਰ ਕਰੋਗੇ ਤੁਹਾਨੂੰ ਕਦੀ ਵੀ ਥਕਾਵਟ ਨਹੀਂ ਹੋਵੇਗੀ। ਕੰਮ ਕਦੀ ਵੀ ਬੋਝ ਨਹੀਂ ਲੱਗੇਗਾ। ਪ੍ਰੇਮ ਪੂਰਵਕ ਕੰਮ ਕਰਕੇ ਪ੍ਰਸੰਨਤਾ ਮਿਲਦੀ ਹੈ। ਕਦੀ ਵੀ ਕਾਰਜਾਂ ਵਿਚੋਂ ਆਪਣੇ ਲਾਭ ਬਾਰੇ ਨਾ ਸੋਚੋ, ਇਸੇ ਤਰ੍ਹਾਂ ਸਹਿਜੇ ਸਹਿਜੇ ਤੁਸੀਂ ਨਿਸੁਆਰਥ ਕਾਰਜ ਕਰਨੇ ਸਿੱਖ ਜਾਓਗੇ। ਇਸ ਤਰ੍ਹਾਂ ਕਰਨਾ ਹੀ ਅਧਿਆਤਮਕ ਅਨੁਸ਼ਾਸਨ ਹੈ।

### ਨੇਪਾਲ ਵਿਚ ਸਿਆਸਤ

ਅਗਲੀ ਰਾਤ ਚਾਰ ਮਿੰਟ ਲਈ ਸਾਰੀਆਂ ਬੱਤੀਆਂ ਬੁੱਝ ਗਈਆਂ। ਇਹ ਯੂਰੀ ਐਨਦਰੋਪੋਵ (Yuri Andropove) ਜੋ ਰੂਸ ਦਾ ਜਨਰਲ ਸੈਕਟਰੀ ਸੀ ਉਸ ਦੇ ਚੜ੍ਹਾਈ ਕਰ ਜਾਣ ਤੇ ਕੀਤਾ ਗਿਆ ਸੀ, ਸਵਾਮੀ ਜੀ ਇਨ੍ਹਾਂ ਦੀ ਪਾਰਟੀ ਨੂੰ ਤੇ ਉਸ ਦੇ ਮੁਖੀ ਨੂੰ ਮਾਸਕੋ ਮਿਲੇ ਸੀ। ਸਵਾਮੀ ਜੀ ਮੈਨੂੰ ਤੇ ਥਰੀਸਾ ਨੂੰ ਕਹਿਣ ਲੱਗੇ ਕਿ ਅਸੀਂ ਰੂਸ ਦੇ ਰਾਜਦੂਤ ਦੇ ਦਫਤਰ ਜਾ ਕੇ ਸ਼ੋਕ ਪ੍ਰਗਟ ਕਰਕੇ ਆਈਏ। ਅਸੀਂ ਰੂਸੀ ਰਾਜਦੂਤ ਦੇ ਦਫਤਰ ਗਏ। ਉਹ ਕਿਲੇ ਦੀ ਤਰ੍ਹਾਂ ਦੀ ਇਮਾਰਤ ਸੀ, ਸਾਨੂੰ ਕੁਝ ਪਤਾ ਨਹੀਂ ਸੀ ਅਸੀਂ ਕੀ ਕਰਨਾ ਹੈ। ਕੰਧਾਂ ਉਪਰ ਵੱਡੇ ਵੱਡੇ ਲਾਲ ਝੰਡੇ ਲੱਗੇ ਹੋਏ ਸੀ। ਚੜ੍ਹਾਈ ਕਰ ਗਏ, ਨੇਤਾ ਦੀ ਫੋਟੋ ਤੇ ਫੁੱਲਾਂ ਦੀਆਂ ਮਾਲਾ ਲੱਗੀਆਂ ਹੋਈਆਂ ਸੀ। ਬੜੇ ਮਾਣ ਤੇ ਤਰੀਕੇ ਨਾਲ ਰੂਸੀ ਸਿਪਾਹੀ ਸਾਨੂੰ ਅੰਦਰ ਲੈ ਕੇ ਗਏ। ਅਸੀਂ ਉਸ ਕਮਰੇ ਵਿਚ ਚਲੇ ਗਏ ਜਿਥੇ ਸ਼ੋਕ ਸਭਾ ਹੋਣੀ ਸੀ, ਥੋੜ੍ਹੇ ਦੇਰ ਬਾਅਦ ਚੀਨ ਦਾ ਜੱਥਾ ਆਇਆ, ਫੇਰ ਕੋਠੀਆਂ ਵਾਲੇ ਆਏ, ਫੇਰ ਅਫਗਾਨਿਸਤਾਨ ਵਾਲੇ ਵਾਰੀ-ਵਾਰੀ ਫੋਟੋ ਦੇ ਅੱਗੋਂ ਲੰਘਦੇ ਗਏ ਤੇ ਆਪਣੀ ਸ਼ਰਧਾਂਜਲੀ ਅਰਪਣ ਕਰਦੇ ਗਏ, ਪਰ ਸਾਨੂੰ ਸਭ ਨੇ ਬੜੇ ਹੀ ਧਿਆਨ ਨਾਲ ਦੇਖਿਆ ਤੇ ਸਾਰੇ ਵਾਰੀ-ਵਾਰੀ ਕਮਰੇ ਵਿਚੋਂ ਬਾਹਰ ਨਿਕਲਦੇ ਗਏ ਤੇ ਬਾਹਰ ਰੱਖੀ ਕਿਤਾਬ ਤੇ ਦਸਤਖਤ ਕਰਦੇ ਗਏ, ਮੈਂ ਤੇ ਥਰੀਸਾ ਅਸੀਂ ਆਪਣੇ ਨਾਮ ਲਿਖਣ ਤੋਂ ਘਬਰਾ ਰਹੇ ਸੀ ਪਰ ਅਸੀਂ ਸਵਾਮੀ ਜੀ ਦੀ ਦਿਤੀ ਸੁਗਾਤ ਰਾਜਦੂਤ ਲਈ ਛੱਡੀ। ਉਹ ਸੀ ਉਨ੍ਹਾਂ ਦੀ ਨਵੀਂ ਪੁਸਤਕ 'Enlightnment without God' ਤੇ ਅਸੀਂ ਵਾਪਸ ਆ ਗਏ।

ਅਗਲੇ ਦਿਨ ਭਾਰਤੀ ਰਾਜਦੂਤ ਦਾ ਟੈਲੀਫੋਨ ਆਇਆ ਕਿ C.I.A (C.I.D. ਦੀ ਤਰ੍ਹਾਂ) ਇਹ ਜਾਨਣਾ ਚਾਹੁੰਦੇ ਹਨ ਕਿ ਦੋ ਅਮਰੀਕਨ ਰੂਸ ਦੇ ਰਾਜਦੂਤ ਦੇ ਦਫਤਰ ਆਏ ਸੀ ਉਹ ਕੌਣ ਸੀ ਤੇ ਕਿਉਂ ਆਏ ਸੀ?

ਰਾਤ ਦਾ ਵੇਲਾ ਸੀ। ਚੰਦਰਮਾ ਵੀ ਉਸ ਹਨ੍ਹੇਰੀ ਰਾਤ ਵਿਚ ਕੋਈ ਬਹੁਤ ਚਾਨਣ ਨਹੀਂ ਸੀ ਦੇ ਰਿਹਾ। ਆਸ਼ਰਮ ਵਿਚ ਸਾਰੇ ਸੁੱਤੇ ਪਏ ਸੀ ਕਿ ਰਾਇਫਲਾਂ ਤੇ ਬੰਦੂਕਾਂ ਦੀਆਂ ਗੋਲੀਆਂ ਸੁਣਾਈ ਦਿਤੀਆਂ। ਫੇਰ ਛੱਤਾਂ ਤੇ ਪੱਥਰ ਡਿੱਗਣ ਦੀ ਆਵਾਜ਼ ਆਈ, ਸਾਰੇ ਉਠ ਖੜ੍ਹੇ ਹੋਏ ਸਾਰੇ ਹੀ ਡਰੇ ਹੋਏ ਸੀ ਤੇ ਘਬਰਾਏ ਹੋਏ ਸੀ, ਬਿਨਾਂ ਬਿਜਲੀ ਦੇ ਸਾਰੇ ਫਟਾ ਫਟ ਉਠ ਕੇ ਤਿਆਰ ਹੋ ਗਏ ਤੇ ਸਾਰੇ ਆਪਣੀਆਂ ਫਲੈਸ਼ ਲਾਈਟਾਂ ਲੈ ਕੇ ਬਾਹਰ ਦੌੜਦੇ ਆ ਗਏ।

ਸਵਾਮੀ ਜੀ ਨੇ ਸਾਰਿਆਂ ਨੂੰ ਹੁਕਮ ਦਿਤਾ। ਸਾਰੇ ਬਾਹਰ ਛੱਤ ਦੇ ਥੱਲੇ ਇਕੱਠੇ ਹੋ ਜਾਓ। ਜਦੋਂ ਥੱਲਿਓਂ ਬੰਦੇ ਦੌੜਦੇ ਉਪਰ ਆਏ, ਸਵਾਮੀ ਜੀ ਕਹਿਣ ਲੱਗੇ, ਤੁਸੀਂ ਸਾਰੀ ਜਗ੍ਹਾ ਦੇਖੋ, ਕਿਸ ਨੇ ਇਹ ਸ਼ਰਾਰਤ ਕੀਤੀ ਹੈ ਤੇ

ਆਸ਼ਰਮ ਵਿਚ ਰਹਿਣ ਵਾਲਿਆਂ ਦੀ ਸੁਰੱਖਿਆ ਦਾ ਧਿਆਨ ਰੱਖੋ। ਗੋਲੀਆਂ ਵੀ ਚਲਾਈਆਂ ਗਈਆਂ, ਪੱਥਰ ਵੀ ਸੁੱਟੇ ਗਏ ਪਰ ਨੁਕਸਾਨ ਕੋਈ ਨਹੀਂ ਹੋਇਆ, ਕਿਸੇ ਨੂੰ ਕੋਈ ਸੱਟ ਨਹੀਂ ਲੱਗੀ। ਸਵਾਮੀ ਜੀ ਨੇ ਸਭ ਨੂੰ ਕਿਹਾ ਕੋਈ ਚਿੰਤਾ ਨਾ ਕਰੋ, ਪਰ ਪਹਿਰਾ ਵਧਾ ਦਿਤਾ ਗਿਆ। ਰੋਜ਼ ਲਈ ਇਹ ਹਦਾਇਤਾਂ ਦੇ ਦਿਤੀਆਂ ਗਈਆਂ ਤੇ ਜਦੋਂ ਤਕ ਅਸੀਂ ਨੇਪਾਲ ਛੱਡ ਕੇ ਨਹੀਂ ਆਏ, ਇਸੇ ਤਰ੍ਹਾਂ ਹੁੰਦਾ ਰਿਹਾ।

ਸਾਨੂੰ ਪਤਾ ਲੱਗਾ ਕਿ ਪਿੰਡ ਵਾਲੇ ਉਨ੍ਹਾਂ ਬੰਦਿਆਂ ਦੇ ਪਿਛੇ ਦੌੜੇ ਤੇ ਇਕ ਨੂੰ ਉਨ੍ਹਾਂ ਨੇ ਫੜ ਵੀ ਲਿਆ ਸੀ ਪਰ ਉਹ ਕਾਠਮੰਡੂ ਵਲ ਦੌੜ ਗਿਆ। ਸਾਨੂੰ ਇਹ ਗੱਲ ਸਾਫ ਹੋ ਗਈ ਕਿ ਕੌਣ ਸ਼ਰਾਰਤ ਕਰ ਰਿਹਾ ਹੈ, ਮੈਂ ਕੁਝ ਨਹੀਂ ਕਿਹਾ। ਜੋ ਵੀ ਹੈ, ਇਹ ਸ਼ਿਸ਼ ਹੀ ਕਹਿ ਰਹੇ ਸੀ। ਰਾਤ ਦੇ ਖਾਣੇ ਤੋਂ ਬਾਅਦ ਮੈਂ ਸਿੱਧਾ ਸਵਾਮੀ ਜੀ ਦੇ ਕਮਰੇ ਵਿਚ ਚਲਾ ਗਿਆ। ਅੱਧੀ ਰਾਤ ਤਕ ਅਸੀਂ ਗੱਲਾਂ ਕਰਦੇ ਰਹੇ, ਸੋਚਦੇ ਰਹੇ, ਕੀ ਕਰੀਏ ਕਿਵੇਂ ਕਰੀਏ? ਮੇਰੀ ਡਿਊਟੀ ਲਾਈ ਗਈ ਮੈਨੂੰ ਬੜਾ ਮਾਣ ਮਹਿਸੂਸ ਹੋਇਆ ਤੇ ਮੈਂ ਡੀਊਟੀ ਕੀਤੀ ਵੀ।

ਅਗਲੇ ਦਿਨ ਪੁਲਿਸ ਸਾਰੀ ਪੁਛ ਪੜਤਾਲ ਕਰਨ ਆਈ। ਅਸੀਂ ਉਨ੍ਹਾਂ ਨੂੰ ਕਿਹਾ ਇਥੇ ਕੁਝ ਨਹੀਂ ਹੋਇਆ। ਸਭ ਕੁਝ ਠੀਕ ਹੈ ਤੇ ਉਨ੍ਹਾਂ ਨੂੰ ਵਾਪਸ ਭੇਜ ਦਿਤਾ। ਸਵਾਮੀ ਜੀ ਨੇ ਸਾਰੇ ਪ੍ਰਾਹੁਣਿਆਂ ਨੂੰ ਹੋਟਲਾਂ ਵਿਚ ਭੇਜ ਦਿਤਾ, ਅਸੀਂ ਥੋੜ੍ਹੇ ਜਿਹੇ ਹੀ ਆਸ਼ਰਮ ਵਿਚ ਰਹਿ ਗਏ। ਐਨੀ ਦੇਰ ਵਿਚ ਮੈਂ ਰਾਣੀ ਨੂੰ ਇਕ ਪੱਤਰ ਲਿਖਿਆ ਤੇ ਗੱਲ ਕਰਨ ਲਈ ਸਮਾਂ ਮੰਗਿਆ।

ਥੋੜ੍ਹੇ ਦਿਨਾਂ ਬਾਅਦ ਮੇਰੇ ਪੱਤਰ ਦਾ ਉਤਰ ਆ ਗਿਆ ਜਿਸ ਵਿਚ ਮੈਨੂੰ ਸਮਾਂ ਦੇ ਦਿਤਾ ਗਿਆ ਸੀ ਇਸ ਬਾਰੇ ਲਿਖਿਆ ਸੀ। ਇਕ ਹਫਤੇ ਬਾਅਦ ਮਹਾਰਾਣੀ ਹੈਲੀਕੌਪਟਰ ਵਿਚ ਰਾਜ ਮਹੱਲ ਵਿਚ ਆਈ ਤੇ ਇਕ ਹਾਲ ਵਿਚ ਮੈਨੂੰ ਮਿਲੀ, ਮੈਂ ਜਦੋਂ ਤੁਰ ਕੇ ਮਿਲਣ ਜਾ ਰਿਹਾ ਸੀ ਮੇਰੇ ਅੰਦਰ ਪੂਰਾ-ਪੂਰਾ ਭਰੋਸਾ ਸੀ, ਆਤਮ ਵਿਸ਼ਵਾਸ਼ ਸੀ ਤੇ ਮੈਂ ਪੂਰੀ ਤਰ੍ਹਾਂ ਜਾਣਦਾ ਸੀ ਕਿ ਮੈਂ ਕੀ ਕਰਨ ਜਾ ਰਿਹਾ ਹਾਂ। ਜਦੋਂ ਮੈਂ ਸੁਨੇਹਾ ਦੇਣਾ ਸ਼ੁਰੂ ਕੀਤਾ, ਮੈਂ ਬਹੁਤ ਹੀ ਚੰਗੀ ਤਰ੍ਹਾਂ ਬੋਲ ਰਿਹਾ ਸੀ ਬਿਨਾਂ ਕਿਸੇ ਝਿਜਕ ਦੇ, ਬਿਨਾਂ ਕਿਸੇ ਅਹਿਸਾਸ ਦੇ, ਜਿਉਂ-ਜਿਉਂ ਮੈਂ ਬੋਲਦਾ ਗਿਆ, ਮੇਰਾ ਵਿਸ਼ਵਾਸ਼, ਭਰੋਸਾ, ਆਤਮ ਵਿਸ਼ਵਾਸ਼ ਵਧਦਾ ਹੀ ਗਿਆ, ਸਾਰਾ ਸਮਾਂ ਮੈਂ ਹੀ ਬੋਲਦਾ ਰਿਹਾ। ਮੈਂ ਚਿੱਠੀ ਦੇ ਵਿਚ ਲਿਖੇ ਮੁੱਦਿਆਂ ਨੂੰ ਦੇਖਿਆ, ਮੈਂ ਹੋਰ ਉਸ ਤੋਂ ਵੱਧ ਗੱਲਾਂ ਦੱਸੀਆਂ, ਕਹੀਆਂ। ਮੈਂ ਇਹੀ ਕਹਾ ਕਿ ਮੈਂ ਤੇ ਮੇਰੇ ਹੋਰ ਅਮਰੀਕਨ ਸਾਥੀ ਇਹ ਮਹਿਸੂਸ ਕਰਦੇ ਹਨ ਕਿ ਸਵਾਮੀ ਜੀ ਤੇ ਆਸ਼ਰਮ ਤੇ ਹਮਲਾ ਕੀਤਾ ਗਿਆ ਹੈ। ਮੈਨੂੰ ਤੇ ਮੇਰੀ ਪਤਨੀ ਨੂੰ ਇਸ ਦੇਸ਼ ਵਿਚ ਇਕ ਮਹਿਮਾਨ ਵਜੋਂ ਬੁਲਾਇਆ ਗਿਆ ਸੀ। ਅਸੀਂ ਆਪਣਾ ਗਿਆਨ ਦਿਤਾ ਹੈ। ਆਪਣਾ ਪੈਸਾ ਲਗਾਇਆ ਹੈ ਅਸੀਂ ਆਪਣੀਆਂ ਕਲਾ ਦਿਤੀਆਂ ਹਨ। ਤੁਹਾਡੇ ਦੇਸ਼ ਤੇ ਭਾਈਆਂ ਤੇ ਬੀਬੀਆਂ ਨੂੰ ਸਿਖਿਆ ਦਿਤੀ ਹੈ ਤੇ ਬਦਲੇ ਵਿਚ ਅਸੀਂ ਕੁਝ ਵੀ ਨਹੀਂ ਮੰਗਿਆ। ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਸਾਡੀਆਂ ਇਹ ਲੋਕ ਭਲਾਈ ਦੀਆਂ ਗਤੀਵਿਧੀਆਂ ਨੂੰ ਕਿਉਂ ਰੋਕਿਆ ਜਾ ਰਿਹਾ ਹੈ, ਕਿਉਂ ਅੜਿੱਕੇ ਲਗਾਏ ਜਾ ਰਹੇ ਹਨ। ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਹਰ ਇਕ ਲੋਕ ਭਲਾਈ ਦੇ ਕੰਮ ਨੂੰ ਵਿਚੋਂ ਹੀ ਕੱਟ ਦਿਤਾ ਜਾਂਦਾ ਹੈ, ਖਤਮ ਕਰ ਦਿਤਾ ਜਾਂਦਾ ਹੈ। ਅਸੀਂ ਸਾਰੇ ਹੀ ਹੱਦ ਤੋਂ ਵੱਧ ਈਮਾਨਦਾਰ ਹਾਂ। ਤੁਸੀਂ ਦੱਸੋ ਅਸੀਂ ਕਿਥੇ ਕੋਈ ਬੇਈਮਾਨੀ ਕੀਤੀ ਹੈ? ਸਾਡੀ ਉਦਾਰਤਾ ਵਿਚ ਕੋਈ ਕਮੀ ਦੱਸੋ? ਕੀ ਵਜਾਹ ਹੈ, ਤੁਸੀਂ ਸਾਡਾ ਕੋਈ ਵੀ ਕੰਮ ਸਿਰੇ ਨਹੀਂ ਚੜ੍ਹਨ ਦਿੰਦੇ? ਰਾਣੀ ਬੜੇ ਹੀ ਸਥਿਰ ਤਰੀਕੇ ਨਾਲ ਖਿੜਕੀ ਵਲ ਪਿੱਠ ਕਰਕੇ ਬੈਠੀ ਰਹੀ। ਉਸ ਨੇ ਕਾਲੀ ਐਨਕ ਲਗਾਈ ਹੋਈ ਸੀ। ਅੱਧਾ ਘੰਟਾ ਮੈਂ ਬੋਲਦਾ ਰਿਹਾ, ਜਦੋਂ ਸਮਾਂ ਖਤਮ ਹੋ ਗਿਆ ਮੈਂ ਉਠ ਕੇ ਤੁਰ ਪਿਆ, ਮੈਨੂੰ ਕੋਈ ਡਰ ਭੈ ਨਹੀਂ ਲੱਗਾ।

ਦੋ ਦਿਨਾਂ ਬਾਅਦ ਮੈਨੂੰ ਰਾਜਸੀ ਆਰਮੀ ਵਲੋਂ ਸੰਮਨ ਆਏ ਕਿ ਮੈਂ ਫੌਜ ਦੇ ਪ੍ਰਮੁੱਖ ਨੂੰ ਮਿਲਾਂ। ਇਕ ਵਾਰੀ ਫੇਰ ਸਵਾਮੀ ਜੀ ਤੇ ਮੈਂ ਬੈਠੇ। ਅਸੀਂ ਸਾਰਾ ਪਲੈਨ ਬਣਾਇਆ, ਮੈਂ ਤੇ ਸਵਾਮੀ ਜੀ ਨੇ ਸ਼ਬਦਾਂ ਦੀ ਚੌਣ ਬਹੁਤ ਹੀ ਧਿਆਨ ਨਾਲ ਕੀਤੀ। ਮੇਰੇ ਨਾਲ ਡਾ. ਆਰੀਆ ਜੀ ਵੀ ਗਏ। ਜਦੋਂ ਮੈਂ ਗੋਰਖਿਆਂ ਦੇ ਮੋਢੀ ਨੂੰ ਮਿਲਣ ਗਿਆ, ਅਸੀਂ ਇਕ ਦੂਸਰੇ ਦੇ ਸਾਮ੍ਹਣੇ ਬੈਠੇ, ਉਹ ਹੌਲੀ ਹੌਲੀ ਨਰਮ ਹੋਣ ਲੱਗਾ ਤੇ ਆਸ਼ਰਮ ਤੇ ਹੋਏ ਹਮਲੇ ਦੀ ਨਖੇਦੀ ਕਰਨ ਲੱਗਾ। ਮੈਂ ਉਸ ਨੂੰ ਵਿਚੋਂ ਹੀ ਟੋਕਿਆ ਤੇ ਬੜੇ ਗੁੱਸੇ ਨਾਲ ਉਹ ਸਭ ਕੁਝ ਕਿਹਾ ਜੋ ਰਾਣੀ ਨੂੰ ਕਿਹਾ ਸੀ। ਮੈਂ ਕੁਝ ਹੋਰ ਪ੍ਰਸ਼ਨ ਵਿਚ ਪਾਏ। ਉਹਦੇ ਆਪਣੇ ਕਿਰਦਾਰ ਬਾਰੇ ਪ੍ਰਸ਼ਨ ਉਠਾਇਆ। ਜਦੋਂ ਵੀ ਉਨ੍ਹਾਂ ਨੇ ਜਵਾਬ ਦੇਣ ਲਈ ਮੂੰਹ ਖੋਲ੍ਹਿਆ ਮੈਂ ਵਿਚੋਂ ਹੀ ਟੋਕ ਦਿਤਾ ਤੇ ਉਸ ਨੂੰ ਉਸ ਦੇ ਬਾਰੇ ਗੱਲਾਂ ਕਹੀਆਂ ਤੇ ਉਹ ਜੋ ਵੀ ਹੇਰਾ ਫੇਰੀਆਂ ਕਰ ਰਿਹਾ ਸੀ। ਰਾਜਨੀਤੀ ਖੇਡ ਰਿਹਾ ਸੀ ਉਹ ਸਭ ਕੁਝ ਉਸਨੂੰ ਦੱਸਿਆ, ਅੰਤ ਉਹ ਆਪਣਾ ਸ਼ਿਗਾਰ ਪੀਣ ਲਗ ਪਿਆ। ਫੇਰ ਮੈਂ ਉਸ ਨੂੰ ਕਿਹਾ ਇਹ ਸਭ ਮੈਨੂੰ ਵਿਅਰਥ ਹੀ ਲਗ ਰਿਹਾ ਹੈ। ਇਹ ਕਹਿ ਕੇ ਮੈਂ ਬਾਹਰ ਨਿਕਲ ਆਇਆ।

ਅਗਲੇ ਦਿਨ ਜਦੋਂ ਅਸੀਂ ਬਾਹਰ ਛੱਤ ਦੇ ਥੱਲੇ ਬੈਠੇ ਸੀ। ਅਸੀਂ ਦੇਖਿਆ ਇਕ ਵੱਡੀ ਸਾਰੀ ਕਾਲੀ ਕਾਰ ਰੁਕੀ। ਇਕ ਸੱਜਣ ਜਿਸ ਨੇ ਕਾਲੀ ਪੈਂਟ ਤੇ ਚਿੱਟੀ ਕਮੀਜ਼ ਪਾਈ ਹੋਈ ਸੀ ਉਹ ਉਤਰਿਆ ਤੇ ਉਪਰ ਚੜ੍ਹਨ ਲਗ ਪਿਆ। ਅਸੀਂ ਵੀਹ ਮਿੰਟ, ਜਦੋਂ ਤਕ ਉਹ ਉਪਰ ਚੜ੍ਹਦਾ ਰਿਹਾ ਉਸਨੂੰ ਦੇਖਦੇ ਰਹੇ। ਅੰਤ ਵਿਚ ਜਦੋਂ ਉਹ ਆਸ਼ਰਮ ਦੇ ਗੇਟ ਤੇ ਪਹੁੰਚਿਆ, ਉਸ ਨੇ ਮੈਨੂੰ ਚਿੱਠੀ ਦਿਤੀ ਜਿਹੜੀ ਮੇਰੇ ਹੀ ਨਾਮ ਸੀ। ਉਹ ਮੇਰੇ ਲਈ ਤੇ ਥਰੀਸਾ ਲਈ ਸੱਦਾ ਪੱਤਰ ਸੀ ਕਿ ਅਸੀਂ ਅਮਰੀਕਨ ਰਾਜਦੂਤ ਦੇ ਇਕ ਪਾਰਟੀ ਤੇ ਆਈਏ। ਉਹ ਪਾਰਟੀ ਰਾਜੇ ਤੇ ਰਾਣੀ ਲਈ ਅਮਰੀਕਨ ਰਾਜਦੂਤ ਹੀ ਦੇ ਰਿਹਾ ਸੀ। ਅਸੀਂ ਉਸ ਦਿਨ ਸ਼ੋਭਾ ਗ੍ਰਹਿ

ਵਿਚ ਰਹੇ ਤੇ ਰਾਜਕੁਮਾਰੀ ਤੋਂ ਥੋੜ੍ਹੀ ਦੇਰ ਪਹਿਲਾਂ ਹੀ ਗਏ। ਜਦੋਂ ਅਸੀਂ ਪਾਰਟੀ ਦੇ ਸ਼ਾਮਿਆਨੇ ਵਿਚ ਪਹੁੰਚੇ, ਬਹੁਤ ਹੀ ਸੋਹਣਾ ਮਧੁਰ ਬੈਂਡ ਵਜ ਰਿਹਾ ਸੀ। ਰਾਜਦੂਤ ਸਾਨੂੰ ਬਹੁਤ ਹੀ ਨਿੱਘੇ ਪਿਆਰ ਨਾਲ ਮਿਲਿਆ। ਉਹ ਸਾਨੂੰ ਕਹਿਣ ਲੱਗਾ, ਆਓ ਮੈਂ ਤੁਹਾਨੂੰ ਰਾਜਸੀ ਜੋੜੇ ਨਾਲ ਮਿਲਾਵਾਂ। ਸਾਡਾ ਜ਼ੋਰ ਦੀ ਹਾਸਾ ਨਿਕਲ ਗਿਆ ਤੇ ਫੇਰ ਉਸ ਨੂੰ ਪਤਾ ਲੱਗਾ ਅਸੀਂ ਪਹਿਲਾਂ ਹੀ ਇਕ ਦੂਜੇ ਨੂੰ ਜਾਣਦੇ ਹਾਂ।

ਉਥੇ ਸਾਰੇ ਲੋਕੀ ਆਸ਼ਰਮ ਉਤੇ ਹੋਏ ਹਮਲੇ ਦੀਆਂ ਗੱਲਾਂ ਕਰ ਰਹੇ ਸੀ ਤੇ ਨਾਲ ਹੀ ਸਵਾਮੀ ਜੀ ਦਾ ਬਿਆਨ ਵੀ ਦੱਸ ਰਹੇ ਸੀ ਕਿ ਆਸ਼ਰਮ ਛੇਤੀ ਹੀ ਬੰਦ ਕਰ ਦਿਤਾ ਜਾਵੇਗਾ। ਮੈਂ ਦੇਖਿਆ ਨਾਲ ਦੇ ਇਕ ਕਮਰੇ ਵਿਚ ਉਹ ਗੋਰਖਾ ਜਰਨੈਲ ਬੈਠਾ ਸੀ, ਉਹ ਦੂਸਰੇ ਮਹਿਮਾਨਾਂ ਨਾਲ ਗੱਲਬਾਤ ਕਰ ਰਿਹਾ ਸੀ। ਜਦੋਂ ਮੈਂ ਦੇਖਿਆ ਤੇ ਮੈਂ ਗੱਲ ਕਰਨ ਹੀ ਲੱਗਾ ਸੀ ਕਿ ਰਾਜਕੁਮਾਰੀ ਸ਼ੋਭਾ ਤੇ ਰਾਜ ਕੁਮਾਰ ਮੋਹਨ ਆ ਗਏ, ਉਹ ਰਾਜੇ ਤੇ ਰਾਣੀ ਦੇ ਦੂਤ ਬਣ ਕੇ ਹੀ ਆਏ ਸੀ, ਪਤਾ ਲੱਗਾ, ਰਾਜਾ ਤੇ ਰਾਣੀ ਦੋ ਦਿਨ ਪਹਿਲਾਂ ਸ਼ਹਿਰੋਂ ਬਾਹਰ ਚਲੇ ਗਏ ਹਨ।

ਜਿਵੇਂ ਹੀ ਪਾਰਟੀ ਸ਼ੁਰੂ ਹੋਈ ਇਕ ਅਮਰੀਕਨ ਦੂਰੋਂ ਦੇਖ ਕੇ ਮੇਰੇ ਕੋਲ ਆਇਆ ਤੇ ਕਹਿਣ ਲੱਗਾ ਕੀ ਗੱਲ ਹੈ? ਉਹ ਗੋਰਖਾ ਜਨਰਲ ਮੈਨੂੰ ਕਹਿ ਰਿਹਾ ਸੀ ਕਿ ਮੈਨੂੰ ਇਸ ਬੰਦੇ ਕੋਲੋਂ (ਮੇਰੇ ਕੋਲੋਂ) ਬੜਾ ਡਰ ਲਗ ਰਿਹਾ ਹੈ, ਕੀ ਗੱਲ ਹੈ?

ਮੈਂ ਅੱਧਾ ਜਿਹਾ ਹਾਸਾ ਹੱਸਿਆ ਤੇ ਇਕ ਪਾਸੇ ਹੋ ਗਿਆ ਤੇ ਮੈਂ ਮਹਾਂਪੁਰਖਾਂ ਦਾ ਧੰਨਵਾਦ ਕਰ ਰਿਹਾ ਸੀ ਕਿ ਮੈਨੂੰ ਉਨ੍ਹਾਂ ਨੇ ਕਿੰਨਾ ਵਿਸ਼ਵਾਸ਼ ਦਿਤਾ ਹੈ, ਕਿੰਨਾ ਹੌਂਸਲਾ ਦਿਤਾ ਹੈ ਕਿ ਮੈਂ ਇਹੋ ਜਿਹੇ ਹਾਲਾਤਾਂ ਵਿਚ ਵੀ ਆਪਣਾ ਆਤਮ ਵਿਸ਼ਵਾਸ਼ ਬਣਾਇਆ ਹੋਇਆ ਹੈ ਜਦੋਂ ਕਿ ਹਿਮਾਲਿਆ ਦਾ ਇਕ ਬੜਾ ਭਾਰੀ ਡਰਾਮਾ ਹੋ ਰਿਹਾ ਹੈ।

## ਸੰਪੂਰਨ ਸੁਅਸਥ ਸੰਮੇਲਨ

ਸਵਾਮੀ ਜੀ ਡਾ. ਆਰੀਆ, ਸਵਾਮੀ ਅਜੈ ਥਰੀਸਾ ਤੇ ਮੈਂ ਅਸੀਂ ਇਕੱਠੇ ਬੈਠ ਕੇ ਪਹਾੜਾਂ ਨੂੰ ਦੇਖ ਰਹੇ ਸੀ, ਅਮਰੀਕਾ ਵਿਚ ਕੀਤੇ ਸੰਮੇਲਨਾ ਬਾਰੇ ਸੋਚ ਰਹੇ ਸੀ, ਥਰੀਸਾ ਨੇ ਇਹ ਸਲਾਹ ਦਿਤੀ ਕਿ ਸੰਮੇਲਨ ਕਾਠਮੰਡੂ ਕੀਤਾ ਜਾਵੇ, ਛੱਤਿਆ ਹੋਇਆ ਵਿਹੜਾ ਜਿਹੜਾ ਸੀ ਉਸ ਵਿਚ ਬਿਜਲੀ ਲਾ ਦਿਤੀ ਗਈ, ਹਰ ਇਕ ਨੇ ਆਪਣੀ ਸਲਾਹ ਦਿਤੀ, ਹੱਲਾਸ਼ੇਰੀ ਦਿਤੀ। ਅਸੀਂ ਸਾਰੇ ਇਹ ਕਹਿ ਰਹੇ ਸੀ ਕਿ ਇਹ ਸੰਮੇਲਨ ਇਥੇ ਦੇ ਇਤਿਹਾਸ ਵਿਚ ਪਹਿਲਾ ਐਸਾ ਸੰਮੇਲਨ ਹੋਵੇਗਾ, ਸਭ ਦਾ ਫੈਸਲਾ ਇਹ ਸੀ ਕਿ ਇਹ ਸੰਮੇਲਨ ਸਿਖਿਆ ਭਰਪੂਰ ਹੋਣਾ ਚਾਹੀਦਾ ਹੈ। ਇਹ ਤਿੰਨ ਦੇਸ਼ਾਂ ਲਈ ਇਕ ਸੰਪੂਰਨ ਸਿਖਿਆ ਦਾ ਅਨੁਭਵ ਹੋਣਾ ਚਾਹੀਦਾ ਹੈ। ਅਸੀਂ ਸਾਰਿਆਂ ਨੇ ਕੰਮ ਵੰਡ ਲਏ। ਸਵਾਮੀ ਜੀ ਨੇ ਕਿਹਾ ਉਹ ਆਉਣ ਵਾਲਿਆਂ ਦੀ ਲਿਸਟ ਤਿਆਰ ਕਰਨਗੇ ਕਿਸਨੂੰ ਬੁਲਾਇਆ ਜਾਣਾ ਹੈ। ਸਵਾਮੀ ਅਜੈ ਤੇ ਮੈਂ ਅਸੀਂ ਲੇਖ ਲਿਖਣੇ ਸ਼ੁਰੂ ਕਰ ਦਿਤੇ ਤੇ ਅਖਬਾਰਾਂ ਵਿਚ ਭੇਜਣੇ ਸ਼ੁਰੂ ਕਰ ਦਿਤੇ। ਪੰਡਤ ਆਰੀਆ ਸਾਰਾ ਪ੍ਰੋਗਰਾਮ ਬਨਾਣ ਲਗ ਪਏ, ਕਿਸ ਨੇ ਕਿਹੜੇ ਵਿਸ਼ੇ ਤੇ ਬੋਲਣਾ ਹੈ। ਥਰੀਸਾ ਨੇ ਸਾਰੀਆਂ ਚੀਜ਼ਾਂ ਦਾ ਡੀਜ਼ਾਇਨ, ਨਮੂਨਾ ਬਨਾਣਾ ਸ਼ੁਰੂ ਕਰ ਦਿਤਾ. ਖਾਸ ਕਰਕੇ ਕਿਵੇਂ ਅਖਬਾਰਾਂ ਵਿਚ ਬਾਹਰ ਇਸ ਚੀਜ਼ ਬਾਰੇ ਲੋਕਾਂ ਨੂੰ ਦੱਸਣਾ ਹੈ, ਇਸ਼ਤਿਹਾਰ ਲਗਾਉਣੇ ਹਨ, ਅਖਬਾਰਾਂ ਵਿਚ ਦੇਣਾ ਹੈ, ਕੀ ਕਰਨਾ ਹੈ, ਡਾ. ਰਾਜਿੰਦਰ ਸਿੰਘ ਤੇ ਡਾ. ਏ.ਪੀ ਸਿੰਘ ਨੂੰ ਕਿਹਾ ਗਿਆ ਉਹ biofeed back ਕਰਕੇ ਦਿਖਾਣ। ਉਸ ਦਾ ਨਮੂਨਾ ਸੰਮੇਲਨ ਵਿਚ ਦੱਸਣ, ਬਾਰਬਰਾ ਨੂੰ ਦਿੱਲੀ ਕਿਹਾ ਗਿਆ ਕਿ ਉਹ ਦਿੱਲੀ ਆਪਣਾ ਸਕੂਲ ਛੱਡ ਕੇ ਆ ਜਾਏ ਤੇ ਸੰਮੇਲਨ ਵਿਚ ਆ ਕੇ ਹੱਠ ਯੋਗ ਤੇ ਪਰਦਰਸ਼ਨ ਕਰੇ, ਅਸੀਂ ਸਾਰਿਆਂ ਨੇ ਤਿੰਨ ਮਹੀਨੇ ਬਹੁਤ ਕੰਮ ਕੀਤਾ। ਤਿੰਨ ਹਫਤੇ ਅਸੀਂ ਕਿਸੇ ਨੇ ਸਿਰ ਚੁੱਕ ਕੇ ਨਹੀਂ ਦੇਖਿਆ।

ਸਵਾਮੀ ਜੀ ਨੂੰ ਬਾਹਰ ਦੀਆਂ ਸਰਕਾਰਾਂ ਦੇ ਲੋਕੀ ਬਹੁਤ ਹੀ ਚੰਗੀ ਤਰ੍ਹਾਂ ਜਾਣਦੀਆਂ ਸੀ ਤੇ ਸਤਿਕਾਰ ਕਰਦੀਆਂ ਸੀ। ਖਾਸ ਤੌਰ ਤੇ ਜਦੋਂ ਤੋਂ ਸਵਾਮੀ ਜੀ ਨੇ ਨੇਪਾਲ ਦੇ ਸਬੰਧ ਬਾਕੀ ਦੇਸ਼ਾਂ ਨਾਲ ਚੰਗੇ ਕਰਨ ਲਈ ਕੰਮ ਕੀਤਾ ਸੀ ਤੇ ਭਾਰਤ ਤੇ ਨੇਪਾਲ ਦੇ ਸਬੰਧ ਠੀਕ ਕਰਨ ਵਿਚ ਆਪਣਾ ਯੋਗਦਾਨ ਪਾਇਆ ਸੀ। ਥਰੀਸਾ ਤੇ ਮੈਂ ਇਕ ਦੋ ਰਾਜਦੂਤ ਦੇ ਦਫਤਰਾਂ ਵਿਚ ਗਏ। ਅਸੀਂ ਆਪ ਜਾ ਕੇ ਸਾਰਿਆਂ ਨੂੰ ਸਦਾ ਪੱਤਰ ਦਿਤੇ। ਰਾਜਦੂਤ ਤੇ ਉਨ੍ਹਾਂ ਦੀਆਂ ਪਤਨੀਆਂ ਨੂੰ ਬੁਲਾਇਆ। ਉਨ੍ਹਾਂ ਦੇ ਦਫਤਰਾਂ ਦੇ ਬਾਕੀ ਕਰਮਚਾਰੀਆਂ ਨੂੰ ਬੁਲਾਇਆ, ਉਹ ਆ ਕੇ ਨੇਪਾਲ ਦੇ ਪਹਿਲੇ ਅੰਤਰ-ਰਾਸ਼ਟਰੀ ਸੰਮੇਲਨ ਵਿਚ ਹਿੱਸਾ ਪਾਉਣ ਜਿਹੜਾ ਸੰਪੂਰਨ ਚਿਕਿਤਸਾ ਤੇ ਕੀਤਾ ਜਾ ਰਿਹਾ ਹੈ। ਸਾਨੂੰ ਹਰ ਇਕ ਜਗ੍ਹਾ ਬੜੇ ਹੀ ਮਾਣ ਤੇ ਪਿਆਰ ਨਾਲ ਜੀ ਆਇਆਂ ਕਿਹਾ ਗਿਆ, ਸਾਨੂੰ ਸਾਰਿਆਂ ਨੇ ਹੀ ਵਾਅਦਾ ਕੀਤਾ, ਉਹ ਜ਼ਰੂਰ ਆਉਣਗੇ। ਸਾਰੀਆਂ ਉਡੀਕਾਂ ਫਰਵਰੀ 23 ਤੋਂ 25 ਤੱਕ ਲੱਗੀਆਂ ਹੋਈਆਂ ਸੀ। ਇਹ ਸੰਮੇਲਨ ਓਬੈਰਾਏ ਸ਼ੈਰੇਟਨ ਹੋਟਲ ਵਿਚ ਰੱਖਿਆ ਗਿਆ ਸੀ।

ਰਾਜਸੀ ਘਰਾਣੇ ਦੇ ਬਹੁਤ ਲੋਕਾਂ ਨੂੰ ਇਹ ਗੱਲ ਕੋਈ ਬਹੁਤ ਚੰਗੀ ਨਹੀਂ ਸੀ ਲੱਗੀ, ਉਹ ਨਹੀਂ ਸੀ ਚਾਹੁੰਦੇ ਕਿ ਨੇਪਾਲ ਦੇ ਲੋਕਾਂ ਨੂੰ ਯੋਗਾ, ਮੈਡੀਟੇਸ਼ਨ ਆਦਿ ਤੇ ਸਿਖਿਆ ਦਿਤੀ ਜਾਵੇ, ਉਨ੍ਹਾਂ ਇਹ ਕੋਸ਼ਿਸ਼ ਵੀ ਕੀਤੀ ਕਿ ਅਸੀਂ ਇਸ ਚੀਜ਼ ਦਾ ਪ੍ਰਚਾਰ ਨਾ ਕਰੀਏ। ਜਦੋਂ ਨੇਪਾਲ ਦੇ ਅਖਬਾਰ Rising Nepal ਵਿਚ ਮੇਰਾ ਲੇਖ ਸੰਪੂਰਨ ਸਿਹਤ ਤੇ ਛਪਿਆ, ਉਸ ਕੋਲ ਐਨੇ ਲੇਖ ਹੋਰ ਆਏ ਕਿ ਉਹਦੇ ਕੋਲ ਜਗ੍ਹਾ ਹੀ ਨਾ ਰਹੀ। ਅਸੀਂ ਸਾਰੀ ਜਗ੍ਹਾ ਛੋਟੇ-ਛੋਟੇ ਇਸ਼ਤਿਹਾਰ ਹੱਥੀਂ ਵੰਡੇ, ਰਾਜਦੂਤਾਂ ਦੇ ਦਫਤਰਾਂ ਵਿਚ, ਹੋਟਲਾਂ ਵਿਚ, ਦਫਤਰਾਂ ਵਿਚ ਬਾਜ਼ਾਰਾਂ ਦੇ ਚੌਂਕਾਂ ਤੇ ਖੜ੍ਹੇ ਹੋ ਕੇ ਵੰਡੇ। ਪਿੰਡ ਦੇ ਲੋਕਾਂ ਨੇ ਸਾਰੀ ਜਗ੍ਹਾ ਪੋਸਟਰ ਲਗਾਏ ਭਾਵੇਂ ਕਈ ਜਗ੍ਹਾ ਤੇ ਪੁੱਠੇ ਵੀ ਲਗਾ ਦਿਤੇ ਸੀ।

ਇਨ੍ਹਾਂ ਸਾਰੀਆਂ ਗੱਲਾਂ ਦੇ ਬਾਵਜੂਦ ਇਹ ਸਾਰੀ

ਵਿਰੋਧਤਾ ਹੁੰਦਿਆਂ ਹੋਇਆਂ ਚਾਰ ਸੌ ਤੋਂ ਵੱਧ ਬੰਦਾ ਸੰਮੇਲਨ ਵਿਚ ਆਇਆ, ਹੋਟਲ ਦਾ ਹਾਲ ਸਾਰਾ ਭਰ ਗਿਆ ਸੀ। ਮੈਂ ਅੱਗੋਂ ਹੋ ਕੇ ਸਾਰਿਆਂ ਨੂੰ ਜੀ ਆਇਆਂ ਕਹਿੰਦਾ ਤੇ ਮੈਂ ਸਾਰੇ ਅਮਰੀਕਨਾ ਨੂੰ ਤੇ ਰੂਸੀਆਂ ਨੂੰ ਇਕੱਠਾ ਬਿਠਾਇਆ ਤਾਂ ਜੋ ਉਹ ਆਪਸ ਵਿਚ ਗੱਲਬਾਤ ਕਰ ਸਕਣ। ਅਸੀਂ ਸੰਮੇਲਨ ਦੀ ਸ਼ੁਰੂਆਤ ਸਟੇਜ ਤੇ ਲੈਂਪ ਜਲਾ ਕੇ ਕੀਤੀ। ਇਹ ਗਿਆਨ ਜੋਤੀ ਤਿੰਨ ਦਿਨ ਜਲਦੀ ਹੀ ਰਹੀ, ਬੜੇ ਉਤਸ਼ਾਹ ਨਾਲ ਤਿੰਨ ਦਿਨ ਸੰਮੇਲਨ ਚਲਿਆ। ਹਾਸਾ ਮਖੌਲ ਵੀ ਹੋਇਆ, ਗਿਆਨ ਗੋਸ਼ਟੀਆਂ ਵੀ ਹੋਈਆਂ, ਇਹ ਸਭ ਕੁਝ ਗਿਆਨ ਜੋਤੀ ਦੇ ਨਾਲ ਨਾਲ ਹੀ ਚਲਦਾ ਰਿਹਾ।

ਇਕ ਦਿਨ ਦੁਪਹਿਰ ਨੂੰ ਸਵਾਮੀ ਜੀ ਸਾਡੇ ਨਾਲ ਹਾਲ ਵਿਚ ਬੈਠ ਗਏ। ਉਸੇ ਸਮੇਂ ਡਾ. ਆਰੀਆ ਸਟੇਜ ਤੇ ਬੋਲਣ ਲਈ ਚੜ੍ਹੇ ਹੀ ਸੀ, ਉਨ੍ਹਾਂ ਦਾ ਲੈਕਚਰ ਖਾਣ ਤੋਂ ਇਕ ਦਮ ਬਾਅਦ ਵਿਚ ਹੀ ਸੀ, ਅਸੀਂ ਦੇਖਿਆ ਕਿ ਲੋਕੀ ਤਾਂ ਬੈਠੇ-ਬੈਠੇ ਸੌਣ ਲਗ ਪਏ ਹਨ। ਅਸੀਂ ਸਵਾਮੀ ਜੀ ਕੋਲ ਗਏ ਤੇ ਦਸਿਆ ਕਿ ਇਹ ਹੋ ਰਿਹਾ ਹੈ, ਕਿਉਂਕਿ ਲੈਕਚਰ ਇਕ ਦਮ ਖਾਣੇ ਤੋਂ ਬਾਅਦ ਸੀ। ਸੋ ਜਿਵੇਂ ਹੀ ਲੋਕੀ ਕੁਰਸੀਆਂ ਤੇ ਬੈਠੇ ਉਨ੍ਹਾਂ ਨੂੰ ਨੀਂਦ ਆਉਣੀ ਸ਼ੁਰੂ ਹੋ ਗਈ। ਸਵਾਮੀ ਜੀ ਨੇ ਸਾਨੂੰ ਸਿਰ ਹਿਲਾ ਕੇ ਦੱਸਿਆ ਕਿ ਉਹ ਸਮਝ ਗਏ ਹਨ। ਸਵਾਮੀ ਜੀ ਨੇ ਅੱਖਾਂ ਬੰਦ ਕੀਤੀਆਂ, ਸਿਰ ਥੱਲੇ ਕੀਤਾ। ਅਸੀਂ ਦੇਖਿਆ, ਡਾ. ਆਰੀਆ ਇਕ ਦਮ ਸੁਚੇਤ ਹੋ ਗਏ ਜਿਵੇਂ ਕਿਸੇ ਨੂੰ ਜੋਸ਼ ਆ ਗਿਆ ਹੋਵੇ, ਉਹ ਪੂਰੇ ਜੋਸ਼ ਨਾਲ ਬੋਲਣ ਲੱਗੇ। ਬਾਹਵਾਂ ਉਚੀਆਂ ਕਰਕੇ ਤੇ ਬੜਾ ਜ਼ੋਰ ਪਾ ਕੇ ਜਿਵੇਂ ਕੋਈ ਜਾਦੂ ਹੋ ਗਿਆ ਹੋਵੇ। ਸਰੋਤੇ ਵੀ ਬਿਲਕੁਲ ਚੁਸਤ, ਚੇਤਨ ਕੁਰਸੀਆਂ ਤੇ ਅੱਗੇ ਹੋ ਕੇ ਬੈਠ ਗਏ। ਹਰ ਸ਼ਬਦ ਜਿਹੜਾ ਡਾ. ਆਰੀਆ ਦੇ ਮੁੱਖ ਵਿਚੋਂ ਨਿਕਲੇ ਉਸ ਨੂੰ ਜਿਸ ਤਰ੍ਹਾਂ ਉਹ ਬੋਚ ਰਹੇ ਹੋਣ। ਇਹ ਇਕ ਅਨੋਖੀ ਘਟਨਾ ਸੀ ਜਿਸ ਨਾਲ ਗੋਸ਼ਟੀ ਦਾ ਡਾ. ਆਰੀਆ ਦਾ ਲੈਕਚਰ ਬਹੁਤ ਹੀ ਰੌਚਕ ਬਣ ਗਿਆ ਤੇ ਸਭ ਨੇ ਬਹੁਤ ਸ਼ਲਾਘਾ ਕੀਤੀ।

ਮੇਰਾ ਲੈਕਚਰ ਦੂਸਰੇ ਦਿਨ ਸਵੇਰੇ ਸੀ। ਸਵਾਮੀ ਜੀ ਫੇਰ ਸਿਰ ਨੀਵਾਂ ਕਰਕੇ ਬੈਠ ਗਏ ਤੇ ਮੈਨੂੰ ਅਸ਼ੀਰਵਾਦ ਦੇਣ ਲੱਗੇ। ਇਕ ਦਮ ਮੈਨੂੰ ਲੱਗਾ ਮੇਰੇ ਅੰਦਰ ਸ਼ਕਤੀ ਦਾ ਪ੍ਰਵਾਹ ਹੋ ਰਿਹਾ ਹੈ। ਮੇਰਾ ਸਾਰਾ ਸਰੀਰ ਜਿਵੇਂ ਸ਼ਕਤੀ ਭਰਪੂਰ ਹੋ ਗਿਆ ਹੋਵੇ ਤੇ ਮੇਰਾ ਗਲਾ ਪੂਰਾ ਭਰਿਆ ਹੋਵੇ। ਮੈਂ ਮਹਿਸੂਸ ਕੀਤਾ ਕਿ ਅਗਲੇ ਹੀ ਛਿਣ ਮੈਂ ਸੰਸਕ੍ਰਿਤ ਵਿਚ ਬੋਲ ਰਿਹਾ ਸੀ। ਮੈਂ ਥੋੜ੍ਹੀ ਬਹੁਤ ਸੰਸਕ੍ਰਿਤ ਤਾਂ ਜਾਣਦਾ ਸੀ ਪਰ ਐਨੀ ਚੰਗੀ ਨਹੀਂ ਕਿ ਮੈਂ ਚੰਗੀ ਤਰ੍ਹਾਂ ਬੋਲ ਸਕਾਂ। ਮੈਂ ਸੰਸਕ੍ਰਿਤ ਵਿਚ ਯੋਗ ਸ਼ਾਸਤਰ ਬਾਰੇ ਬਿਲਕੁਲ ਨਹੀਂ ਸੀ ਜਾਣਦਾ ਪਰ ਮੈਂ ਬੋਲ ਰਿਹਾ ਸੀ। ਯੋਗ ਸ਼ਾਸਤਰ ਬਾਰੇ ਮੈਨੂੰ ਕੁਝ ਪਤਾ ਨਹੀਂ ਸੀ।

ਦੂਸਰੇ ਵਕਤਾ ਅਨੰਦ ਲੈ ਰਹੇ ਸੀ। ਜਿਹੜੇ ਸਟੇਜ ਤੇ ਬੈਠੇ ਸੀ ਉਨ੍ਹਾਂ ਨੂੰ ਬਹੁਤ ਹੀ ਅਨੰਦ ਆਇਆ। ਸਰੋਤਿਆ ਨੂੰ ਵੀ ਬਹੁਤ ਅਨੰਦ ਆਇਆ। ਹਾਲ ਦਾ ਸਾਰਾ ਵਾਤਾਵਰਣ ਹੀ ਜਿਵੇਂ ਸ਼ਕਤੀ ਭਰਪੂਰ ਹੋ ਗਿਆ ਹੋਵੇ। ਮੇਰੇ ਤੋਂ ਬਾਅਦ ਸਵਾਮੀ ਜੀ ਸਟੇਜ ਤੇ ਆਏ ਤੇ ਯੋਗਾ ਤੇ ਬੋਲੇ। ਉਨ੍ਹਾਂ ਨੇ ਦੱਸਿਆ ਕਿ ਯੋਗਾ ਨੂੰ ਰੋਜ਼ ਦੇ ਜੀਵਨ ਨਾਲ ਕਿਵੇਂ ਜੋੜ ਕੇ ਰੋਜ਼ ਦਾ ਜੀਵਨ ਜੀਵਿਆ ਜਾ ਸਕਦਾ ਹੈ। ਫੇਰ ਸਵਾਮੀ ਜੀ ਨੇ ਸਭ ਨੂੰ ਇਕੱਠੇ, ਆਮ ਆਦਮੀ ਨੂੰ, ਰਾਜਸੀ ਘਰਾਨਾ, ਪਰਵਾਸੀ, ਨੇਪਾਲੀ ਸਾਰਿਆਂ ਨੂੰ ਇਕੱਠੇ ਬਿਠਾ ਕੇ ਮੈਡੀਟੇਸ਼ਨ ਕਰਾਈ। ਸਾਰਿਆਂ ਨੇ ਅੱਖਾਂ ਬੰਦ ਕਰਕੇ ਮੈਡੀਟੇਸ਼ਨ ਕੀਤੀ। ਸੰਮੇਲਨ ਤੋਂ ਬਾਅਦ ਥਰੀਸਾ ਸਵਾਮੀ ਤੇ ਮੈਂ ਅਸੀਂ ਤਿੰਨੋ ਹੀ ਹੋਟਲ ਵਿਚ ਰਹੇ। ਦੋ ਕਮਰਿਆਂ ਦੇ ਵਿਚ ਬੂਹਾ ਸੀ, ਅਸੀਂ ਉਹ ਕਮਰੇ ਰੱਖੇ। ਸਵੇਰੇ-ਸਵੇਰੇ ਸਵਾਮੀ ਜੀ ਨੇ ਬੂਹਾ ਖੜਕਾ ਕੇ ਥਰੀਸਾ ਨੂੰ ਕਿਹਾ ਉਹ ਚਾਹ ਲਈ ਕਹੇ, ਜਦੋਂ ਚਾਹ ਦੀ ਟਰੇਅ ਲਗ ਕੇ ਆਈ। ਸਾਨੂੰ ਇਕ ਮਖੌਲ ਸੁੱਝਾ, ਚਾਹਦਾਨੀ ਦੇ ਉਪਰ ਇਕ ਵੱਡੀ ਸਾਰੀ ਟੋਪੀ ਜਿਸਨੂੰ ਟੀਕੋਜ਼ੀ ਕਹਿੰਦੇ ਹਨ, ਉਹ ਦਿਤੀ ਹੋਈ ਸੀ। ਇਸ ਉਤੇ ਲਾਲ ਪੀਲਾ ਤੇ ਸੰਤਰੀ ਰੰਗ ਦਾ ਕਵਰ ਲਗਾ ਹੋਇਆ ਸੀ। ਥਰੀਸਾ ਨੇ ਟੀਕੋਜ਼ੀ ਮੈਨੂੰ ਦੇ ਦਿਤੀ ਤੇ ਕਿਹਾ ਮੈਂ ਇਸ ਨੂੰ ਸਿਰ ਤੇ ਪਾ ਲਵਾਂ ਤੇ ਆਪ ਚਾਹ ਦੀ ਟਰੇਅ ਲੈ ਕੇ ਸਵਾਮੀ ਜੀ ਦੇ ਕਮਰੇ ਵਿਚ ਚਲੀ ਗਈ। ਸਵਾਮੀ ਜੀ ਨੂੰ ਕਿਹਾ ਕਿ ਇਕ ਲਾਮਾ ਜਿਸਦਾ ਨਾਮ ਗੋਵਿੰਦਾ ਹੈ ਉਹ ਹੁਣ ਹੁਣੇ ਆਇਆ ਹੈ ਤੇ ਆਪ ਜੀ ਨੂੰ ਮਿਲਣਾ ਚਾਹੁੰਦਾ ਹੈ। ਸਵਾਮੀ ਜੀ ਨੇ ਥਰੀਸਾ ਨੂੰ ਕਿਹਾ ਕਿ ਉਹ ਲਾਮਾ ਨੂੰ ਅੰਦਰ ਲੈ ਆਵੇ। ਜਦੋਂ ਦਰਵਾਜ਼ਾ ਖੁਲ੍ਹਿਆ ਮੈਂ ਆਪਣਾ ਡਰੈਸਿੰਗ ਗਾਊਨ ਤੇ ਉਪਰ ਟੋਪੀ ਪਾ ਕੇ ਅੰਦਰ ਆਇਆ। ਮੈਂ ਬਿਲਕੁਲ ਤਿਬਤਨ ਲਾਮਾ ਹੀ ਲਗ ਰਿਹਾ ਸੀ।

ਸਵਾਮੀ ਜੀ ਹੱਸ ਹੱਸ ਕੇ ਦੋਹਰੇ ਹੋ ਗਏ। ਜਦੋਂ ਖੁਲ੍ਹ ਕੇ ਹੱਸਣ ਤੋਂ ਬਾਅਦ ਸਵਾਮੀ ਜੀ ਦਾ ਸਾਹ ਵਿਚ ਸਾਹ ਆਇਆ, ਸਵਾਮੀ ਜੀ ਜ਼ੋਰ ਪਾ ਕੇ ਕਹਿਣ ਲੱਗੇ। ਮੈਂ ਇਹ ਦੀ ਟਕੋਜ਼ੀ ਲੈ ਜਾਵਾਂ। ਮੈਨੂੰ ਅੱਗੋਂ ਵੀ ਕੰਮ ਆਏਗੀ, ਸਵਾਮੀ ਜੀ ਨੇ ਹੋਟਲ ਦੇ ਪ੍ਰਬੰਧਕ ਨੂੰ ਕਿਹਾ ਉਹ ਮੰਨ ਗਿਆ। ਉਸ ਨੇ ਥਰੀਸਾ ਨੂੰ ਇਕ ਵੱਡੀ ਸਾਰੀ ਚਾਬੀ ਵੀ ਦਿਤੀ ਤੇ ਕਿਹਾ ਇਹ ਹੋਟਲ ਵਲੋਂ ਉਨ੍ਹਾਂ ਨੂੰ ਸੁਗਾਤ ਦਿਤੀ ਜਾਂਦੀ ਹੈ।

ਦੁਪਿਹਰ ਵੇਲੇ ਸਾਨੂੰ ਤੇ ਸਵਾਮੀ ਜੀ ਨੂੰ ਸ਼ਾਮ ਦੀ ਚਾਹ ਦਾ ਸਦਾ ਰਾਜ ਮਾਤਾ ਵਲੋਂ ਆਇਆ। ਰਾਜ ਮਾਤਾ ਬਹੁਤ ਹੀ ਸੋਹਣੀ ਤੇ ਸੁਹਿਰਦ ਬੀਬੀ ਸੀ। ਇਸ ਨੇ ਰਾਜੇ ਤੇ ਹੋਰ ਭੈਣ ਭਰਾਵਾਂ ਦੀ ਪਾਲਨਾ ਕੀਤੀ ਸੀ। ਹੁਣ ਉਹ ਵਖਰੇ ਹੀ ਇਕ ਫਲੈਟ ਵਿਚ ਰਹਿੰਦੀ ਸੀ। ਜੋ ਸੀ ਤਾਂ ਰਾਜ ਮਹੱਲ ਵਿਚ ਹੀ ਪਰ ਸੀ ਵਖਰਾ।

ਸਵਾਮੀ ਜੀ ਤਾਂ ਨਹੀਂ ਗਏ ਪਰ ਅਸੀਂ ਗਏ। ਰਾਜ ਮਾਤਾ ਨੇ ਜਦੋਂ ਸਵਾਮੀ ਜੀ ਨਾਂਹ ਦੇਖਿਆ ਤਾਂ ਉਸ ਨੂੰ ਬੁਰਾ ਤਾਂ ਲੱਗਾ ਪਰ ਸਾਨੂੰ ਉਸ ਨੇ ਬੜੇ ਪਿਆਰ ਤੇ ਸਤਿਕਾਰ ਨਾਲ ਜੀ ਆਇਆਂ ਆਖਿਆ, ਰਾਜ ਮਾਤਾ ਨੇ ਸਾਨੂੰ ਆਪਣੇ ਨਾਲ ਹੀ ਸੋਫੇ ਤੇ ਬਿਠਾਇਆ ਤੇ ਸਾਨੂੰ ਸਵਾਮੀ ਜੀ ਨੂੰ ਮਿਲਣ ਦੀ ਸਾਰੀ ਗੱਲਬਾਤ ਸੁਣਾਈ ਤੇ ਦੱਸਿਆ ਕਿਵੇਂ ਉਹ ਭਜਨ ਗਾਉਂਦੇ ਹੁੰਦੇ ਸੀ।

# ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ
# ਮੰਡੂਕ ਉਪਨਿਸ਼ਦ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਅਧਿਆਇ 1

## ਭਾਗ ਪਹਿਲਾ

### ਪਹਿਲਾ ਸਲੋਕ

ਓਅੰ. ਬ੍ਰਹਮਾ, ਸਭ ਤੋਂ ਪਹਿਲਾਂ ਪ੍ਰਗਟ ਹੋਏ ਉਨ੍ਹਾਂ ਨੇ ਰਚਨਾ ਕੀਤੀ ਉਹ ਹੀ ਸ੍ਰਿਸ਼ਟੀ ਦੇ ਕਰਤਾ ਅਤੇ ਰਖਸ਼ਕ ਹਨ, ਉਨ੍ਹਾਂ ਨੇ ਹੀ ਆਪਣੇ ਪੁੱਤਰ ਅਥਰਵ ਨੂੰ ਇਹ ਸਰਵ ਉਚ ਬ੍ਰਹਮ ਗਿਆਨ ਪ੍ਰਦਾਨ ਕੀਤਾ। ਇਹ ਗਿਆਨ ਸਾਰੇ ਵਿਗਿਆਨਾਂ ਦਾ ਸ੍ਰੋਤ ਹੈ। ਬ੍ਰਹਮਾ ਇਸ ਸ੍ਰਿਸ਼ਟੀ ਤੇ ਸਭ ਤੋਂ ਪਹਿਲਾਂ ਹੋਏ, ਉਹ ਕਰਤਾ ਹਨ, ਸਿਰਜਨਹਾਰ ਹਨ, ਰਚਣਹਾਰ ਹਨ, ਬ੍ਰਹਮਾ ਹਰ ਕਿਤੇ ਹਨ, ਉਹ ਸਭ ਤੋਂ ਪਹਿਲਾਂ ਇਸ ਵਿਸ਼ਵ ਦੇ ਹਨ। ਉਹ ਹਰ ਪ੍ਰਤੱਖ ਵਸਤੂ ਵਿਚ ਹਨ ਹਰ ਅਪਰਤੱਖ ਵਿਚ ਹਨ, ਉਹ ਸਤਿ ਹਨ। ਜਗਿਆਸੂ ਨੂੰ ਇਸ ਗੱਲ ਵਿਚ ਧਿਆਨ ਰੱਖਣਾ ਚਾਹੀਦਾ ਹੈ ਕਿ ਤਿੰਨ ਸ਼ਬਦ ਇਕੋ ਜਿਹੇ ਹਨ ਬ੍ਰਹਮਾ, ਬ੍ਰਹਮ ਤੇ ਬ੍ਰਹਮਨਾ। ਬ੍ਰਹਮਾ ਪੂਰਨ ਸਤਿ ਹੈ, ਬ੍ਰਹਮ ਸਰਵਤਰ ਪ੍ਰਗਟ ਹੈ, ਬ੍ਰਹਮਾ ਇਕ ਹੀ ਹੈ। ਦੂਸਰਾ ਨਹੀਂ, ਬ੍ਰਹਮਾ ਸਭ ਤੋਂ ਪਹਿਲਾਂ ਪ੍ਰਗਟ ਹੋਏ ਹਨ। ਬ੍ਰਹਮ ਨਾ ਉਹ ਹਨ, ਜਿਹੜੇ ਬ੍ਰਹਮ ਨੂੰ ਜਾਣਦੇ ਹਨ ਜਾਂ ਗ੍ਰੰਥਾਂ ਦੇ ਰਖਵਾਲੇ ਹਨ, ਉਨ੍ਹਾਂ ਗ੍ਰੰਥਾਂ ਦੇ ਜਿਹੜੇ ਬ੍ਰਹਮਾ ਦੇ ਗਿਆਨ ਬਾਰੇ ਹਨ, ਜਿਹੜੇ ਵੇਦ ਹਨ।

### ਦੂਸਰਾ ਸਲੋਕ

ਸਤਿ ਦਾ ਵਿਗਿਆਨ ਉਹ ਸੀ ਜਿਹੜਾ ਬ੍ਰਹਮਾ ਨੇ ਆਪਣੇ ਵੱਡੇ ਪੁੱਤਰ ਨੂੰ ਦੱਸਿਆ ਸਿਖਾਇਆ। ਉਸ ਦਾ ਨਾਮ ਸੀ, ਅਥਰਵ, ਅਥਰਵ ਨੇ ਇਹ ਗਿਆਨ ਸਭ ਤੋਂ ਪਹਿਲੇ ਅੰਗੀਰ ਨੂੰ ਦਿਤਾ। ਬਾਅਦ ਵਿਚ ਅੰਗੀਰ ਨੇ ਇਹ ਗਿਆਨ ਸਤਿਵਾਹ ਭਾਰਦਵਾਜ ਨੂੰ ਦਿਤਾ ਤੇ ਫੇਰ ਸਤਿਵਾਰ ਨੇ ਅੰਗੀਰਸ ਨੂੰ ਦਿਤਾ। ਵੇਦਕ ਤ੍ਰਿਮੂਰਤੀ ਵਿਚ ਬ੍ਰਹਮਾ ਸਿਰਜਨਹਾਰ ਹਨ, ਰਚਿਤਾ ਹਨ। ਇਸ ਤਰ੍ਹਾਂ ਨਾਲ ਬ੍ਰਹਮਾ ਕੋਈ ਅਵਿਅਕਤੀਗਤ, ਅਨਿੱਜੀ ਸਤਿ ਨਹੀਂ ਹਨ। ਬ੍ਰਹਮਾ ਨੂੰ ਬ੍ਰਹਮਨ ਦੇ ਪਹਿਲੇ ਗਿਆਤਾ ਮੰਨਿਆ ਜਾਂਦਾ ਹੈ, ਭਾਵ ਸਤਿ ਦੇ ਗਿਆਤਾ ਮੰਨਿਆ ਜਾਂਦਾ ਹੈ। ਇਹ ਗਿਆਨ ਬ੍ਰਹਮਾ ਨੇ ਆਪਣੇ ਮੁਖਾਰਬਿੰਦ ਤੋਂ ਆਪਣੇ ਪੁੱਤਰ ਅਥਰਵ ਨੂੰ ਦਿਤਾ ਸੀ। ਪੁਰਾਤਨ ਸਮੇਂ ਵਿਚ ਬ੍ਰਹਮਨ ਦਾ ਵਿਗਿਆਨ, ਵਿਸ਼ਵ ਆਤਮਾ ਦਾ ਇਹ ਗਿਆਨ ਫੇਰ ਅੰਗੀਰ ਨੂੰ ਦਿਤਾ ਗਿਆ। ਉਸ ਨੇ ਇਹ ਗਿਆਨ ਸਤਿਵਾਹ ਭਾਰਦਵਾਜ ਨੂੰ ਦਿਤਾ। ਇਸ ਤਰ੍ਹਾਂ ਨਾਲ ਇਹ ਸਰਵੋਤਮ ਗਿਆਨ ਰਿਸ਼ੀਆਂ ਮੁਨੀਆਂ ਤੋਂ ਅਣਟੁੱਟ ਨਿਰਵਿਘਨ ਚਲਿਆ ਆ ਰਿਹਾ ਹੈ, ਇਸ ਨੂੰ ਗੁਰੂ ਪਰੰਪਰਾ ਕਿਹਾ ਜਾਂਦਾ ਹੈ।

### ਤੀਸਰਾ ਸਲੋਕ

ਸ਼ੌਨਕ ਇਕ ਬਹੁਤਾ ਵੱਡਾ ਗ੍ਰਹਿਸਤੀ ਹੋਇਆ ਹੈ। ਉਹ ਅੰਗੀਰਸ ਕੋਲ ਗਿਆ। ਉਸਨੇ ਪੂਰੀ ਵਿਧੀ ਅਨੁਸਾਰ ਪੁਛਿਆ, ਉਸ ਨੇ ਬੜੀ ਮਰਿਆਦਾ ਨਾਲ ਪੁਛਿਆ, "ਮਹਾਰਾਜ! ਉਹ ਕਿਹੜਾ ਗਿਆਨ ਹੈ ਜਿਸ ਨੂੰ ਪ੍ਰਾਪਤ ਕਰਕੇ ਬ੍ਰਹਮਗਿਆਨੀ ਬਣ ਜਾਈਦਾ ਹੈ, ਜਿਸਨੂੰ ਜਾਣ ਕੇ ਸਭ ਕੁਝ ਜਾਣ ਜਾਈਦਾ ਹੈ। ਇਹ ਗੱਲ ਜਾਣ ਲੈਣੀ ਬਹੁਤ ਅਵਸ਼ਕ ਹੈ। ਇਹ ਸਮਝ ਲੈਣਾ ਚਾਹੀਦਾ ਹੈ ਕਿ ਪਰੰਰਕ ਗਿਆਨ ਭਾਵੇਂ ਅਪਰਾ ਹੋਵੇ ਭਾਵੇ ਪਰਾ ਹੋਵੇ, ਚਾਹੇ ਇਸ ਸੰਸਾਰ ਦਾ ਗਿਆਨ ਹੋਵੇ ਚਾਹੇ ਆਤਮਕ ਗਿਆਨ ਹੋਵੇ ਇਹ ਦੋਨੋਂ ਹੀ ਗਿਆਨ ਅਤਿ ਜ਼ਰੂਰੀ ਵੀ ਹਨ। ਅਵਸ਼ਕ ਵੀ ਹਨ। ਇਹ ਪੂਰੀ ਮਨੁੱਖਤਾ ਦੇ ਇਤਿਹਾਸ ਵਿਚ ਬਹੁਤ ਹੀ ਸਪਸ਼ਟਤਾ ਨਾਲ ਦੱਸਿਆ ਗਿਆ ਹੈ। ਅੱਜਕਲ੍ਹ ਬਹੁਤ ਸਾਰੇ ਲੋਕੀ ਗਿਆਨ ਵੰਡਦੇ ਨਹੀਂ। ਦੂਸਰਿਆਂ ਨਾਲ ਸਾਂਝਾ ਨਹੀਂ ਕਰਦੇ। ਇਸੇ ਕਰਕੇ ਬਹੁਤ ਸਾਰੇ ਪਰੰਪਾਰਕ ਗਿਆਨ ਤੋਂ ਵਾਂਝੇ ਰਹਿ ਜਾਂਦੇ ਹਨ।

ਅਨੁਭਵ ਸਾਡੀ ਅਗਵਾਈ ਕਰਦਾ ਹੈ ਤੇ ਜਦੋਂ ਆਪਣੇ ਅਨੁਭਵਾਂ ਨੂੰ ਜਾਚਣਾ ਸਿੱਖ ਜਾਂਦੇ ਹਾਂ ਤਾਂ ਸਾਨੂੰ ਪਤਾ ਲਗਦਾ ਹੈ ਕਿ ਬਹੁਤ ਹੀ ਘੱਟ ਇਹੋ ਜਿਹੇ ਅਨੁਭਵ ਹੁੰਦੇ ਹਨ ਜਿਹੜੇ ਮਨੁੱਖਤਾ ਦੀ ਅਗਵਾਈ ਕਰਦੇ ਹਨ ਜਿਨ੍ਹਾਂ ਨੇ ਮਨੁਖਤਾ ਦਾ ਮਾਰਗ ਦਰਸ਼ਨ ਕੀਤਾ ਹੈ। ਵਿਸ਼ੇਸ਼ ਕਰਕੇ ਔਖਿਆਂ ਸਮਿਆਂ ਵਿਚ। ਇਸ ਤੋਂ ਇਹ ਵੀ ਭਾਵ ਹੈ ਕਿ ਜਗਿਆਸੂ ਨੂੰ ਸੁਣਨ ਦੀ ਇੱਛਾ ਰੱਖਣੀ ਚਾਹੀਦੀ ਹੈ। ਸੁਣਨ ਦੀ ਪ੍ਰਵਿਰਤੀ ਹੋਣੀ ਚਾਹੀਦੀ ਹੈ। ਵਿਸ਼ੇਸ਼ ਕਰਕੇ ਵੱਡੇ ਸਿਆਣਿਆਂ ਨੂੰ ਸੁਣਨ ਦੀ ਉਨ੍ਹਾਂ ਦੇ ਅਨੁਭਵ ਜਾਨਣ ਦੀ, ਸੁਣਨ ਦੀ, ਉਨ੍ਹਾਂ ਦੇ ਅਨੁਭਵਾਂ ਨੂੰ ਜਾਣ ਕੇ ਸੁਣ ਕੇ ਉਨ੍ਹਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ।

### ਚੌਥਾ ਸਲੋਕ

ਗਿਆਨ ਪ੍ਰਾਪਤ ਕਰਨ ਦੇ ਦੋ ਪੱਖ ਹਨ, ਇਹ ਸਾਨੂੰ ਉਹ ਤੱਤ ਬੇਤੇ ਦਸਦੇ ਹਨ ਜਿਹੜੇ ਬ੍ਰਹਮ ਨੂੰ ਜਾਣਦੇ ਹਨ। ਇਹ ਦੋ ਪੱਖ ਹਨ। ਅਧਿਆਤਮਕ ਗਿਆਨ ਤੇ ਸੰਸਾਰਕ ਗਿਆਨ। ਬਹੁਤ ਵੱਡੇ ਗ੍ਰਹਿਸਤੀ ਸ਼ੌਨਕ ਜਦੋਂ ਹਾਲ ਵਿਚ ਆਏ ਜਿਥੇ ਅੰਗੀਰਸ ਬੈਠੇ ਸੀ ਉਨ੍ਹਾਂ ਨੇ ਆ ਕੇ ਬੜੀ ਮਰਿਆਦਾ ਨਾਲ ਬੜੀ ਨਮਰਤਾ ਨਾਲ ਪ੍ਰਸ਼ਨ ਪੁਛਿਆ, ਮਹਾਰਾਜ ਉਤੇ ਕਿਹੜਾ ਗਿਆਨ ਹੈ ਜਿਸ ਨੂੰ ਜਾਣ ਕੇ ਮਨੁੱਖ ਸਭ ਕੁਝ ਜਾਣ ਜਾਂਦਾ ਹੈ, ਸਾਰੇ ਸੰਸਾਰ ਬਾਰੇ ਪਤਾ ਲਗ ਜਾਂਦਾ ਹੈ? ਇਸ ਪ੍ਰਸ਼ਨ ਤੋਂ ਇਹ ਗੱਲ ਪਤਾ ਲਗਦੀ ਹੈ ਕਿ ਮੰਡੂਕ ਉਪਨਿਸ਼ਦ ਦਾ ਗਿਆਨ ਅੰਗੀਰਸ ਰਿਸ਼ੀ ਨੇ ਆਪਣੇ ਸਭ ਤੋਂ ਵੱਧ ਪਿਆਰੇ ਮਨ ਪਸੰਦ ਸ਼ਿਸ਼ ਸ਼ੌਨਕ ਨੂੰ ਦਿਤਾ ਉਸ ਨੂੰ ਦੱਸਿਆ। ਸਭ ਜਾਣਦੇ ਹਨ ਕਿ ਸ਼ੌਨਕ ਇਕ ਮੰਨਿਆ ਹੋਇਆ ਪਤਵੰਤਾ ਗ੍ਰਹਿਸਤੀ ਸੀ। ਉਹ ਕੋਈ ਤਿਆਗੀ, ਕੋਈ ਮਹਾਂਪੁਰਖ ਜਾਂ ਸੰਤ ਮਹਾਤਮਾ ਨਹੀਂ

ਸੀ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਮੰਡੂਕ ਉਪਨਿਸ਼ਦ ਦਾ ਤੱਤ, ਅੰਸ਼, ਵਿਸ਼ੇ ਵਸਤੂ ਦੋਨਾਂ ਲਈ ਹੈ ਭਾਵ ਤਿਆਗੀਆਂ ਲਈ ਤੇ ਗ੍ਰਿਹਸਤੀਆਂ ਲਈ।

ਅੰਗੀਰਸ ਨੇ ਇਸ ਸਿਖਸ਼ਾ ਦਾ ਵੇਰਵਾ ਇਸ ਤਰ੍ਹਾਂ ਦਿਤਾ ਹੈ। ਦੋ ਪ੍ਰਕਾਰ ਦਾ ਗਿਆਨ ਹੈ। ਵੇਦਾਂ ਨੂੰ ਜਾਨਣ ਵਾਲੇ ਕਹਿੰਦੇ ਹਨ ਇਕ ਪਰਾ ਵਿਦਿਆ ਹੈ ਉਹ ਗਿਆਨ ਜੋ ਪਰ੍ਹੇ ਹੈ, ਦੂਸਰਾ ਹੈ ਅਪਰਾ ਵਿਦਿਆ, ਇਸ ਸੰਸਾਰ ਦਾ ਭਾਵ ਇਸ ਦਿਸਦੇ ਸੰਸਾਰ ਦਾ ਗਿਆਨ। ਜੀਵਨ ਇਕ ਵਗਦੇ ਪਾਣੀ ਦੀ ਤਰ੍ਹਾਂ ਹੈ। ਅਨੰਤਤਾ ਤੋਂ ਲੈ ਕੇ ਹੁਣ ਤਕ। ਇਸ ਦਾ ਡੂੰਘਾ ਤੇ ਸੰਪੂਰਨ ਗਿਆਨ ਉਦੋਂ ਹੀ ਹੋ ਸਕਦਾ ਹੈ ਜਦੋਂ ਦੋਨੋਂ ਕੰਢਿਆਂ ਦਾ ਪਤਾ ਲਗ ਜਾਏ। ਦੋਨੋਂ ਗਿਆਨ ਪ੍ਰਾਪਤ ਹੋ ਜਾਣ। 'ਇਸ ਕੰਡੇ' ਤੋਂ ਭਾਵ ਹੈ ਸੰਸਾਰ, ਉਸ ਕੰਡੇ ਤੋਂ ਭਾਵ ਹੈ, ਤੱਤ ਗਿਆਨ। ਸਾਡੇ ਵਿਚੋਂ ਬਹੁਤਿਆਂ ਨੂੰ ਤਾਂ ਤੱਤ ਗਿਆਨ ਦਾ ਪਤਾ ਹੀ ਨਹੀਂ ਜਾਣਦੇ ਹੀ ਨਹੀਂ। ਜਦੋਂ ਕਿ ਤੱਤ ਗਿਆਨ ਹੀ, ਪੂਰਨ ਰੂਪ ਵਿਚ ਸਾਡੇ ਗਿਆਨ ਦਾ ਮੁੱਢ ਹੈ। ਤੱਤ ਗਿਆਨ ਹੀ ਸੰਪੂਰਨ ਗਿਆਨ ਹੈ ਇਹ ਹੀ ਵਿਗਿਆਨ ਦੀ ਨੀਂਹ ਹੈ। ਇਸ ਕੰਡੇ ਦੇ ਗਿਆਨ ਦੀ ਆਪਣੀ ਮਹੱਤਤਾ ਹੈ। ਇਸ ਦੀ ਆਪਣੀ ਥਾਂ ਹੈ। ਇਸ ਸੰਸਾਰਕ ਗਿਆਨ ਨਾਲ ਤੁਸੀਂ ਦੂਸਰਿਆਂ ਦੇ ਮਨ ਨੂੰ ਜਾਣ ਸਕਦੇ ਹੋ। ਮਨ ਦੇ ਵੱਖ-ਵੱਖ ਕਰਤੱਵ ਹਨ, ਕਰਮ ਹਨ, ਇਹ ਹੀ ਸਾਨੂੰ ਕਰਣੀ ਬਾਰੇ ਵੀ ਦਸਦਾ ਹੈ। ਕਰਣੀ ਸਮਝਣੀ ਵੱਖ-ਵੱਖ ਕਾਰਜ ਸਮਝਣੇ, ਕਾਰਜ ਕਿਵੇਂ ਕੀਤੇ ਜਾਂਦੇ ਹਨ, ਕਿਵੇਂ ਕਰਨੇ ਚਾਹੀਦੇ ਹਨ। ਬੋਲਣ ਤੋਂ ਕੀ ਭਾਵ ਹੈ, ਕੀ ਕਿਵੇਂ ਤੇ ਕਿਸ ਤਰ੍ਹਾਂ ਬੋਲਣਾ ਚਾਹੀਦਾ ਹੈ। ਬੋਲਣ ਦੀ ਵਰਤੋਂ ਕਿਵੇਂ ਕਰਨੀ ਚਾਹੀਦੀ ਹੈ। ਇਹ ਗਿਆਨ ਮਨੁੱਖ ਨੂੰ ਸਫਲ ਬਣਾਉਂਦਾ ਹੈ। ਖੁਸ਼ਹਾਲ ਬਣਾਉਂਦਾ ਹੈ। ਪਰ ਜੇ ਤੱਤ ਗਿਆਨ ਦੀ ਪ੍ਰਾਪਤੀ ਨਾ ਹੋਵੇ, ਡੂੰਘੇ ਗਿਆਨ ਦੀ ਪ੍ਰਾਪਤੀ ਨਾ ਹੋਵੇ, ਸੂਖਮ ਗਿਆਨ ਦੀ ਪ੍ਰਾਪਤੀ ਨਾ ਹੋਵੇ, ਮਨੁੱਖ ਕਦੀ ਵੀ ਤ੍ਰਿਪਤ ਨਹੀਂ ਹੋ ਸਕਦਾ। ਸੰਤੋਖ, ਧੀਰਜ, ਸ਼ਾਂਤੀ ਸਭ ਤੋਂ ਉਤਮ ਖਜ਼ਾਨੇ ਹਨ, ਹਰੇਕ ਨੂੰ ਇਹ ਖਜ਼ਾਨੇ ਲੈਣੇ ਚਾਹੀਦੇ ਹਨ। ਜਿਹੜੇ ਧਿਆਨ ਮਾਰਗ ਤੇ ਚਲਦੇ ਹਨ, ਚਿੰਤਨ ਮਾਰਗ ਤੇ ਚਲਦੇ ਹਨ, ਮੈਡੀਟੇਸ਼ਨ ਕਰਦੇ ਹਨ, ਇਹ ਉਨ੍ਹਾਂ ਦਾ ਹੀ ਕਥਨ ਹੈ।

## ਸਲੋਕ ਪੰਜਵਾਂ

ਜੋ ਕੁਝ ਵੀ ਉਪਰ ਦੱਸਿਆ ਗਿਆ ਹੈ ਉਨ੍ਹਾਂ ਵਿਚੋਂ ਸੰਸਾਰਕ ਵਿਦਿਆ ਦੇ ਸ੍ਰੋਤ ਹਨ ਰਿਗਵੇਦ, ਯਜੁਰਵੇਦ, ਸਾਮਵੇਦ ਤੇ ਅਥਰਵੇਦ ਇਨ੍ਹਾਂ ਵਿਚ ਧੁਨੀਆਤਮਕ ਦਾ ਵਰਨਣ ਹੈ। ਕਰਮਕਾਂਡ ਬਾਰੇ ਦੱਸਿਆ ਗਿਆ ਹੈ। ਵਿਆਕਰਣ ਸਬੰਧੀ ਗਿਆਨ ਦਿਤਾ ਗਿਆ ਹੈ। ਖਗੋਲ ਵਿਗਿਆ, ਕਾਵਿ ਰਚਨਾ ਅਤੇ ਨਿਰੁਕਤੀ ਬਾਰੇ ਪੂਰਾ-ਪੂਰਾ ਗਿਆਨ ਦਿਤਾ ਗਿਆ ਹੈ। ਉਚੇਰੀ ਵਿਦਿਆ, ਵਿਗਿਆਨ ਉਹ ਹੈ ਜਿਸ ਦੀ ਸਹਾਇਤਾ ਨਾਲ ਅਜਰ, ਅਮਰ, ਅਟੱਲ ਦੇ ਤੱਤ ਗਿਆਨ ਨੂੰ ਜਾਣਿਆ ਜਾ ਸਕਦਾ ਹੈ। ਰਿਗਵੇਦ, ਯਜੁਰ ਵੇਦ, ਸਾਮ ਵੇਦ ਅਤੇ ਅਥਰਵੇਦ ਦੇ ਅਧਿਅਨ ਨਾਲ ਸੰਸਾਰਕ ਗਿਆਨ ਦੀ ਪੂਰਨਤਾ ਪ੍ਰਾਪਤ ਕੀਤੀ ਜਾ ਸਕਦੀ ਹੈ। ਜਿਵੇਂ ਕਿ ਧੁਨੀਆਤਮਕ ਭਾਵ ਧੁਨੀਆਂ ਦਾ ਗਿਆਨ, ਕਰਮਕਾਂਡ ਦਾ ਪੂਰਾ-ਪੂਰਾ ਵਰਨਣ ਦਿਤਾ ਗਿਆ ਹੈ ਕਿਥੇ, ਕਿਵੇਂ ਕੀ-ਕੀ ਕਰਮ ਕਰਨਾ ਹੈ। ਪੂਰਾ ਦੱਸਿਆ ਗਿਆ ਹੈ, ਵਿਆਕਰਣ ਦਾ ਪੂਰਾ-ਪੂਰਾ ਗਿਆਨ ਖੋਲ੍ਹ ਕੇ ਦਿਤਾ ਗਿਆ ਹੈ। ਖਗੋਲ ਵਿਦਿਆ ਦਾ ਵਰਨਣ ਦਿਤਾ ਗਿਆ ਹੈ। ਕਾਵਿ ਰਚਨਾ ਦਾ ਗਿਆਨ ਦੱਸਿਆ ਗਿਆ ਹੈ ਤੇ ਨਾਲ ਹੀ ਨਿਰੁਕਤੀ ਬਾਰੇ ਵੀ ਦੱਸਿਆ ਗਿਆ ਹੈ। ਡੂੰਘਾ ਤੇ ਉਚਾ ਗਿਆਨ ਉਹ ਹੈ ਜਿਸ ਨਾਲ ਉਸ ਤੱਤ ਨੂੰ ਜਾਣਿਆ ਜਾ ਸਕਦਾ ਹੈ। ਬ੍ਰਹਮ ਦਾ ਗਿਆਨ ਪ੍ਰਾਪਤ ਹੁੰਦਾ ਹੈ, ਜਿਸ ਤਰ੍ਹਾਂ ਵਿਖੰਡਣ ਦਵੰਦ ਦਾ ਵਿਰੋਧ ਨਹੀਂ ਕਰਦਾ, ਉਸੇ ਤਰ੍ਹਾਂ ਅਪਰਾ ਵਿਦਿਆ ਪਰਾ ਵਿਦਿਆ ਦਾ ਵਿਰੋਧ ਨਹੀਂ ਕਰਦੀ। ਪੁਰਾਣੇ ਸਮਿਆਂ ਵਿਚ ਮਨੁੱਖ ਖੁਸ਼ਹਾਲ ਸੀ, ਰੱਜੇ ਪੁੱਜੇ ਸੀ ਪਰ ਇਸ ਤੋਂ ਇਹ ਭਾਵ ਨਹੀਂ ਕਿ ਉਹ ਖਾ ਪੀ ਕੇ ਮਸਤ ਰਹਿੰਦੇ ਸੀ। ਰੱਜੇ ਪੁੱਜੇ ਹੋਣ ਦੇ ਨਾਲ ਉਹ ਬ੍ਰਹਮ ਗਿਆਨ ਵਿਚ ਵੀ ਰੁੱਝੇ ਰਹਿੰਦੇ ਸੀ। ਬ੍ਰਹਮ ਗਿਆਨ ਬ੍ਰਹਮ ਦੀ ਪ੍ਰਾਪਤੀ ਲਈ ਚੇਸ਼ਟਾ ਵੀ ਰਖਦੇ ਸੀ ਤੇ ਨਾਲ ਹੀ ਜਤਨਸ਼ੀਲ ਵੀ ਰਹਿੰਦੇ ਸੀ।

ਇਸ ਗੱਲ ਦੇ ਦੋ ਪੱਖ ਹਨ, ਕੀ ਅਪਰਾ ਵਿਦਿਆ ਦਾ ਗਿਆਨ ਭਾਵ ਸੰਸਾਰਕ ਗਿਆਨ ਪਰਾ ਵਿਦਿਆ, ਭਾਵ ਤੱਤ ਗਿਆਨ ਪ੍ਰਾਪਤੀ ਵਿਚ ਸਹਾਇਤਾ ਕਰ ਸਕਦਾ ਹੈ? ਕੀ ਸੰਸਾਰਕ ਪ੍ਰਫੁਲਤਾ ਬ੍ਰਹਮ ਗਿਆਨ ਪ੍ਰਾਪਤੀ ਦਾ ਸਾਧਨ ਬਣ ਸਕਦੀ ਹੈ? ਕੀ ਸੰਸਾਰਕ ਗਿਆਨ ਬ੍ਰਹਮ ਗਿਆਨ ਪ੍ਰਾਪਤੀ ਦਾ ਸਾਧਨ ਬਣ ਸਕਦਾ ਹੈ? ਸੰਸਾਰ ਗਿਆਨ ਤੋਂ ਭਾਵ ਹੈ ਕਿ ਜਗਿਆਸੂ ਕੋਲ ਜੋ ਵੀ ਸੁਵਿਧਾ ਹਨ, ਜੋ ਵੀ ਸਾਧਨ ਹਨ, ਕੀ ਇਹ ਸਭ ਬ੍ਰਹਮ ਦੀ ਖੋਜ ਲਈ ਸਹਾਇਕ ਹੋ ਸਕਦੇ ਹਨ? ਕੀ ਇਹ ਸਾਰੇ ਸਾਧਨ ਉਸ ਤਰ੍ਹਾਂ ਦਾ ਵਾਤਾਵਰਣ ਬਨਾਣ ਲਈ ਸਹਾਇਕ ਹਨ ਜਿਨ੍ਹਾਂ ਵਿਚ ਧਿਆਨ ਲਗ ਸਕੇ, ਮੈਡੀਟੇਸ਼ਨ ਹੋ ਸਕੇ, ਭਗਤੀ ਹੋ ਸਕੇ ਕਿਉਂ ਜੋ ਇਹ ਹੀ ਤੱਤ ਗਿਆਨ ਪ੍ਰਾਪਤੀ ਦੇ ਠੀਕ ਤੇ ਸੱਚੇ ਸਾਧਨ ਹਨ?

ਅਪਰਾ ਵਿਦਿਆ ਦਾ ਗਿਆਨ ਸੰਸਾਰਕ ਗਿਆਨ ਜਗਿਆਸੂ ਨੂੰ ਮੋਕਸ਼ ਤਕ ਨਹੀਂ ਲੈ ਜਾ ਸਕਦਾ। ਪਰ ਜੇ ਸੰਸਾਰ ਗਿਆਨ ਨਾ ਹੋਵੇ ਤਾਂ ਬ੍ਰਹਮਗਿਆਨ ਪ੍ਰਾਪਤੀ ਲਈ ਇਕ ਬਾਧਾ ਬਣ ਜਾਂਦਾ ਹੈ। ਇਕ ਕਾਰਣ ਜੀਵਨ ਦੀ ਪੂਰਨਤਾ ਲਈ ਪੂਰਨ ਪ੍ਰਾਪਤੀ ਤਕ ਪਹੁੰਚਣ ਲਈ ਮਨੁੱਖ ਸੰਸਾਰਕ ਗਿਆਨ ਤੋਂ ਵੀ ਬਹੁਤ ਕੁਝ ਸਿੱਖ ਸਕਦਾ ਹੈ ਪਰ ਫੇਰ ਵੀ ਇਹ ਹੀ ਕਿਹਾ ਜਾਵੇਗਾ ਕਿ ਪਰਾ ਵਿਦਿਆ ਦੇ ਗਿਆਨ ਤੋਂ ਬਿਨਾਂ ਸੰਸਾਰਕ ਗਿਆਨ ਮਨੁੱਖ ਦੇ ਦਿਲ ਦਿਮਾਗ ਨੂੰ ਪੂਰੀ ਤਰ੍ਹਾਂ ਨਾਲ ਵਿਰੁਧ ਕਰ ਦਿੰਦਾ ਹੈ ਭਾਵ ਪੂਰੀ ਤਰ੍ਹਾਂ ਮੋੜ ਤੋੜ ਦਿੰਦਾ ਹੈ ਤੇ ਮਨੁੱਖੀ ਸਯੁੰਕਤ ਕ੍ਰਿਆ, ਮਨੁੱਖੀ ਸ਼ਕਤੀ, ਬਿਬਰੀ ਅਤੇ ਬਲ ਖੇਰੂੰ-ਖੇਰੂੰ ਕਰ ਦਿੰਦਾ ਹੈ। ਮਨੁੱਖ ਦਾ ਗੋਲ ਹੈ ਪਰਾ ਵਿਦਿਆ ਦੀ ਪ੍ਰਾਪਤੀ, ਬ੍ਰਹਮਗਿਆਨ ਪ੍ਰਾਪਤੀ ਜਿਸ ਦੀ ਪ੍ਰਾਪਤੀ ਨਾਲ ਮਨੁੱਖ ਸਾਰੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ।

(ਪੰਨਾ 8 ਦੀ ਬਾਕੀ)

ਅੰਮ੍ਰਿਤ ਕਹਿੰਦੇ ਨੇ। ਤੀਸਰਾ ਅੰਮ੍ਰਿਤ ਬ੍ਰਹਮਗਿਆਨੀਆਂ ਤੋਂ ਮਿਲਦਾ ਹੈ, ਗੁਰੂਆਂ ਤੋਂ ਮਿਲਦਾ ਹੈ। ਉਹ ਅੰਮ੍ਰਿਤ ਹੈ ਬ੍ਰਹਮਗਿਆਨ ਅੰਮ੍ਰਿਤ। ਜਦੋਂ ਪ੍ਰਮੇਸ਼ਰ ਇਕ ਦ੍ਰਿਸ਼ਟੀ ਦੇ ਨਾਲ ਨਜ਼ਰ ਆਉਣਾ ਸ਼ੁਰੂ ਹੋ ਜਾਂਦਾ ਹੈ। ਉਹ ਇਥੇ ਹੈ-

*ਧਾਵਤੁ ਥੰਮਿਆ ਸਤਿਗੁਰਿ ਮਿਲਿਐ*
*ਦਸਵਾ ਦੁਆਰੁ ਪਾਇਆ॥*
*ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ*
*ਜਿਤੁ ਸਬਦਿ ਜਗਤੁ ਥੰਮਿ ਰਹਾਇਆ॥ ਅੰਗ - 441*

ਨਿਸ਼ਾਨੀ ਕੀ?

*ਤਹ ਅਨੇਕ ਵਾਜੇ ਸਦਾ ਅਨਦੁ ਹੈ*
*ਸਚੇ ਰਹਿਆ ਸਮਾਏ॥*
*ਇਉ ਕਹੈ ਨਾਨਕ ਸਤਿਗੁਰਿ ਮਿਲਿਐ*
*ਧਾਵਤੁ ਥੰਮਿਆ ਨਿਜ ਘਰਿ ਵਸਿਆ ਆਏ॥*
*ਅੰਗ - 441*

ਅਨੇਕ ਕਿਸਮ ਦੇ ਅਨਹਦ ਵਾਜੇ ਉਥੇ ਵਜਦੇ ਨੇ। ਹਰ ਵਕਤ ਵਾਹਿਗੁਰੂ ਦੇ ਵਿਚ ਲੀਨ ਰਹਿੰਦਾ ਹੈ।

ਛੁਟਕਾਰਾ ਹੋ ਗਿਆ, ਆਪਣੇ ਘਰ ਵਿਚ ਵਾਸਾ ਪਾ ਲੈਂਦਾ ਹੈ।

*ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ॥*
*ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥*
*ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ॥*
*ਅੰਗ - 1414*

ਸੋ ਇਹ ਅਵਸਥਾ ਗੁਰਸਿੱਖ ਦੀ ਹੁੰਦੀ ਹੈ, ਜਿਥੇ ਗੁਰੂ ਤੇ ਸਿੱਖ ਅਭੇਦ ਹੋ ਜਾਂਦੇ ਨੇ। ਆਪਸ ਵਿਚ ਮਿਲ ਜਾਂਦੇ ਨੇ, ਦੋ ਨਹੀਂ ਰਹਿੰਦੇ। ਇਕੋ ਹੀ ਦ੍ਰਿਸ਼ਟੀ ਆਉਂਦਾ ਹੈ। ਸੋ ਇਸ ਦੀ ਐਡੀ ਅਵਸਥਾ ਹੋਣ ਤੇ ਗੁਰੂ ਮਹਾਰਾਜ ਨੇ ਕਿਹਾ ਭਾਈ ਬੋਹੜੂ ਬੰਦਗੀ ਕਰੀ, ਤੇਰੇ ਪਾਪ ਸਾਰੇ ਕੱਟ ਗਏ, ਨਾਮ ਦੀ ਤੈਨੂੰ ਸੋਝੀ ਪੈ ਗਈ, ਹੁਣ ਤੂੰ ਜਨਮ ਦਾ ਲਾਹਾ ਪੂਰੀ ਤਰ੍ਹਾਂ ਖੱਟ ਗਿਆ ਪਿਆਰਿਆ, ਤੇਰੀ ਸੇਵਾ ਥਾਇ ਪਈ, ਹੁਣ ਤੂੰ ਘਰ ਜਾ, ਉਥੇ ਆਪ ਵੀ ਨਾਮ ਜਪ ਤੇ ਸੰਸਾਰ ਨੂੰ ਵੀ ਨਾਮ ਜਪਾ ਕਿਉਂਕਿ ਸਤਿਗੁਰਾਂ ਨੇ ਇਹ ਗੱਲ ਕਹੀ ਕਿ -

*ਜਨ ਨਾਨਕ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ਅੰਗ - 306*

ਸੋ ਇਸ ਤਰ੍ਹਾਂ ਦੇ ਨਾਲ ਆਪ ਨੇ ਭਾਦੋਂ ਦਾ ਮਹਾਤਮ ਸੁਣਿਆ ਹੈ।

(ਇਥੋਂ ਕੱਟ ਕੇ ਭੇਜੋ ਜੀ)

**MEMBERSHIP FORM** ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

ਆਤਮ ਮਾਰਗ
Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 220/- | 2020/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

ਨਾਮ/Name ..........................................

ਪਤਾ/Address ..........................................

..........................................

..........................................

.......................................... Pin Code ..........................

Phone .......................... E-mail : ..........................

ਮੈਂ........................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.........................ਮਿਤੀ........................ਰਾਹੀਂ ਭੇਜ ਰਿਹਾ ਹਾਂ।

ਦਸਖਤ..............................

**ATAM MARG MONTHLY MAGAZINE**
Gurdwara Ratwara Sahib, P.o. Mullanpur Garibdas, Distt. Ropar (Pb.) Pin - 140901
Phone : 0160-2255002, Fax : 0160-2255009, Email : atammarg@glide.net.in, www.ratwarasahib.org

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 07, 14, 21, 28 ਅਗਸਤ।

**ਸੰਗਰਾਂਦ -** 16 ਅਗਸਤ, ਦਿਨ ਮੰਗਲਵਾਰ।

**ਪੂਰਨਮਾਸ਼ੀ -** 19 ਅਗਸਤ, ਦਿਨ ਸ਼ੁਕਰਵਾਰ

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** – ਮਹੀਨੇ ਦੇ ਆਖਰੀ ਸ਼ਨਿੱਚਰਵਾਰ 27 ਅਗਸਤ 2005, ਸਮਾਂ ਦਿਨ ਦੇ – 11.00 ਵਜੇ ਤੋਂ 1.00 ਵਜੇ ਤੱਕ

## ਸੂਚਨਾ

ਸੰਤ ਮਹਾਰਾਜ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ' ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਦੀ ਕਾਰ ਸੇਵਾ ਚਲ ਰਹੀ ਹੈ। ਜਿਨ੍ਹਾਂ ਵੀ ਪ੍ਰੇਮੀਆਂ ਨੇ ਹਸਪਤਾਲ ਵਾਸਤੇ ਮਾਇਆ ਭੇਜਣੀ ਹੋਵੇ ਉਹ ਹਸਪਤਾਲ ਅਕਾਊਂਟ ਨੰਬਰ SB-18177 A/C ਵਿਚ ਚੈਕ, ਮਨੀਆਰਡਰ, ਡਰਾਫਟ ਆਦਿ ਰਾਹੀਂ ਮਾਇਆ ਭੇਜਣ ਦੀ ਕ੍ਰਿਪਾਲਤਾ ਕਰਨ –

**Postal Address**

**Vishav Gurmat Roohani Mission Charitable Trust, (Hospital A/c)**

**Gurdwara Ishar Parkash**

Ratwara Sahib

P.O. Mullanpur Garibdass

Teh. Kharar, Via : Chandigarh.

Distt. Ropar (Pb)-140901

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

### ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਿਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ। ਜੋ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਉਪਲਬਧ ਹਨ।

| | | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ - ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ - ਭਾਗ ਪਹਿਲਾ | 30/- | 35/- |
| 5. | ਕਿਵ ਸਚਿਆਰਾ ਹੋਈਐ - ਭਾਗ ਦੂਜਾ | 60/- | 65/- |
| 6. | ਕਿਵ ਸਚਿਆਰਾ ਹੋਈਐ - ਭਾਗ ਤੀਜਾ | 80/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 16. | ਗੁਰਮਤਿ ਪ੍ਰਚਾਰ ਦਾ ਸਰੋਤ-ਰਤਵਾੜਾ ਸਾਹਿਬ | 5/- | 5/- |
| 17. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |

| | **English Version** | **Price** |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| C. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |